# PUNJAB VIDHAN SABHA

## DEBATES

*Friday, the 20th March, 2015*

***Vol. X– No. 6***

OFFICIAL REPORT

CONTENTS


| | PAGE |
|---|---|
| Postponed Starred Question | (6) 1 |
| Starred Questions and Answers | (6) 2 |
| Walk out | (6) 25 |
| Starred Questions and Answers *(Resumption)* | (6) 26 |
| Written Answers to Starred Questions laid on the Table of the House under Rule 38 | (6) 41 |
| Unstarred Questions and Answers | (6) 50 |
| Matters raised during Zero hour and Statement by the Chief Minister and Ministers thereon | (6) 62 |
| Observation by the Chair | (6) 65 |
| Matters raised during Zero hour and Statements by the Deputy Chief Minister and the Minister thereon *(Resumption)* | (6) 66 |
| Calling Attention Notices under rule 66 | (6) 79 |
| Papers to be laid on the Table of the House | (6) 84 |
| Presentation of Reports of the Committees | (6) 85 |



**Punjab Vidhan Sabha Secretariat, Chandigarh**

Price : Rs._________.

**Financial Business** (6) 88

(1) (i) Presentation of the Excess Demands over Grants and Appropriations for the years 2007-08, 2008-09, 2009-10 and 2010-11 (6) 88

(ii) Discussion and Voting on the Excess Demands over Grants and Appropriations for the years 2007-08, 2008-09, 2009-10 and 2010-11 (6) 89

(iii) The Punjab Appropriation Bill, 2015 (6) 97

(2) (i) Presentation of Supplementary Demands for Grants for Expenditure of the Government of Punjab for the year 2014-15 (6) 99

(ii) Presentation of the Report of the Committee on Estimates on the Supplementary Demands for Grants for Expenditure of the Government of Punjab for the year 2014-15 (6) 100

(iii) Supplementary Demands for Grants for Expenditure 6) 100

of the Government of Punjab for the year 2014-15

(1) Discussion on the Estimates of the Expenditure Charged on the Revenue of the State 6) 100

(2) Voting on the Demands for Supplementary Grants (6) 100

(iv) The Punjab Appropriation (No.2) Bill, 2015 (6) 112

General Discussion on the Budget Estimates for the year 2015-16 (6) 114

Appendix (6) i-ii

ਪੰਜਾਬ ਮੰਤਰੀ ਮੰਡਲ ਦੀ ਸੂਚੀ

## ਕੈਬਨਿਟ ਮੰਤਰੀ

| ਕ੍ਰਮ ਨੰ: | ਨਾਮ | ਮਹਿਕਮਾ/ਮਹਿਕਮੇ |
|---|---|---|
| 1) | ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ | ਆਮ ਪ੍ਰਸਾਸ਼ਨ,ਸਹਿਕਾਰਤਾ, ਸਾਇੰਸ ਤਕਨਾਲੋਜੀ, ਵਾਤਾਵਰਨ, ਵਿਜੀਲੈਂਸ ਅਤੇ ਸ਼ਹਿਰੀ ਹਵਾਬਾਜ਼ੀ |
| 2) | ਸਰਦਾਰ ਸੁਖਬੀਰ ਸਿੰਘ ਬਾਦਲ, ਉਪ ਮੁੱਖ ਮੰਤਰੀ | ਗ੍ਰਹਿ ਮਾਮਲੇ, ਪ੍ਰਸ਼ਾਸਕੀ ਸੁਧਾਰ, ਹਾਊਸਿੰਗ, ਕਰ ਤੇ ਆਬਕਾਰੀ, ਖੇਡਾਂ ਤੇ ਯੁਵਕ ਸੇਵਾਵਾਂ, ਪੂੰਜੀ ਨਿਵੇਸ਼ ਅਤੇ ਬਿਜਲੀ |
| 3) | ਸ਼੍ਰੀ ਚੂਨੀ ਲਾਲ ਭਗਤ | ਜੰਗਲਾਤ, ਜੰਗਲੀ ਜੀਵ ਅਤੇ ਕਿਰਤ ਮੰਤਰੀ |
| 4) | ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ | ਖੁਰਾਕ ਤੇ ਸਿਵਲ ਸਪਲਾਈ, ਸੂਚਨਾ ਤਕਨਾਲੋਜੀ ਮੰਤਰੀ |
| 5) | ਸਰਦਾਰ ਅਜੀਤ ਸਿੰਘ ਕੋਹਾੜ | ਟਰਾਂਸਪੋਰਟ, ਕਾਨੂੰਨੀ ਤੇ ਵਿਧਾਨਕ ਮਾਮਲੇ ਤੇ ਚੋਣਾਂ ਅਤੇ ਰੋਜ਼ਗਾਰ ਪੈਦਾਕਰਨ ਮੰਤਰੀ |
| 6) | ਸਰਦਾਰ ਗੁਲਜਾਰ ਸਿੰਘ ਰਣੀਕੇ | ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ |
| 7) | ਸ਼੍ਰੀ ਮਦਨ ਮੋਹਨ ਮਿੱਤਲ | ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ |
| 8) | ਸਰਦਾਰ ਪਰਮਿੰਦਰ ਸਿੰਘ ਢੀਂਡਸਾ | ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ |

| | | |
|---|---|---|
| 9) | ਸਰਦਾਰ ਜਨਮੇਜਾ ਸਿੰਘ ਸੇਖੋਂ | ਲੋਕ ਨਿਰਮਾਣ (ਭ ਤੇ ਮ) ਮੰਤਰੀ, ਸੈਨਿਕ ਸੇਵਾਵਾਂ ਭਲਾਈ, ਸ਼ਿਕਾਇਤ ਨਿਵਾਰਣ, ਪੈਨਸ਼ਨਰਾਂ ਦੀ ਭਲਾਈ ਮੰਤਰੀ |
| 10) | ਸ਼੍ਰੀ ਸੁਰਜੀਤ ਕੁਮਾਰ ਜਿਆਨੀ | ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ |
| 11) | ਸਰਦਾਰ ਤੋਤਾ ਸਿੰਘ | ਖੇਤੀਬਾੜੀ ਅਤੇ ਐਨ.ਆਰ.ਆਈ. ਮਾਮਲੇ ਮੰਤਰੀ |
| 12) | ਸਰਦਾਰ ਬਿਕਰਮ ਸਿੰਘ ਮਜੀਠੀਆ | ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ |
| 13) | ਸਰਦਾਰ ਸਿਕੰਦਰ ਸਿੰਘ ਮਲੂਕਾ | ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ |
| 14) | ਸ਼੍ਰੀ ਅਨਿਲ ਜੋਸ਼ੀ | ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ |
| 15) | ਸਰਦਾਰ ਸੁਰਜੀਤ ਸਿੰਘ ਰੱਖੜਾ | ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ ਅਤੇ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ |
| 16) | ਸਰਦਾਰ ਸ਼ਰਨਜੀਤ ਸਿੰਘ ਢਿੱਲੋਂ | ਸਿੰਜਾਈ ਮੰਤਰੀ |
| 17) | ਸਰਦਾਰ ਸੋਹਣ ਸਿੰਘ ਠੰਡਲ | ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ |
| 18) | ਡਾਕਟਰ ਦਲਜੀਤ ਸਿੰਘ ਚੀਮਾ | ਸਿੱਖਿਆ ਮੰਤਰੀ |

-----

## ਮੁੱਖ ਸੰਸਦੀ ਸਕੱਤਰ

| ਕ੍ਰਮ ਨੰ: | ਨਾਮ | ਮਹਿਕਮਾ/ਮਹਿਕਮੇ |
|---|---|---|
| 1) | ਚੌਧਰੀ ਨੰਦ ਲਾਲ | ਵਣ ਤੇ ਜੰਗਲਾਤ, ਜੰਗਲੀ ਜੀਵ ਅਤੇ ਕਿਰਤ |
| 2) | ਸਰਦਾਰ ਬਲਬੀਰ ਸਿੰਘ ਘੁੰਨਸ | ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ |
| 3) | ਸ਼੍ਰੀ ਦੇਸ ਰਾਜ ਧੁੱਗਾ | ਪਸ਼ੂ ਪਾਲਣ,ਮੱਛੀ ਪਾਲਣ ਅਤੇ ਡੇਅਰੀ ਵਿਕਾਸ |
| 4) | ਸਰਦਾਰ ਹਰਮੀਤ ਸਿੰਘ ਸੰਧੂ | ਲੋਕ ਨਿਰਮਾਣ (ਭ ਤੇ ਮ) |
| 5) | ਸਰਦਾਰ ਮਨਤਾਰ ਸਿੰਘ ਬਰਾੜ | ਪੇਂਡੂ ਵਿਕਾਸ ਅਤੇ ਪੰਚਾਇਤਾਂ |
| 6) | ਸ਼੍ਰੀਮਤੀ ਮਹਿੰਦਰ ਕੌਰ ਜੋਸ਼ | ਸਿੰਚਾਈ |
| 7) | ਸ਼੍ਰੀ ਅਵਿਨਾਸ਼ ਚੰਦਰ | ਉਚੇਰੀ ਸਿੱਖਿਆ |
| 8) | ਸ਼੍ਰੀ ਕੇ.ਡੀ.ਭੰਡਾਰੀ | ਸਹਿਕਾਰਤਾ |
| 9) | ਸਰਦਾਰ ਇੰਦਰਬੀਰ ਸਿੰਘ ਬੁਲਾਰੀਆ | ਸਿੱਖਿਆ |
| 10) | ਸਰਦਾਰ ਅਮਰਪਾਲ ਸਿੰਘ ਅਜਨਾਲਾ | ਤਕਨੀਕੀ ਸਿੱਖਿਆ ਅਤੇ ਸਨਅਤੀ ਸੰਸਥਾਵਾਂ |
| 11) | ਸਰਦਾਰ ਗੁਰਬਚਨ ਸਿੰਘ ਬੱਬੇਹਾਲੀ | ਖੇਤੀਬਾੜੀ |
| 12) | ਸਰਦਾਰ ਵਿਰਸਾ ਸਿੰਘ ਵਲਟੋਹਾ | ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ , ਸੁਰੱਖਿਆ ਸੇਵਾਵਾਂ ਭਲਾਈ |
| 13) | ਸ਼੍ਰੀ ਐਨ.ਕੇ.ਸ਼ਰਮਾ | ਉਦਯੋਗ ਅਤੇ ਵਣਜ |
| 14) | ਸ਼੍ਰੀਮਤੀ ਐਫ. ਨਿਸਾਰਾ ਖਾਤੂਨ (ਫਰਜ਼ਾਨਾ ਆਲਮ) | ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ |

| | |
|---|---|
| 15) ਡਾਕਟਰ ਨਵਜੋਤ ਕੌਰ ਸਿੱਧੂ | ਸਿਹਤ ਅਤੇ ਪਰਿਵਾਰ ਭਲਾਈ |
| 16) ਸ਼੍ਰੀ ਪ੍ਰਕਾਸ਼ ਚੰਦ ਗਰਗ | ਖੁਰਾਕ ਅਤੇ ਸਿਵਲ ਸਪਲਾਈ |
| 17) ਸ਼੍ਰੀ ਪਵਨ ਕੁਮਾਰ ਟੀਨੂੰ | ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ.,ਬੀ.ਸੀ. ਦੀ ਭਲਾਈ |
| 18) ਸ਼੍ਰੀ ਸਰੂਪ ਚੰਦ ਸਿੰਗਲਾ | ਆਬਕਾਰੀ ਅਤੇ ਕਰ |
| 19) ਸ਼੍ਰੀ ਸੋਮ ਪ੍ਰਕਾਸ਼ | ਸਥਾਨਕ ਸਰਕਾਰ |

-----

## PUNJAB VIDHAN SABHA

Friday, the 20th March, 2015

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 10.00 A.M. Mr. Speaker (Doctor Charnjit Singh Atwal) in the Chair.*

________

## POSTPONED STARRED QUESTION

### ਮੁਲਤਵੀ ਕੀਤਾ ਗਿਆ ਨਿਸ਼ਾਨ ਵਾਲਾ ਪ੍ਰਸ਼ਨ ਨੰ: 1799**

**ਮਾਨਯੋਗ ਸਪੀਕਰ :** ਪਹਿਲਾਂ ਮੁਲਤਵੀ ਕੀਤਾ ਗਿਆ ਸਵਾਲ ਲਿਆ ਜਾਵੇਗਾ। Question no. 1799, extension granted.

**ਸ਼੍ਰੀਮਤੀ ਅਰੁਨਾ ਚੌਧਰੀ :** ਸਪੀਕਰ ਸਾਹਿਬ, ਇਸ ਸਵਾਲ ਦੀ ਐਕਸਟੈਂਸ਼ਨ ਤਾਂ ਪਹਿਲਾਂ ਵੀ ਹੋਈ ਹੈ, ਅੱਜ ਫਿਰ ਐਕਸਟੈਂਸ਼ਨ ਦੇ ਰਹੇ ਹੋ। ਮੈਨੂੰ ਲੱਗਦਾ ਸੀ ਕਿ ਅੱਜ ਇਸ ਸਵਾਲ ਦਾ ਜਵਾਬ ਪਹਿਲੇ ਨੰਬਰ ਤੇ ਲੱਗ ਜਾਵੇਗਾ।

**ਮਾਨਯੋਗ ਸਪੀਕਰ :** ਹਾਂ ਬੇਟੇ।

**ਸ਼੍ਰੀਮਤੀ ਅਰੁਨਾ ਚੌਧਰੀ :** ਮੈਨੂੰ ਲਗਦਾ ਸੀ ਕਿ ਅੱਜ ਇਸ ਦਾ ਜਵਾਬ ਪਹਿਲੇ ਨੰਬਰ ਤੇ ਲੱਗ ਜਾਵੇਗਾ।

**ਮਾਨਯੋਗ ਸਪੀਕਰ :** ਨੈਕਸਟ ਕੁਐਸਚਨ, ਸਰਦਾਰ ਮਹੇਸ਼ਇੰਦਰ ਸਿੰਘ ।

**Shri Sunil Jakhar :** Speaker Sahib, rather than extending the question. ਜੇਕਰ ਸੈਸ਼ਨ ਐਕਸਟੈਂਡ ਕਰ ਦੇਈਏ।

**ਮਾਨਯੋਗ ਸਪੀਕਰ :** ਅਰੁਨਾ ਚੌਧਰੀ ਜੀ, ਤੁਹਾਡਾ ਕੁਐਸਚਨ 25 ਤਰੀਕ ਨੂੰ ਲੱਗਣਾ ਹੈ। ਹਾਂ ਜੀ, ਸਰਦਾਰ ਮਹੇਸ਼ਇੰਦਰ ਸਿੰਘ ।

___

**For Starred Question No. 1799 and reply thereto, please see Debates dated 25.3.2015

## STARRED QUESTIONS AND ANSWERS

### ਸਰਕਾਰੀ ਡਿਗਰੀ ਕਾਲਜ ਰੋਡੇ ਦੀਆਂ ਸੀਟਾਂ ਵਧਾਉਣਾ

***1924. ਸਰਦਾਰ ਮਹੇਸ਼ਇੰਦਰ ਸਿੰਘ :** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਕੀ ਇਹ ਠੀਕ ਹੈ ਕਿ ਸ਼੍ਰੀ ਗੁਰੂ ਤੇਗ ਬਹਾਦਰ ਸਰਕਾਰੀ ਡਿਗਰੀ ਕਾਲਜ, ਰੋਡੇ (ਫਿਰੋਜ਼ਪੁਰ) ਵਿੱਚ ਵੱਖ ਵੱਖ ਵਿਸ਼ਿਆਂ ਦੀਆਂ ਦਾਖਲੇ ਲਈ ਸੀਟਾਂ ਘੱਟ ਹੋਣ ਕਰਕੇ ਇਲਾਕੇ ਦੇ ਸਾਰੇ ਵਿਦਿਆਰਥੀਆਂ ਨੂੰ ਦਾਖਲਾ ਨਹੀਂ ਮਿਲਦਾ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਦੀ ਇਨ੍ਹਾਂ ਸੀਟਾਂ ਨੂੰ ਵਧਾਉਣ ਦੀ ਕੋਈ ਤਜਵੀਜ਼ ਹੈ;

(ਅ) ਕੀ ਭਾਗ (ੳ) ਵਿੱਚ ਵਰਣਿਤ ਕਾਲਜ ਦੀ ਬਿਲਡਿੰਗ ਦੀ ਰਿਪੇਅਰ ਕਰਨ ਜਾਂ ਇਸ ਵਿੱਚ ਵਿਦਿਆਰਥੀਆਂ ਦੀ ਗਿਣਤੀ ਦੇ ਮੱਦੇਨਜ਼ਰ ਵਾਧਾ ਕਰਨ ਲਈ ਸਰਕਾਰ ਦੀ ਕੋਈ ਤਜਵੀਜ਼ ਹੈ?

**ਸਰਦਾਰ ਸੁਰਜੀਤ ਸਿੰਘ ਰੱਖੜਾ :** (ੳ) ਨਹੀਂ, ਸ਼੍ਰੀਮਾਨ ਜੀ। ਉਹ ਸਾਰੇ ਵਿਦਿਆਰਥੀ ਜਿਹੜੇ ਯੂਨੀਵਰਸਿਟੀ ਦੀਆਂ ਯੋਗਤਾਵਾਂ ਪੂਰੀਆਂ ਕਰਦੇ ਹਨ, ਨੂੰ ਕਾਲਜ ਵਿੱਚ ਦਾਖਲ ਕੀਤਾ ਜਾਂਦਾ ਹੈ। ਇਸ ਵੇਲੇ ਕਾਲਜ ਵਿੱਚ ਨਿਰਧਾਰਿਤ ਸੀਟਾਂ ਤੋਂ ਵੱਧ ਵਿਦਿਆਰਥੀ ਪੜ੍ਹ ਰਹੇ ਹਨ।

(ਅ) ਹਾਂ, ਸ਼੍ਰੀਮਾਨ ਜੀ। ਪੰਜਾਬ ਸਰਕਾਰ ਦੀ ਗਰਾਂਟ ਨਾਲ ਪੀ.ਡਬਲਯੂ.ਡੀ. (ਬੀ.ਐਂਡ.ਆਰ) ਰਾਹੀਂ ਬਿਲਡਿੰਗ ਦੀ ਰਿਪੇਅਰ ਦਾ ਕੰਮ ਕੀਤਾ ਜਾ ਰਿਹਾ ਹੈ ਅਤੇ ਭਵਿੱਖ ਵਿੱਚ ਕਮਰਿਆਂ ਦੀ ਉਸਾਰੀ ਵੀ ਕਰਵਾਈ ਜਾਵੇਗੀ।

**ਸਰਦਾਰ ਮਹੇਸ਼ਇੰਦਰ ਸਿੰਘ :** ਸਪਲੀਮੈਂਟਰੀ, ਸਪੀਕਰ ਸਾਹਿਬ। ਮੈਂ ਤੁਹਾਡੇ ਰਾਹੀਂ ਥੋੜ੍ਹਾ ਜਿਹਾ ਵੇਰਵਾ ਦੇ ਕੇ ਫੇਰ ਇਨ੍ਹਾਂ ਨੂੰ ਸਵਾਲ ਪੁੱਛਣਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ :** ਵੇਰਵਾ ਨਹੀਂ ਦੇਣਾ, ਆਪਾਂ ਸਿਰਫ਼ ਸਪਲੀਮੈਂਟਰੀ ਪੁੱਛਣੀ ਹੈ।

**ਸਰਦਾਰ ਮਹੇਸ਼ਇੰਦਰ ਸਿੰਘ :** ਠੀਕ ਹੈ, ਸਪੀਕਰ ਸਾਹਿਬ, as you

like. ਮੋਗਾ ਡਿਸਟ੍ਰਿਕਟ ਵਿੱਚ ਇਕੋ ਸਰਕਾਰੀ ਡਿਗਰੀ ਕਾਲਜ ਹੈ, ਜਿਹੜਾ ਕਿ ਰੋਡੇ ਵਿਖੇ ਹੈ। ਇਕੱਲੀ ਮੇਰੀ ਕਾਂਸਟੀਚਿਊਐਂਸੀ ਦੀ 2 ਲੱਖ 40 ਹਜ਼ਾਰ ਦੀ ਅਬਾਦੀ ਹੈ ਪਰੰਤੂ ਕਾਲਜ ਵਿੱਚ ਸੀਟਾਂ ਸਿਰਫ਼ 160 ਹਨ। ਇਸ ਕਾਲਜ ਵਿੱਚ ਸਿਰਫ਼ ਬੀ.ਏ. ਦੀਆਂ ਕਲਾਸਾਂ ਪੜ੍ਹਾਈਆਂ ਜਾਂਦੀਆਂ ਹਨ। ਸਾਲ 1959 ਵਿੱਚ ਇਹ ਕਾਲਜ ਬਣਿਆ ਸੀ, ਮੇਰੇ ਪਿਤਾ ਜੀ ਨੇ ਇਸ ਹਲਕੇ ਦੀ ਦੋ ਵਾਰ ਨੁਮਾਇੰਦਗੀ ਕੀਤੀ ਹੈ ਅਤੇ ਉਨ੍ਹਾਂ ਦੀ ਕੋਸ਼ਿਸ਼ ਨਾਲ ਸਾਲ 1977 ਵਿੱਚ ਇਸ ਕਾਲਜ ਨੂੰ ਸਰਕਾਰ ਨੇ ਟੇਕ-ਓਵਰ ਕਰ ਲਿਆ ਸੀ ਪਰੰਤੂ ਉਦੋਂ ਤੋਂ ਲੈ ਕੇ ਹੁਣ ਤੱਕ 160 ਬੱਚਿਆਂ ਦੇ ਬੈਠਣ ਲਈ ਪੂਰਾ ਇੰਫ੍ਰਾਸਟ੍ਰਕਚਰ ਨਹੀਂ ਹੈ। ਮੇਰੀ ਵਜ਼ੀਰ ਸਾਹਿਬ ਨੂੰ ਇਹ ਗੁਜਾਰਿਸ਼ ਹੈ ਕਿ ਕੀ ਸਾਨੂੰ ਇਸ ਕਾਲਜ ਦੀ ਬਿਲਡਿੰਗ ਬਣਾਉਣ ਵਾਸਤੇ ਫੰਡ ਦਿਓਗੇ? ਇਸ ਦੇ ਨਾਲ ਹੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਯੂਨੀਵਰਸਿਟੀ...

**ਮਾਨਯੋਗ ਸਪੀਕਰ :** ਇਕ ਵਾਰ ਵਿੱਚ ਇਕ ਸਪਲੀਮੈਂਟਰੀ ਕਰ ਸਕਦੇ ਹੋ।

**ਸਰਦਾਰ ਮਹੇਸ਼ਇੰਦਰ ਸਿੰਘ :** ਸਪੀਕਰ ਸਾਹਿਬ, ਉਥੇ ਨਵੇਂ ਕੋਰਸ ਸ਼ੁਰੂ ਕਰਵਾਉਣੇ ਚਾਹੀਦੇ ਹਨ, ਇਕੱਲਾ ਆਰਟਸ ਪੜ੍ਹ ਕੇ ਜੁਆਕ ਵੈਲੀ ਹੀ ਬਣਨਗੇ। ਉਥੇ ਐਮ.ਸੀ.ਏ., ਬੀ.ਸੀ.ਏ. ਦੇ ਕੋਰਸ ਸ਼ੁਰੂ ਕਰਵਾਏ ਜਾਣ। ਇਸ ਨਾਲ ਹੀ ਕੋ-ਰਿਲੇਟਿਡ ਸਵਾਲ ਹੈ ਕਿ ਪੰਜਾਬ ਯੂਨੀਵਰਸਿਟੀ ਨੇ ਲਾਇਬ੍ਰੇਰੀ ਸਟੱਡੀਜ਼ ਸ਼ੁਰੂ ਕਰਵਾਈਆਂ ਹਨ। ਐਗਰੀਕਲਚਰ ਡਿਪਾਰਟਮੈਂਟ ਵਿੱਚ ਡੇਅਰੀ ਡਿਵੈਲਪਮੈਂਟ ਦੇ ਕੋਰਸਿਜ਼ ਸ਼ੁਰੂ ਹੋ ਗਏ ਹਨ, ਡਿਪਲੋਮੇ ਸ਼ੁਰੂ ਹੋ ਗਏ ਹਨ। ਸੋ, ਮੇਰੀ ਮੰਤਰੀ ਜੀ ਨੂੰ ਗੁਜਾਰਿਸ਼ ਹੈ ਕਿ ਕੀ ਇਸ ਕਾਲਜ ਦਾ ਇੰਫ੍ਰਾਸਟ੍ਰਕਚਰ ਠੀਕ ਕਰਨ ਲਈ ਫੰਡਜ਼ ਦੇ ਰਹੇ ਹੋ ਅਤੇ ਕੀ ਨਵੇਂ ਕੋਰਸ ਸ਼ੁਰੂ ਕਰ ਰਹੇ ਹਨ?

**ਮੰਤਰੀ :** ਸਪੀਕਰ ਸਾਹਿਬ, ਸ਼੍ਰੀ ਗੁਰੂ ਤੇਗ ਬਹਾਦਰ ਸਰਕਾਰੀ ਡਿਗਰੀ ਕਾਲਜ, ਰੋਡੇ ਵਿੱਚ ਉਹ ਸਾਰੇ ਵਿਦਿਆਰਥੀ ਜਿਹੜੇ ਯੂਨੀਵਰਸਿਟੀ ਦੀਆਂ ਯੋਗਤਾਵਾਂ ਪੂਰੀਆਂ ਕਰਦੇ ਹਨ, ਨੂੰ ਕਾਲਜ ਵਿੱਚ ਦਾਖਲ ਕੀਤਾ ਜਾਂਦਾ ਹੈ। ਯੂਨੀਵਰਸਿਟੀ ਨਿਯਮਾਂ ਅਨੁਸਾਰ ਬੀ.ਏ.- I ਵਿੱਚ 160, ਬੀ.ਏ.- II ਵਿੱਚ 180 ਅਤੇ ਬੀ.ਏ.- III ਵਿੱਚ 80 ਵਿਦਿਆਰਥੀ ਦਾਖਲ ਕੀਤੇ ਜਾ ਸਕਦੇ ਹਨ। ਇਸ ਕਾਲਜ ਵੱਲੋਂ ਸੈਸ਼ਨ 2014-15 ਲਈ ਬੀ.ਏ.- I ਵਿੱਚ 217,

[ ਉਚੇਰੀ ਸਿੱਖਿਆ ਮੰਤਰੀ ]

ਬੀ.ਏ.- II ਵਿੱਚ 112 ਅਤੇ ਬੀ.ਏ.- III ਵਿੱਚ 77 ਵਿਦਿਆਰਥੀ ਦਾਖਲ ਕੀਤੇ ਗਏ ਹਨ। ਕਾਲਜ ਦੀ ਇਮਾਰਤ ਦੀ ਰਿਪੇਅਰ ਦਾ ਕੰਮ ਪੰਜਾਬ ਸਰਕਾਰ ਵੱਲੋਂ 26.13 ਲੱਖ ਰੁਪਏ ਦੀ ਗ੍ਰਾਂਟ ਨਾਲ ਪੀ.ਡਬਲਿਊ.ਡੀ. (ਬੀ. ਐਂਡ. ਆਰ.) ਤੋਂ ਕਰਵਾਇਆ ਜਾ ਰਿਹਾ ਹੈ। ਇਹ ਕੰਮ ਲਗਭਗ 84% ਪੂਰਾ ਹੋ ਚੁੱਕਾ ਹੈ। RUSA ਅਧੀਨ ਇਸ ਕਾਲਜ ਨੂੰ ਦੋ ਕਰੋੜ ਰੁਪਏ ਦੀ ਗ੍ਰਾਂਟ ਦਿੱਤੀ ਜਾਣੀ ਹੈ ਅਤੇ ਮੈਂਬਰ ਸਾਹਿਬ ਨੇ ਵੀ ਦੋ ਕਰੋੜ ਰੁਪਏ ਦੀ ਗ੍ਰਾਂਟ ਹੀ ਮੰਗੀ ਹੈ ਜੋ ਕਿ ਮਨਜ਼ੂਰ ਕਰ ਦਿੱਤੀ ਗਈ ਹੈ। ਇਸ ਗ੍ਰਾਂਟ ਵਿਚੋਂ ਕਾਲਜ ਵਿੱਚ 70 ਲੱਖ ਰੁਪਏ ਦੀ ਲਾਗਤ ਨਾਲ ਕਲਾਸ ਰੂਮ, ਲੈਬਾਰਟਰੀ ਅਤੇ ਟਾਇਲਟਸ ਬਣਾਏ ਜਾਣੇ ਹਨ। 70 ਲੱਖ ਰੁਪਏ ਨਾਲ ਬਿਲਡਿੰਗ ਅੱਪਗ੍ਰੇਡ ਕਰਵਾਈ ਜਾਣੀ ਹੈ। 60 ਲੱਖ ਰੁਪਏ ਕੰਪਿਊਟਰ, ਕਿਤਾਬਾਂ ਤੇ ਖਰਚ ਕੀਤੇ ਜਾਣੇ ਹਨ। ਇਸ ਕਾਲਜ ਨੂੰ ਸੈਂਕਸ਼ਨ ਹੋਈ 2 ਕਰੋੜ ਰੁਪਏ ਦੀ ਰਾਸ਼ੀ ਵਿਚੋਂ 28 ਲੱਖ 31 ਹਜ਼ਾਰ ਰੁਪਏ ਦੀ ਰਾਸ਼ੀ ਜਾਰੀ ਕੀਤੀ ਜਾ ਚੁੱਕੀ ਹੈ। ਜਿਥੋਂ ਤੱਕ ਇਨ੍ਹਾਂ ਨੇ ਕੋਰਸਾਂ ਦੀ ਗੱਲ ਕੀਤੀ ਹੈ, ਪਹਿਲਾਂ ਜਿਹੜੇ ਕੋਰਸ ਚੱਲ ਰਹੇ ਸੀ, ਉਨ੍ਹਾਂ ਵਿੱਚ ਨਾਨ ਮੈਡੀਕਲ, ਬੀ.ਏ., ਬੀ.ਐਸ.ਸੀ. ਦੀਆਂ ਕਲਾਸਾਂ ਚਲਦੀਆਂ ਸਨ ਪਰੰਤੂ ਸਾਲ 2004-05 ਵਿੱਚ ਬੱਚੇ ਨਾ ਹੋਣ ਕਰਕੇ ਇਹ ਕੋਰਸ ਜਗਰਾਉਂ ਸ਼ਿਫ਼ਟ ਕਰ ਦਿੱਤੇ ਸੀ। ਹੁਣ ਇਸ ਕਾਲਜ ਵਿੱਚ ਪੀ.ਜੀ.ਡੀ.ਸੀ.ਏ. ਅਤੇ ਵੈਬ ਡਿਜ਼ਾਇਨਿੰਗ ਦਾ ਕੋਰਸ ਚਲਾਉਣ ਦੀ ਤਜਵੀਜ਼ ਹੈ।

**ਸਰਦਾਰ ਮਹੇਸ਼ਇੰਦਰ ਸਿੰਘ :** ਧੰਨਵਾਦ ਜੀ।

----

## ਨਿਸ਼ਾਨ ਵਾਲਾ ਪ੍ਰਸ਼ਨ ਨੰ: 1919*

**ਮਾਨਯੋਗ ਸਪੀਕਰ :** ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਉ ਕਰ ਦਿੱਤੀ ਹੈ। ਅਗਲਾ ਸਵਾਲ।

**ਸ਼੍ਰੀਮਤੀ ਹਰਚੰਦ ਕੌਰ :** ਸਪੀਕਰ ਸਾਹਿਬ, ਐਕਸਟੈਨਸ਼ਨ ਕਿਉਂ ਦੇ ਦਿੱਤੀ, ਇਹ ਅਹਿਮ ਸਵਾਲ ਹੈ।

**ਮਾਨਯੋਗ ਸਪੀਕਰ :** ਇਸ ਦੀ ਐਕਸਟੈਨਸ਼ਨ ਦੇ ਦਿੱਤੀ ਹੈ। ਇਹ 25 ਤਰੀਕ ਨੂੰ ਲੱਗੇਗਾ। (ਵਿਘਨ)

*For Starred Question No. 1919 and reply thereto, please see Debates dated 25.3.2015.

**Shri Sunil Jakhar :** Why the rush? ਤੁਸੀਂ ਇੱਕ ਤੋਂ ਬਾਅਦ ਇੱਕ ਐਕਸਟੈਨਸ਼ਨ ਦੇਈ ਜਾ ਰਹੇ ਹੋ। ਮੇਰੀ ਗੁਜਾਰਿਸ਼ ਹੈ ਕਿ ਸਾਰੇ ਹਾਊਸ ਨੂੰ ਹੀ ਐਡਜਰਨ ਕਰ ਦਿਉ। (ਵਿਘਨ)(ਸ਼ੋਰ) 11 ਤਰੀਕ ਨੂੰ ਧੂਰੀ ਦਾ ਇਲੈਕਸ਼ਨ ਹੈ, ਉਸ ਤੋਂ ਬਾਅਦ ਖੁੱਲ੍ਹਾ ਟਾਈਮ ਲੈ ਲੈਣਾ। ਸਰ, this is no way.

**ਮਾਨਯੋਗ ਸਪੀਕਰ :** ਮੈਂ ਕਿਹਾ ਹੈ ਕਿ ਇਹ 25 ਤਾਰੀਕ ਨੂੰ ਲੱਗੇਗਾ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਜੇ ਜਵਾਬ ਹੀ ਨਹੀਂ ਦੇਣੇ, ਤੁਸੀਂ ਤਾਂ ਅੱਜ ਦਾ ਵੀ ਕਿਹਾ ਸੀ...

**ਮਾਨਯੋਗ ਸਪੀਕਰ :** ਜਿਹੜੀ ਇਨਫਰਮੇਸ਼ਨ ਇਨ੍ਹਾਂ ਨੇ ਮੰਗੀ ਹੈ, ਉਹ ਨਹੀਂ ਮਿਲੀ, ਇਸ ਕਾਰਨ ਐਕਸਟੈਨਸ਼ਨ ਦਿੱਤੀ ਗਈ ਹੈ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਸਿਵਲ ਸਪਲਾਈ ਮਨਿਸਟਰ ਦੇ ਹਰੇਕ ਵਾਰੀ ਸਵਾਲ ਲਗਦੇ ਹਨ, ਤਿੰਨ ਸੈਸ਼ਨ ਹੋ ਗਏ, ਉਨ੍ਹਾਂ ਦੇ ਕਾਫੀ ਸਵਾਲਾਂ ਬਾਰੇ ਐਕਸਟੈਂਸ਼ਨ ਮੰਗੀ ਹੈ। ਅਸੀਂ ਤੁਹਾਨੂੰ ਗੁਜਾਰਿਸ਼ ਕੀਤੀ ਹੈ ਕਿ ਖੰਡ ਦੀ ਜਿਹੜੀ ਵਰਤੋਂ ਹੈ, ਉਸ ਵਿੱਚ ਬਹੁਤ ਵੱਡਾ ਫਰਾਡ ਹੈ। ਅੱਜ ਸਰਕਾਰ ਜਵਾਬ ਦੇਣ ਤੋਂ ਭੱਜ ਰਹੀ ਹੈ। ਅਸੀਂ ਗੱਲ ਕਿਸ ਦੇ ਨਾਲ ਕਰੀ ਜਾਂਦੇ ਹਾਂ? Who is incharge here? ਨਾ ਸੀ.ਐਮ. ਸਾਹਿਬ ਬੈਠੇ ਹਨ ਅਤੇ ਨਾ ਹੀ ਡਿਪਟੀ ਸੀ.ਐਮ. ਸਾਹਿਬ ਬੈਠੇ ਹਨ, ਸਪੀਕਰ ਸਾਹਿਬ, ਹੁਣ ਅਸੀਂ ਤੁਹਾਡੇ ਨਾਲ ਹੀ **, ਤੁਸੀਂ ਥੋੜ੍ਹਾ ਜਿਹਾ ** ਕਰੋ। After Badal Sahib you are the senior most.

**ਮਾਨਯੋਗ ਸਪੀਕਰ :** ਇਹ ਸਵਾਲ 25 ਤਰੀਕ ਨੂੰ ਲੱਗੇਗਾ ਜੀ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਕਿੰਨੇ ਸਵਾਲ 25 ਤਰੀਕ ਨੂੰ ਲਗਾਉਗੇ ?

**ਮਾਨਯੋਗ ਸਪੀਕਰ :** ਜਿੰਨਿਆਂ ਦਾ ਵਾਅਦਾ ਕੀਤਾ ਹੈ, ਉਨੇ ਲੱਗਣਗੇ।

**ਸ਼੍ਰੀ ਸੁਨੀਲ ਜਾਖੜ :** ** ** ** **

---

**Expunged as ordered by the Chair.

**ਮਾਨਯੋਗ ਸਪੀਕਰ :** ਮੈਂ ਕਹਿ ਦਿੱਤਾ ਹੈ ਕਿ ਸਵਾਲ 25 ਨੂੰ ਲੱਗ ਰਿਹਾ ਹੈ। ਮੈਂ ਹੁਣ 25 ਤਰੀਕ ਦਾ ਕਹਿ ਦਿੱਤਾ ਹੈ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਇੰਨੀ ** ਸਰਕਾਰ ਹੈ। ਇਹ ਮਾੜੀ ਗੱਲ ਹੈ।

**ਮਾਨਯੋਗ ਸਪੀਕਰ :** ਜਿਹੜੀ ਇਨਫਰਮੇਸ਼ਨ ਇਸ ਸਵਾਲ ਰਾਹੀਂ ਮੰਗੀ ਸੀ, ਉਹ ਅਜੇ ਮਿਲੀ ਨਹੀਂ। ਇਨਫਰਮੇਸ਼ਨ ਲੈਣ ਕਾਰਨ ਇਹ ਐਕਸਟੈਨਸ਼ਨ ਦਿੱਤੀ ਹੈ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਕਿਹੜੀ ਇਨਫਰਮੇਸ਼ਨ? ਗਰੀਬਾਂ ਵਾਸਤੇ ਇਨਫਰਮੇਸ਼ਨ ਇਨ੍ਹਾਂ ਕੋਲ ਹੈ ਨਹੀਂ ?

**ਮਾਨਯੋਗ ਸਪੀਕਰ :** ਇਸੇ ਕਰਕੇ 25 ਤਰੀਕ ਨੂੰ ਸਵਾਲ ਲਗਾਇਆ ਹੈ। (ਵਿਘਨ) ਜਿਹੜਾ ਕੁਝ ਚੇਅਰ ਦੇ ਬਾਰੇ ਕਿਹਾ ਗਿਆ ਹੈ, ਉਹ ਐਕਸਪੰਜ ਕਰ ਦੇਣਾ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਕਿਸੇ ਹੋਰ ਮਨਿਸਟਰ ਦੇ ਜ਼ਿੰਮੇ ਲਗਾ ਦਿਉ, ਇਥੇ ਬੜੇ ਕਾਬਲ ਮਨਿਸਟਰ ਬੈਠੇ ਹਨ।

**ਮਾਨਯੋਗ ਸਪੀਕਰ :** ਇਸ ਬਾਰੇ ਇਨ੍ਹਾਂ ਨੇ ਇਨਫਰਮੇਸ਼ਨ ਇਕੱਠੀ ਕਰਨੀ ਹੈ, ਇਸੇ ਕਰਕੇ 25 ਤਰੀਕ ਨੂੰ ਲਗਾਇਆ ਹੈ। ਕਰਾਂਗੇ ਜੀ, 25 ਨੂੰ ਜ਼ਰੂਰ ਲੱਗੇਗਾ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਗਰੀਬ ਆਦਮੀ ਦਾ ਮਸਲਾ ਹੈ। ਅੱਛਾ ਜੀ, ਇਕ ਗਰੰਟੀ ਦੇ ਦਿਉ ਕਿ ਇਸ ਤੋਂ ਬਿਨਾਂ ਕੋਈ ਹੋਰ ਸਵਾਲ ਐਕਸਟੈਂਡ ਨਹੀਂ ਕਰੋਗੇ ਕਿਉਂਕਿ ਇਹ ਗਰੀਬਾਂ ਨਾਲ ਸਬੰਧਤ ਮਸਲਾ ਹੈ।

**ਮਾਨਯੋਗ ਸਪੀਕਰ :** ਨਹੀਂ ਜੀ, ਇਹ ਨਹੀਂ ਕਹਿ ਸਕਦੇ। (ਵਿਘਨ)

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਫਿਰ ਹਾਊਸ ਐਕਸਟੈਂਡ ਕਰ ਦਿਉ ਜੀ।

**ਮਾਨਯੋਗ ਸਪੀਕਰ :** ਨਹੀਂ ਜੀ, ਇਹ ਆਪਾਂ ਐਕਸਟੈਂਡ ਨਹੀਂ ਕਰ

**Expunged as ordered by the Chair.

ਸਕਦੇ। (ਵਿਘਨ) ਹਾਂ ਜੀ, ਸਰਦਾਰ ਜੋਗਿੰਦਰ ਸਿੰਘ ਜਿੰਦੂ ਜੀ। ਅਗਲਾ ਸਵਾਲ। (ਵਿਘਨ)(ਸ਼ੋਰ) ਸਾਰੇ ਬੈਠ ਜਾਉ ਜੀ।

**ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ (ਸਰਦਾਰ ਸਿਕੰਦਰ ਸਿੰਘ ਮਲੂਕਾ) :** ਸਪੀਕਰ ਸਾਹਿਬ, ਜਾਖੜ ਸਾਹਿਬ ਨੇ ਇੱਕ ** ਸਰਕਾਰ ਦਾ ਲਫਜ਼ ਵਰਤਿਆ ਹੈ। ਪਲੀਜ਼, ਉਹੀ ਡਿਲੀਟ ਕਰਵਾ ਦਿਉ। ਸਰਕਾਰ ** ਬਿਲਕੁਲ ਨਹੀਂ ਹੈ। ਬਹੁਤ ਜ਼ਿੰਮੇਵਾਰੀ ਨਾਲ ਸਰਕਾਰ ਚੱਲ ਰਹੀ ਹੈ। (ਵਿਘਨ)(ਸ਼ੋਰ) ਕੋਈ ਬਹੁਤ ਜ਼ਰੂਰੀ ਕੰਮ ਹੋ ਸਕਦਾ ਹੈ। ਸਵਾਲ ਤਾਂ ਅੱਗੇ ਪਿੱਛੇ ਹੋ ਜਾਂਦਾ ਹੈ। ਸਪੀਕਰ ਸਾਹਿਬ, ਇਹ ** ਵਾਲਾ ਲਫਜ਼ ਕਟਵਾ ਦਿਉ ਜੀ। (ਵਿਘਨ )(ਸ਼ੋਰ)

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਗਰੀਬਾਂ ਦਾ ਸਵਾਲ ਹੈ ਜੀ। ਟੀ.ਡੀ.ਐਸ. ਸਿਸਟਮ ਤੇ ਸਵਾਲ ਹੈ।

**ਮਾਨਯੋਗ ਸਪੀਕਰ :** ਜਾਖੜ ਸਾਹਿਬ, ਇਸੇ ਕਰਕੇ ਹੀ ਇਹ ਸਵਾਲ 25 ਤਾਰੀਕ ਵਿੱਚ ਲਗਾਇਆ ਹੈ।

**ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ :** ਸਪੀਕਰ ਸਾਹਿਬ, ਇਹ ** ਸਰਕਾਰ ਵਾਲਾ ਲਫਜ਼ ਕਟਵਾ ਦਿਉ ਜੀ। (ਵਿਘਨ)(ਸ਼ੋਰ)

**ਮਾਨਯੋਗ ਸਪੀਕਰ :** ਉਹ ਕਟਵਾ ਦਿੱਤਾ ਹੈ। ਇਹ ਕੁਐਸਚਨ ਲੱਗੇਗਾ, ਤੁਸੀਂ ਬੇਫਿਕਰ ਰਹੋ। (ਵਿਘਨ) ਸਰਦਾਰ ਜੋਗਿੰਦਰ ਸਿੰਘ ਜਿੰਦੂ ਜੀ।

**ਸਰਦਾਰ ਜੋਗਿੰਦਰ ਸਿੰਘ ਜਿੰਦੂ :** ਸਪੀਕਰ ਸਾਹਿਬ, ਮੇਰਾ ਪ੍ਰਸ਼ਨ ਨੰਬਰ 1936 ਹੈ।(ਵਿਘਨ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫ਼ੀ ਸ਼ੋਰ ਸੀ।)

**Mr. Speaker :** This is not Zero Hour. ਇਹ ਕੋਈ ਜ਼ੀਰੋ ਆਵਰ ਨਹੀਂ ਹੈ। Not allowed. Nothing should be recorded. (Interruptions) ਨਹੀਂ, ਇਸ ਦੇ ਨਾਲ ਕੋਈ ਸਬੰਧ ਹੈ? ਤੁਹਾਡੇ ਲੀਡਰ ਸਾਹਿਬ ਬੋਲ ਗਏ ਹਨ । (ਵਿਘਨ) ਨਹੀਂ ਜੀ, ਤੁਹਾਡੇ ਲੀਡਰ ਸਾਹਿਬ ਬੋਲ ਗਏ ਹਨ। ਸਰਦਾਰ ਜੋਗਿੰਦਰ ਸਿੰਘ ਜਿੰਦੂ ਜੀ। ਅਗਲਾ ਸਵਾਲ।

-----

**Expunged as ordered by the Chair.

## ਸੇਮ ਨਾਲੇ ਦੀ ਸਫਾਈ ਕਰਨਾ

***1936 ਸਰਦਾਰ ਜੋਗਿੰਦਰ ਸਿੰਘ ਜਿੰਦੂ :** ਕੀ ਸਿੰਚਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਟਿੱਬੀ ਕਲਾਂ ਤੋਂ ਮਮਦੋਟ ਤੱਕ ਆਉਂਦੇ ਸੇਮ ਨਾਲੇ ਦੀ ਪੂਰੀ ਤਰ੍ਹਾਂ ਸਫਾਈ ਅਤੇ ਮਮਦੋਟ ਤੋਂ ਅੱਗੇ ਇਸ ਦੇ ਪਾਣੀ ਦੇ ਨਿਕਾਸ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਉਸ ਦੇ ਵੇਰਵੇ ਕੀ ਹਨ?

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਜੀ ਹਾਂ। ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਟਿੱਬੀ ਕਲਾਂ ਤੋਂ ਮਮਦੋਟ ਤੱਕ ਆਉਂਦੇ ਸੇਮ ਨਾਲੇ ਦੀ ਸਫਾਈ ਅਤੇ ਮਮਦੋਟ ਤੋਂ ਅੱਗੇ ਇਸ ਦੇ ਪਾਣੀ ਦੇ ਨਿਕਾਸ ਲਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ। ਇਸ ਡਰੇਨ ਦੀ ਬੁਰਜੀ 0–39000 ਤੱਕ ਦੀ ਸਫਾਈ ਲਈ 20.00 ਲੱਖ ਰੁਪਏ ਦਾ ਉਪਬੰਧ ਸਾਲ 2015 ਦੇ ਮੌਨਸੂਨ ਸੀਜ਼ਨ ਤੋਂ ਪਹਿਲਾਂ ਹੋਣ ਵਾਲੇ ਹੜ੍ਹ ਰੋਕੂ ਕੰਮਾਂ ਵਿਚ ਕੀਤਾ ਗਿਆ ਹੈ।

ਡਰੇਨ ਦੇ ਢੁਕਵੇਂ ਅਤੇ ਸਥਾਈ ਨਿਕਾਸ ਲਈ ਮਮਦੋਟ ਡਰੇਨ ਨੂੰ ਇਸ ਦੇ ਨਜ਼ਦੀਕ ਪੈਂਦੀ ਫਿੱਡਾ ਆਊਟਫਾਲ ਡਰੇਨ ਤੱਕ 10.50 ਕਿਲੋਮੀਟਰ ਲੰਬਾਈ ਵਿੱਚ ਵਧਾਉਣ ਦੀ 26.00 ਕਰੋੜ ਰੁਪਏ ਦੀ ਲਾਗਤ ਨਾਲ ਤਜਵੀਜ਼ ਮਹਿਕਮੇ ਵੱਲੋਂ ਤਿਆਰ ਕੀਤੀ ਗਈ ਹੈ।

**ਸਰਦਾਰ ਜੋਗਿੰਦਰ ਸਿੰਘ ਜਿੰਦੂ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਦਾ ਬਹੁਤ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਸਫਾਈ ਵਾਸਤੇ ਪੈਸੇ ਵੀ ਦੇ ਦਿੱਤੇ ਹਨ ਔਰ ਦੱਸ ਵੀ ਦਿੱਤਾ ਹੈ ਕਿ ਇਹ ਕਰਵਾ ਦਿੱਤੀ ਜਾਵੇਗੀ। ਪਰ ਮੇਰੀ ਇਕ ਬੇਨਤੀ ਹੈ ਕਿ ਮਮਦੋਟ ਤੋਂ ਲੈ ਕੇ ਟਿੱਬੀ ਤੱਕ ਜਿਹੜੀ ਡਰੇਨ ਹੈ, ਇਸ ਦੀ ਅੱਗੇ ਨਿਕਾਸੀ ਲਈ ਕੋਈ ਜਗ੍ਹਾ ਨਹੀਂ ਹੈ। ਇਸ ਲਈ ਇਸ ਨੂੰ ਐਕਸਟੈਂਡ ਕੀਤਾ ਜਾਵੇ। ਮੰਤਰੀ ਜੀ ਨੇ ਦੱਸਿਆ ਹੈ ਕਿ 26 ਕਰੋੜ ਰੁਪਏ ਦੇ ਨਾਲ ਇਹ ਬਣਾਇਆ ਜਾਵੇਗਾ। ਮੈਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਦੋਂ ਤੱਕ ਪੂਰਾ ਕੀਤਾ ਜਾਵੇਗਾ ?

**ਮੰਤਰੀ :** ਸਪੀਕਰ ਸਾਹਿਬ, ਇਸ ਦੀ ਨਿਕਾਸੀ ਲਈ ਢੁਕਵਾਂ ਤੇ ਸਥਾਈ ਹੱਲ ਇਹੀ ਹੈ ਕਿ ਇਸ ਦੇ ਨਜ਼ਦੀਕ ਪੈਂਦੀ ਫਿੱਡਾ ਆਊਟਫਾਲ ਡਰੇਨ, ਜੋ ਕਿ ਤਕਰੀਬਨ 10.50 ਕਿਲੋਮੀਟਰ ਦੂਰੀ ਤੋਂ ਲੰਘਦੀ ਹੈ, ਤੱਕ ਵਧਾ ਕੇ ਨਿਕਾਸੀ ਕੀਤੀ ਜਾਵੇ। ਇਸ ਸਬੰਧੀ 26 ਕਰੋੜ ਦੀ ਲਾਗਤ ਨਾਲ 10.50

ਕਿਲੋਮੀਟਰ ਮਮਦੋਟ ਡਰੇਨ ਨੂੰ ਅੱਗੇ ਵਧਾਉਣ ਦਾ ਪ੍ਰਾਜੈਕਟ ਅਨੁਮਾਨ ਤਿਆਰ ਕਰ ਲਿਆ ਗਿਆ ਹੈ, ਜਿਸ ਨੂੰ ਜਲਦੀ ਹੀ ਮਨਜ਼ੂਰੀ ਲਈ ਸਰਕਾਰ ਨੂੰ ਭੇਜਿਆ ਜਾ ਰਿਹਾ ਹੈ।

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਇਕ ਸੀਵਰੇਜ ਨਾਲੇ ਦਾ ਮਸਲਾ ਹੈ। (ਵਿਘਨ)(ਸ਼ੋਰ)

**ਮਾਨਯੋਗ ਸਪੀਕਰ :** ਇਸ ਕੁਐਸਚਨ ਨਾਲ ਤੁਹਾਡਾ ਕੋਈ ਸਬੰਧ ਹੈ? ਜੇਕਰ ਇਹ ਤੁਹਾਡੇ ਨਾਲ ਸਬੰਧਤ ਹੈ ਤਾਂ ਦੱਸੋ। ਇਸ ਨਾਲੇ ਨਾਲ ਤੁਹਾਡਾ ਕੋਈ ਪਿੰਡ ਲਗਦਾ ਹੈ?

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਤਪਾ ਮੰਡੀ ਲਗਦੀ ਹੈ। (ਵਿਘਨ..ਸ਼ੋਰ)

**ਮਾਨਯੋਗ ਸਪੀਕਰ :** ਨਹੀਂ ਜੀ। ਅਗਲਾ ਸਵਾਲ

----

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1861**

**ਮਾਨਯੋਗ ਸਪੀਕਰ :** ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਉ ਕਰ ਦਿੱਤੀ ਹੈ। ਇਹ ਪ੍ਰਸ਼ਨ 24 ਤਰੀਕ ਨੂੰ ਲੱਗੇਗਾ। ਇਸ ਸਬੰਧੀ ਕੋਹਾੜ ਸਾਹਿਬ ਨੇ ਕੋਈ ਇਨਫਰਮੇਸ਼ਨ ਲੈਣੀ ਹੈ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਇਹ ਅਨਇੰਪਲਾਇਮੈਂਟ ਬਾਰੇ ਸਵਾਲ ਹੈ ਇਹ One of the major planks of poll promises was unemployment allowance. ਸਪੀਕਰ ਸਾਹਿਬ, ਇਨ੍ਹਾਂ ਕੋਲ ਇਨਫਰਮੇਸ਼ਨ ਹੀ ਨਹੀਂ ਹੈ (ਵਿਘਨ)(ਸ਼ੋਰ)

**ਮਾਨਯੋਗ ਸਪੀਕਰ :** ਜਾਖੜ ਸਾਹਿਬ, ਕੋਹਾੜ ਸਾਹਿਬ ਨੇ ਤਿੰਨ ਸਾਲ ਤੋਂ ਕੋਈ ਐਕਸਟੈਂਸ਼ਨ ਨਹੀਂ ਮੰਗੀ ਹੈ। ਇਸ ਕਰਕੇ ਇਨ੍ਹਾਂ ਦੀ ਐਕਸਟੈਂਸ਼ਨ ਅਲਾਓ ਕੀਤੀ ਗਈ ਹੈ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, you realize the importance of this question. ਇਹ ਅਨਇੰਪਲਾਇਮੈਂਟ ਨਾਲ ਸਬੰਧਤ ਹੈ। ਸਾਰੀ

---

**For Starred Question No. 1861 and reply thereto, please see Debates dated 25.3.2015

[ ਸ਼੍ਰੀ ਸੁਨੀਲ ਜਾਖੜ ]

ਸਰਕਾਰ ਦਾ ਮੇਜਰ ਪਲੈਂਕਸ ਹੈ। ਕੋਈ ਵੀ ਉੱਤਰ ਦੇ ਸਕਦਾ ਹੈ।ਕੋਹਾੜ ਸਾਹਿਬ, ਤੁਹਾਨੂੰ ਪਤਾ ਤਾਂ ਸਭ ਕੁਝ ਹੈ ਪਰ ਤੁਸੀਂ ਬੋਲਦੇ ਨਹੀਂ.. (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਜਾਖੜ ਸਾਹਿਬ, ਇਹ ਕਈ ਅਦਾਰਿਆਂ ਨਾਲ ਸਬੰਧਤ ਹੈ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਇਨ੍ਹਾਂ ਨੇ ਤਾਂ ' ਨਹੀਂ ਜੀ ' ਹੀ ਜਵਾਬ ਦੇਣਾ ਹੈ..

**ਮਾਨਯੋਗ ਸਪੀਕਰ :** ਇਹ ** ਵਗੈਰਾ ਸਾਰੇ ਲਫਜ਼ ਐਕਸਪੰਜ ਕਰ ਦਿੱਤੇ ਜਾਣ।

----

## ਪਸ਼ੂ ਮੰਡੀ ਬਣਾਉਣਾ

*1926. **ਸਰਦਾਰ ਮਹੇਸ਼ਇੰਦਰ ਸਿੰਘ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬਾਘਾ ਪੁਰਾਣਾ (ਜ਼ਿਲ੍ਹਾ ਮੋਗਾ) ਵਿੱਚ ਪਸ਼ੂ ਮੰਡੀ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਸਿਕੰਦਰ ਸਿੰਘ ਮਲੂਕਾ :** ਸ਼੍ਰੀਮਾਨ ਜੀ, ਕੋਈ ਤਜਵੀਜ਼ ਨਹੀਂ ਹੈ ਜੀ।

**ਸਰਦਾਰ ਮਹੇਸ਼ਇੰਦਰ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੋਗੇ ਜ਼ਿਲ੍ਹੇ ਵਿਚ ਇਕੋ ਪਸ਼ੂ ਮੰਡੀ ਹੈ ਅਤੇ ਸਭ ਤੋਂ ਜ਼ਿਆਦਾ ਪਸ਼ੂ ਬਾਘਾ ਪੁਰਾਣਾ ਬਲਾਕ ਵਿਚ ਹਨ, ਇਸ ਬਲਾਕ ਵਿੱਚ ਤਕਰੀਬਨ 85 ਹਜ਼ਾਰ ਪਸ਼ੂ ਹਨ। ਜਿੰਨੇ ਅੱਜ ਤੱਕ ਪਸ਼ੂ ਧਨ ਦੇ ਅਵਾਰਡ ਮਿਲੇ ਹਨ, ਉਹ ਸਾਰੇ ਹੀ ਬਾਘਾ ਪੁਰਾਣਾ ਬਲਾਕ ਨੇ ਜਿੱਤੇ ਹਨ। ਇਸ ਕਰਕੇ ਮੇਰੀ ਗੁਜ਼ਾਰਿਸ਼ ਹੈ ਕਿ ਅਸੀਂ ਜ਼ਮੀਨ ਵੀ ਮੁਹੱਈਆ ਕਰਵਾ ਦਿਆਂਗੇ, ਹੋਰ ਵੀ ਮਦਦ ਕਰ ਦਿਆਂਗੇ। ਕੀ ਹੁਣ ਸਰਕਾਰ ਦੀ ਇਸ ਬਾਰੇ ਕੋਈ ਤਜਵੀਜ਼ ਹੈ?

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਦੇ ਹਲਕੇ ਵਿਚ ਚੜਿਕ ਦੀ ਕਾਫੀ

**Expunged as ordered by the Chair.

ਵੱਡੀ ਮੰਡੀ ਹੈ ਉਸ ਨੂੰ ਪਿੱਛੇ ਜਿਹੇ ਕਾਫੀ ਪੈਸੇ ਲਗਾ ਕੇ ਕਾਫੀ ਵਧੀਆ ਬਣਾਇਆ ਹੈ। ਮੋਗੇ ਜ਼ਿਲ੍ਹੇ ਵਿਚ ਦੋ ਮੰਡੀਆਂ ਹਨ, ਇਕ ਚੜਿੱਕ ਹੈ ਅਤੇ ਦੂਜੀ ਕੋਟੀ ਸੇਖਾਂ ਹੈ। ਪਤਾ ਲੱਗਿਆ ਹੈ ਕਿ ਕੋਟੀ ਸੇਖਾਂ ਮੰਡੀ ਚਾਲੂ ਨਹੀਂ ਹੋਈ ਪਰ ਸਾਡੇ ਕਾਗਜ਼ਾਂ ਵਿਚ ਤਾਂ ਇਹ ਮੰਡੀ ਚੱਲ ਰਹੀ ਹੈ। ਇਹ ਜਦੋਂ ਮਰਜ਼ੀ ਮੇਲਾ ਲਗਾ ਲਿਆ ਕਰਨ, ਕੋਈ ਸਮੱਸਿਆ ਨਹੀਂ ਹੈ। ਪਰ ਫਿਰ ਵੀ ਜੇਕਰ ਮੈਂਬਰ ਸਾਹਿਬ ਉਥੇ ਕੋਈ ਜ਼ਮੀਨ ਦਾ ਇੰਤਜ਼ਾਮ ਕਰ ਦੇਣਗੇ ਤਾਂ ਅਸੀਂ ਇਨ੍ਹਾਂ ਦੀ ਤਜਵੀਜ਼ ਤੇ ਵਿਚਾਰ ਕਰ ਲਵਾਂਗੇ।

**ਸਰਦਾਰ ਮਹੇਸ਼ਇੰਦਰ ਸਿੰਘ :** ਸਪੀਕਰ ਸਾਹਿਬ, ਜ਼ਮੀਨ ਤਾਂ ਮੈਂ ਸਵੇਰੇ ਹੀ ਦਿਵਾ ਦਿੰਦਾ ਹੈ, ਇਹ ਆਸ਼ਵਾਸਨ ਦੇ ਦੇਣ।

**ਮਾਨਯੋਗ ਸਪੀਕਰ :** ਮਨਿਸਟਰ ਸਾਹਿਬ ਨੇ ਹਾਂ ਤਾਂ ਕਰ ਦਿੱਤੀ ਹੈ।

**ਸਰਦਾਰ ਮਹੇਸ਼ਇੰਦਰ ਸਿੰਘ :** ਸਪੀਕਰ ਸਾਹਿਬ, ਵਿਚਾਰ ਤਾਂ ਵਿਚਾਰ ਹੀ ਰਹਿ ਜਾਣਾ ਹੈ ਜੀ। ਤੁਸੀਂ ਥੋੜ੍ਹਾ ਜਿਹਾ ਹੋਰ ਧੱਕਾ ਲਵਾ ਦਿਓ।

**ਮਾਨਯੋਗ ਸਪੀਕਰ :** ਹਾਂ ਜੀ, ਅਗਲਾ ਸਵਾਲ ਰਾਣਾ ਗੁਰਮੀਤ ਸਿੰਘ ਦਾ ਹੈ, ਇਹ ਸ਼੍ਰੀ ਤਰਲੋਚਨ ਸਿੰਘ ਵੱਲੋਂ ਪੁਛਿਆ ਜਾਵੇਗਾ।

----

## 10+1 ਅਤੇ 10+2 ਦੇ ਵਿਦਿਆਰਥੀਆਂ ਨੂੰ ਲੈਪਟਾਪ ਮੁਹੱਈਆ ਕਰਨੇ

***1956. ਰਾਣਾ ਗੁਰਮੀਤ ਸਿੰਘ ਸੋਢੀ (ਸ਼੍ਰੀ ਤਰਲੋਚਨ ਸਿੰਘ ਜੀ ਵੱਲੋਂ ਪੇਸ਼ ਕੀਤਾ ਗਿਆ।) :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਵੱਲੋਂ 10+1 ਅਤੇ 10+2 ਦੇ ਕਿੰਨੇ ਵਿਦਿਆਰਥੀਆਂ ਨੂੰ ਹੁਣ ਤੱਕ ਡਾਟਾ ਕਾਰਡਾਂ ਸਮੇਤ ਮੁਫਤ ਲੈਪਟਾਪ ਮੁਹੱਈਆ ਕਰਵਾਏ ਗਏ ਹਨ?

**ਡਾਕਟਰ ਦਲਜੀਤ ਸਿੰਘ ਚੀਮਾ:** ਕੋਈ ਨਹੀਂ।

**ਸ਼੍ਰੀ ਤਰਲੋਚਨ ਸਿੰਘ :** ਸਪੀਕਰ ਸਾਹਿਬ, ਸ਼ੁਕਰ ਹੈ। ਮੈਂ ਸਿੱਖਿਆ ਮੰਤਰੀ ਸਾਹਿਬ ਤੁਹਾਡਾ ਬਹੁਤ ਧੰਨਵਾਦੀ ਹਾਂ। ਪਹਿਲਾਂ ਤਾਂ ਸਵਾਲ ਹੀ ਪੋਸਟਪੋਨ ਹੁੰਦੇ ਰਹੇ ਸੀ। ਇੱਕ ਬਹੁਤ ਵੱਡਾ ਵਾਅਦਾ ਬੀ.ਜੇ.ਪੀ. ਅਤੇ ਅਕਾਲੀ ਦਲ ਦੀ ਸਰਕਾਰ ਨੇ ਕੀਤਾ ਸੀ। ਮੈਨੀਫੈਸਟੋ ਦੇ ਵਿੱਚ ਝੂਠੇ ਲਾਰੇ ਲਾਏ ਗਏ ਸੀ।

**ਮਾਨਯੋਗ ਸਪੀਕਰ :** ਤੁਸੀਂ ਸਪਲੀਮੈਂਟਰੀ ਪੁੱਛੋ ਜੀ।

**ਸ਼੍ਰੀ ਤਰਲੋਚਨ ਸਿੰਘ :** ਸਪੀਕਰ ਸਾਹਿਬ, ਪਹਿਲਾਂ ਭੂਮਿਕਾ ਬਣਾਉਣੀ ਪੈਂਦੀ ਹੈ, ਮੈਂ ਸਪਲੀਮੈਂਟਰੀ ਹੀ ਪੁੱਛ ਰਿਹਾ ਹਾਂ, ਹੁਣ ਸੁਣ ਲਓ ** ਗਰੀਬ ਬੱਚਿਆਂ ਨੂੰ ਜਿਹੜੇ 10+1 ਅਤੇ 10+2 ਵਿੱਚ ਪੜ੍ਹਦੇ ਹਨ, ਉਨ੍ਹਾਂ ਨੂੰ ਇਸ ਸਰਕਾਰ ਨੇ ਲੈਪਟਾਪ ਦੇਣੇ ਸਨ, ਤਕਰੀਬਨ ਅੱਠ ਸਾਲ ਹੋ ਗਏ ਹਨ, ਬੱਚੇ ਮੂੰਹ ਚੁੱਕ ਕੇ ਦੇਖਦੇ ਹਨ ਕਿ ਬਾਦਲ ਸਾਹਿਬ ਆਉਣਗੇ, ਲੈਪਟਾਪ ਲੈ ਕੇ ਆਉਣਗੇ। ਕੀ ਇਹ ਸਰਕਾਰ ਦੇ ਧਿਆਨ ਵਿੱਚ ਹੈ ? ਜਾਂ ਅਸੀਂ ਕਹਿ ਦੇਈਏ ਕਿ ਇਹ ਸਰਕਾਰ ** ਹੈ। ** ਬੋਲ ਕੇ ਵੋਟਾਂ ਲੈ ਕੇ ਇੱਥੇ ਆ ਗਏ ਹਨ। ਕਈ ਸਵਾਲ ਐਕਸਟੈਂਸ਼ਨ ਤੇ ਲੱਗੇ ਹਨ, ਜਿਹੜੇ ਉਧਰ ਰੂਲਿੰਗ ਪਾਰਟੀ ਦੇ ਐਮ.ਐਲ.ਏ ਵੀ ਬੈਠੇ ਹਨ, ਉਨ੍ਹਾਂ ਦੇ ਜਵਾਬ ਵੀ ਨਹੀਂ ਦਿੱਤੇ ਜਾ ਰਹੇ ਹਨ।

**ਮਾਨਯੋਗ ਸਪੀਕਰ :** ** ਇਹ ਸ਼ਬਦ ਐਕਸਪੰਜ ਕਰ ਦਿੱਤੇ ਜਾਣ।

**ਸ਼੍ਰੀ ਤਰਲੋਚਨ ਸਿੰਘ :** ਕੀ ਸਰਕਾਰ ਕੋਲ ਲੈਪਟਾਪ ਦੇਣ ਦੀ ਕੋਈ ਸਕੀਮ ਹੈ? ਅੱਠ ਸਾਲ ਤਾਂ ਨਿਕਲ ਗਏ ਹਨ।

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਇਸ ਦੇ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਅਸੀਂ ਆਪਣੇ ਇਲੈਕਸ਼ਨ ਮੈਨੀਫੈਸਟੋ ਦੇ ਵਿੱਚ ਗਿਆਰਵੀਂ ਤੇ ਬਾਰਵੀਂ ਦੇ ਬੱਚਿਆਂ ਨੂੰ ਲੈਪਟਾਪ ਦੇਣ ਵਾਸਤੇ ਅਨਾਊਂਸ ਕੀਤਾ ਸੀ। ਸਤੰਬਰ, 2012 ਵਿੱਚ ਮੁੱਖ ਸਕੱਤਰ ਸਾਹਿਬ ਦੀ ਅਗਵਾਈ ਵਿੱਚ ਇੱਕ ਕਮੇਟੀ ਬਣੀ ਸੀ ਔਰ ਉਸ ਤੋਂ ਬਾਅਦ ਇੱਕ ਸਬ ਕਮੇਟੀ ਵੀ ਬਣੀ ਸੀ ਜੋ ਕਿ ਇਸ ਚੀਜ਼ ਦੀ ਟੈਕਨੀਕਲਟੀਜ਼ ਚੈੱਕ ਕਰਨ ਵਾਸਤੇ ਅਤੇ ਇਸ ਨੂੰ ਫਾਈਨਲਾਈਜ਼ ਕਰਨ ਵਾਸਤੇ ਬਣੀ ਸੀ। ਲੇਕਿਨ ਮੇਰੀ ਤੁਹਾਡੇ ਅੱਗੇ ਸਬਮਿਸ਼ਨ ਹੈ ਕਿਉਂਕਿ ਤੁਸੀਂ ਆਪ ਐਜੂਕੇਸ਼ਨ ਵਿੱਚ ਬੜੀ ਦਿਲਚਸਪੀ ਰੱਖਦੇ ਹੋ। ਸਾਡੇ ਮਾਨਯੋਗ ਵਿਰੋਧੀ ਧਿਰ ਦੇ ਆਗੂ ਵੀ ਬੈਠੇ ਹਨ। ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਭਾਵੇਂ ਪਿਛਲੇ ਬਜਟ ਦੇ ਵਿੱਚ 110 ਕਰੋੜ ਰੁਪਏ ਦੀ ਪ੍ਰੋਵੀਜ਼ਨ ਵੀ ਮਾਨਯੋਗ ਵਿੱਤ ਮੰਤਰੀ ਸਾਹਿਬ ਨੇ ਰੱਖੀ ਸੀ, ਲੇਕਿਨ ਅਸੀਂ ਐਜੂਕੇਸ਼ਨ ਡਿਪਾਰਟਮੈਂਟ ਦੇ ਵਿੱਚ ਇਸ ਮਸਲੇ ਨੂੰ ਬੈਠ ਕੇ ਬੜੀ ਗੰਭੀਰਤਾ ਦੇ ਨਾਲ ਵਿਚਾਰਿਆ। ਯੂ.ਪੀ. ਦੇ ਵਿੱਚ ਵੀ ਬੱਚਿਆਂ ਤੇ ਤਜਰਬਾ ਕੀਤਾ ਗਿਆ।

---

**Expunged as ordered by the Chair.

ਉਥੇ ਬੱਚਿਆਂ ਨੂੰ ਇੱਕ ਸਾਲ ਲੈਪਟਾਪ ਦਿੱਤੇ ਸੀ। ਸਰਕਾਰ ਨੂੰ ਫਿਰ ਉਹ ਬੰਦ ਕਰਨੇ ਪਏ। (ਵਿਘਨ) ਮੈਂ ਸਾਰੀ ਗੱਲ ਤੁਹਾਡੇ ਨਾਲ ਸ਼ੇਅਰ ਕਰਨ ਲੱਗਾ ਹਾਂ।

**Mr. Speaker:** Silence please, ਮੰਤਰੀ ਸਾਹਿਬ ਜਵਾਬ ਦੇ ਰਹੇ ਹਨ।

**ਮੰਤਰੀ :** ਸਾਨੂੰ ਕੋਈ ਇਤਰਾਜ਼ ਨਹੀਂ, ਤੁਸੀਂ ਬਾਹਰ ਜਾ ਕੇ ਵੀ ਕਹਿ ਸਕਦੇ ਹੋ ਕਿ ਮੁਕਰ ਗਏ, ਲੇਕਿਨ ਮੁਕਰਨ ਦੇ ਸਹੀ ਕਾਰਨ ਕੀ ਹਨ, ਮੈਨੂੰ ਉਹ ਕਿਰਪਾ ਕਰਕੇ ਦੱਸ ਲੈਣ ਦਿਓ। ਬੇਨਤੀ ਇਹ ਹੈ ਕਿ (ਵਿਘਨ)

**Mr. Speaker :** Silence please.

**ਮੰਤਰੀ :** ਸਾਡੇ ਕੋਲ 6136 ਸਕੂਲਾਂ ਦੇ ਵਿੱਚ ਕੰਪਿਊਟਰ ਲੈਬ ਆਲਰੈਡੀ ਕੰਮ ਕਰ ਰਹੀਆਂ ਹਨ। ਲੋਕ ਟੈਕਸ ਦੇ ਕੇ ਸਾਡੇ ਖਜ਼ਾਨੇ ਵਿੱਚ ਪੈਸੇ ਜਮ੍ਹਾਂ ਕਰਵਾਉਂਦੇ ਹਨ। ਯੂ.ਪੀ. ਦੇ ਐਕਸਪੀਰੀਐਂਸ ਤੋਂ ਸਾਹਮਣੇ ਆਇਆ ਹੈ ਕਿ ਅੱਜ ਕੱਲ੍ਹ ਦੇ ਸਮੇਂ ਵਿੱਚ ਬੱਚੇ ਵਾਸਤੇ ਇੰਡਵਿਜੂਅਲ ਲੈਪਟਾਪ ਦੇਣਾ ਇਹ ਬੱਚੇ ਦੇ ਜ਼ਿਆਦਾ ਹਿੱਤ ਵਿੱਚ ਨਹੀਂ ਹੈ। ਜਿਹੜੇ ਪੈਸੇ ਦੇ ਲੈਪਟਾਪ ਲੈ ਕੇ ਦੇਣੇ ਹਨ, ਉਸੇ ਪੈਸੇ ਨਾਲ ਸਾਡੀਆਂ ਕੰਪਿਊਟਰ ਲੈਬਜ਼ ਨੂੰ ਅੱਪਗਰੇਡ ਕੀਤਾ ਜਾਵੇ, ਇਸ ਤਰ੍ਹਾਂ ਪੌਣੇ ਦੋ ਲੱਖ ਬੱਚਿਆਂ ਦੀ ਥਾਂ 15 ਲੱਖ ਬੱਚਿਆਂ ਨੂੰ ਫਾਇਦਾ ਹੁੰਦਾ ਹੈ। ਛੇਵੀਂ ਤੋਂ ਲੈ ਕੇ ਬਾਰਵੀਂ ਤੱਕ ਉਹ ਸਾਰੇ ਬੱਚੇ ਲੈਪਟਾਪ ਸਿੱਖ ਸਕਦੇ ਹਨ, ਅੰਡਰ ਸੁਪਰਵਿਜ਼ਨ ਸਿੱਖ ਸਕਦੇ ਹਨ। ਅੱਜ ਕੱਲ੍ਹ ਇੰਟਰਨੈਟ ਦਾ ਸਮਾਂ ਹੈ, ਜਿਸ ਵਿੱਚ best of best and worst of worst available ਹੈ। ਇਸ ਕਰਕੇ ਮੈਂ ਮਾਨਯੋਗ ਮੈਂਬਰਾਂ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਪੁਲੀਟੀਕਲ ਡਿਸੀਜ਼ਨ ਨਹੀਂ ਹੈ। ਮੈਰਿਟ ਦੇ ਉੱਤੇ ਬੱਚਿਆਂ ਦੇ ਸਕੂਲਾਂ ਵਿੱਚ ਕੰਪਿਊਟਰ ਲੈਬਜ਼ ਤੇ ਉਹ ਸਾਰਾ ਪੈਸਾ ਲੱਗ ਜਾਏ, ਇਸ ਦੀ ਮੈਂ ਜ਼ਾਤੀ ਤੌਰ ਤੇ ਆਪ ਜ਼ਿੰਮੇਵਾਰੀ ਲੈ ਕੇ ਵਿੱਤ ਮੰਤਰੀ ਨੂੰ ਚਿੱਠੀ ਲਿਖੀ ਹੈ ਕਿ ਸਾਨੂੰ ਕਿਰਪਾ ਕਰਕੇ ਆਈ.ਸੀ.ਟੀ. ਪ੍ਰੋਜੈਕਟ ਵਿੱਚ, ਜਿਸ ਦੇ ਵਿੱਚ ਆਲਰੈਡੀ 310 ਕਰੋੜ ਰੁਪਏ ਦਿੱਤਾ ਹੈ, ਵਿੱਚ ਹੋਰ ਪੈਸਾ ਦੇ ਦਿਓ ਤਾਂ ਜੋ ਸਾਰੀਆਂ ਕੰਪਿਊਟਰ ਲੈਬਜ਼ ਅਸੀਂ ਕੰਪਲੀਟ ਕਰ ਸਕੀਏ।

**ਸ਼੍ਰੀ ਤਰਲੋਚਨ ਸਿੰਘ :** ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਇਹ ਗੱਲ ਮੰਨੀ ਹੈ ਕਿ 114 ਕਰੋੜ ਰੁਪਿਆ ਪਿਛਲੇ ਬਜਟ ਵਿੱਚ ਰੱਖਿਆ ਗਿਆ ਸੀ। ਕੀ ਮੰਤਰੀ ਸਾਹਿਬ ਇਹ ਗੱਲ ਦੱਸਣਗੇ ਕਿ ਉਹ 114 ਕਰੋੜ ਰੁਪਿਆ ਕਿੱਥੇ ਗਿਆ ਅਤੇ ਕਿਸ ਪਰਪਜ਼ ਵਾਸਤੇ ਉਹ ਪੈਸਾ ਖਰਚ ਕੀਤਾ ਗਿਆ ਹੈ?

**ਮਾਨਯੋਗ ਸਪੀਕਰ :** ਉਹ ਤਾਂ ਖਜ਼ਾਨੇ ਵਿੱਚ ਹੀ ਹੋਣਾ ਹੈ। ਨਹੀਂ ਜੀ, No supplementary. ਹਾਂ ਜੀ ਜਾਖੜ ਸਾਹਿਬ। (ਵਿਘਨ)

**ਮੰਤਰੀ :** ਅਸੀਂ ਤਾਂ ਲਿਖਤੀ ਤੌਰ ਤੇ ਬੇਨਤੀ ਕੀਤੀ ਹੈ ਕਿ ਸਾਨੂੰ ਇਸ ਕੰਮ ਵਾਸਤੇ ਪੈਸਾ ਦਿਉ। ਜੇਕਰ ਬੱਚੇ ਨੂੰ ਇਸ ਉਮਰ ਵਿੱਚ ਕੰਪਿਊਟਰ, ਲੈਪਟਾਪ ਦੇਣ ਨਾਲ ਨੁਕਸਾਨ ਹੁੰਦਾ ਹੈ ਤਾਂ ਮੈਂ ਬੇਨਤੀ ਕਰਦਾ ਹਾਂ ਕਿ ਤੁਸੀਂ ਕਹਿ ਸਕਦੇ ਹੋ ਕਿ ਅਸੀਂ ਮੁੱਕਰ ਗਏ ਹਾਂ।

**ਮਾਨਯੋਗ ਸਪੀਕਰ :** ਪਰ ਪੈਸਾ ਤਾਂ ਕਢਾਇਆ ਹੀ ਨਹੀਂ ਗਿਆ। ਹਾਂ ਜੀ, ਜਾਖੜ ਸਾਹਿਬ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਮੈਂ ਆਨਰੇਬਲ ਸਿੱਖਿਆ ਮੰਤਰੀ ਸਾਹਿਬ ਨੂੰ ਵਧਾਈ ਦੇਣੀ ਚਾਹੁੰਦਾ ਹਾਂ ਕਿ at least he has the courage of conviction to say and call a spade and the key word in this entire thing is this ਕਿ ਇਹ ਕੋਈ ਪੁਲੀਟੀਕਲ ਫੈਸਲਾ ਨਹੀਂ ਹੈ। ਜਿਹੜਾ ਪਹਿਲਾਂ ਮੈਨੀਫੈਸਟੋ ਵਿੱਚ ਰੱਖਿਆ ਸੀ that was only a political decision ਕਿ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਉ ਅਤੇ ਲੋਕਾਂ ਨਾਲ ਮਜ਼ਾਕ ਕਰਕੇ ਚਾਹੇ ਹਜ਼ਾਰ ਰੁਪਿਆ ਦੇਣ ਦੀ ਗੱਲ ਕਰੋ, ਚਾਹੇ ਕੰਪਿਊਟਰ ਦੇਣ ਦੀ ਗੱਲ ਸੀ, ਲੋਕਾਂ ਨੂੰ ਕੁਝ ਵੀ ਦੇ ਦਿਉ। Now they have realized the implication, mostly the financial implications. ਜਿਹੜੀ ਤੁਸੀਂ ਦੂਜੀ ਗੱਲ ਕਹੀ ਹੈ ਕਿ this is not a good thing for the students. Speaker Sahib, I think this is a totally retrograde step. (ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਥੰਪਿੰਗ) Lets resolve in this House ਸਾਰੇ ਐਮ.ਐਲ.ਏ. ਸਾਹਿਬਾਨ ਨੂੰ ਜਿਹੜੇ ਲੈਪਟਾਪ ਜਾਂ ਕੰਪਿਊਟਰ ਲਈ ਤੁਸੀਂ ਸਵਾ-ਸਵਾ ਲੱਖ ਰੁਪਿਆ ਦਿੱਤਾ ਹੈ lets return those things. ਵਾਪਸ ਕਰਵਾਉ। (ਵਿਘਨ) Cheema Sahib, I did not interrupt you. ਮੇਰੇ ਵਾਲਾ ਸਵਾ ਲੱਖ ਰੁਪਿਆ ਤਾਂ ਹੁਣੇ ਹੀ ਵਾਪਸ ਲਉ। (ਵਿਘਨ) (ਸ਼ੋਰ) ਸਪੀਕਰ ਸਾਹਿਬ, ਪਹਿਲਾਂ ਪੀ.ਸੀ. ਤੋਂ ਚਾਲੂ ਹੋਏ ਸੀ ਕਿ ਪਰਸਨਲ ਕੰਪਿਊਟਰ ਦਿਆਂਗੇ, ਫਿਰ ਲੈਪਟਾਪ ਤੇ ਆ ਗਏ ਅਤੇ ਫਿਰ ਟੇਬਲੈਟ ਤੇ ਆ ਗਏ। ਹੁਣ ਚਿੱਟੇ ਵਾਲੀ ਟੇਬਲੈਟ ਨੌਜਵਾਨਾਂ ਨੂੰ ਵੰਡੀ ਜਾਂਦੇ ਹਨ। (ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਥੰਪਿੰਗ) Is that the good tablet, is that the good work? (ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਥੰਪਿੰਗ)

Speaker Sahib, how can they backtrack?

**ਮਾਨਯੋਗ ਸਪੀਕਰ :** ਤੁਹਾਡਾ ਅਗਲਾ ਸਵਾਲ ਹੈ ਜੀ।

**Shri Sunil Jakhar :** Speaker Sahib, how can they backtrack? Lets resolve ਸਾਰਿਆਂ ਤੋਂ ਵਾਪਸ ਕਰਵਾਉ (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਜੇ ਉਨ੍ਹਾਂ ਨੇ ਜਵਾਬ ਸਹੀ ਦੇ ਦਿੱਤਾ ਹੈ....

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਇਨ੍ਹਾਂ ਨੇ ਬਹੁਤ ਵੱਡੀ ਗੱਲ ਕਹੀ ਹੈ। ਇਨ੍ਹਾਂ ਨੇ ਕਿਹਾ ਹੈ ਕਿ this is not a good thing. ਇੰਟਰਨੈੱਟ ਤੇ ਮਾੜੀਆਂ ਚੀਜ਼ਾਂ ਵੀ ਹਨ, I agree with him. But ਐਜੂਕੇਸ਼ਨ ਦਾ ਮੇਨ ਪਰਪਜ਼ is to develop a sense of judgement. Let those people decide, ਚੰਗਾ ਮਾੜਾ ਉਹ ਡਿਸਾਈਡ ਕਰਨਗੇ। ਕਰਨਾਟਕਾ ਅਸੈਂਬਲੀ ਵਿੱਚ they were caught watching unparliamentary. (ਵਿਘਨ)(ਸ਼ੋਰ)

**ਮਾਨਯੋਗ ਸਪੀਕਰ :** ਜਾਖੜ ਜੀ, ਅਗਲਾ ਸਵਾਲ ਤੁਹਾਡਾ ਹੀ ਹੈ।

**ਮੰਤਰੀ :** ਸਪੀਕਰ ਸਾਹਿਬ, ਮੈਂ ਇਨ੍ਹਾਂ ਦੀ ਗਲਤਫਹਿਮੀ ਦੂਰ ਕਰ ਦਿੰਦਾ ਹਾਂ ਜੀ। (ਵਿਘਨ)

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਮੇਰੀ ਤੁਹਾਡੇ ਰਾਹੀਂ ਗੁਜ਼ਾਰਿਸ਼ ਹੈ ਕਿ....

**ਮਾਨਯੋਗ ਸਪੀਕਰ :** ਗੁਜ਼ਾਰਿਸ਼ ਨਹੀਂ, ਕੋਈ ਸਪਲੀਮੈਂਟਰੀ ਕਰੋ। (ਵਿਘਨ) You are the leader of the opposition. ਜੇਕਰ ਤੁਸੀਂ ਇਸ ਤਰ੍ਹਾਂ ਬੋਲਣ ਲੱਗ ਪਏ ਤਾਂ ਫਿਰ ਤਾਂ ਕੰਮ ਹੀ ਸਰ ਗਿਆ। ਤੁਹਾਡਾ ਅਗਲਾ ਸਵਾਲ ਹੈ। (ਵਿਘਨ)

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਮੇਰਾ ਇੱਕ ਐਸ.ਸੀ.ਬੀ.ਸੀ. ਸਕਾਲਰਸ਼ਿਪ ਦਾ ਸਵਾਲ ਸੀ that is also ............

**Mr. Speaker :** That is not the Question. ਇਸ ਵੇਲੇ ਇਹ ਕੋਈ ਸਵਾਲ ਨਹੀਂ ਹੈ। (ਵਿਘਨ) ਤੁਸੀਂ ਆਪਣਾ ਅਗਲਾ ਸਵਾਲ ਪੇਸ਼ ਕਰੋ ਜੀ। (ਵਿਘਨ) ਜਾਖੜ ਸਾਹਿਬ ਅਗਲਾ ਸਵਾਲ ਤੁਹਾਡਾ ਹੈ। ਹਾਂ ਜੀ, ਜਾਖੜ ਜੀ।

----

## ਸੀਵਰੇਜ ਟਰੀਟਮੈਂਟ ਪਲਾਂਟ ਲਗਾਉਣਾ

***1860. ਸ਼੍ਰੀ ਸੁਨੀਲ ਜਾਖੜ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਫਰਵਰੀ ਅਤੇ ਮਾਰਚ, 2014 ਨੂੰ ਉਪ ਮੁੱਖ ਮੰਤਰੀ ਦੁਆਰਾ ਰਾਜ ਦੇ ਕਿਹੜੇ–ਕਿਹੜੇ ਸ਼ਹਿਰਾਂ ਵਿੱਚ ਸੀਵਰੇਜ, ਵਾਟਰ ਸਪਲਾਈ ਅਤੇ ਸੀਵਰੇਜ ਵਾਟਰ ਟਰੀਟਮੈਂਟ ਪਲਾਂਟ ਲਗਾਉਣ ਲਈ ਨੀਂਹ ਪੱਥਰ ਰੱਖੇ ਗਏ ਸੀ;

(ਅ) ਉਪਰੋਕਤ ਪ੍ਰੋਜੈਕਟਾਂ ਨੂੰ ਸਰਕਾਰ ਦੁਆਰਾ ਕਦੋਂ ਤੱਕ ਸ਼ੁਰੂ ਕਰਨ ਦੀ ਯੋਜਨਾ ਹੈ?

**ਸ਼੍ਰੀ ਅਨਿਲ ਜੋਸ਼ੀ :** (ੳ) ਲੋੜੀਂਦੀ ਸੂਚਨਾ ਅਨੁਲੱਗ ੳ ਵਜੋਂ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ਅ) ਅਨੁਲੱਗ ਦੇ ਲੜੀ ਨੰ: 1 ਤੋਂ 18 ਤੇ ਦਰਸਾਏ ਕਸਬਿਆਂ ਅਤੇ ਸ੍ਹਹਿਰਾਂ ਵਿੱਚ ਸੀਵਰੇਜ ਵਿਛਾਉਣ ਲਈ ਡਿਟੇਲਡ ਪ੍ਰੋਜੈਕਟ ਰਿਪੋਰਟਾਂ ਭਾਰਤ ਸਰਕਾਰ ਦੇ ਸ਼ਹਿਰੀ ਵਿਕਾਸ ਮੰਤਰਾਲੇ ਨੂੰ ਯੂ.ਆਈ.ਡੀ.ਐਸ.ਐਸ.ਐਮ.ਟੀ. (ਅਰਬਨ ਇੰਫਰਾਸਟਰਕਚਰ ਡਿਵੈਲਪਮੈਂਟ ਸਕੀਮ ਫਾਰ ਸਮਾਲ ਐਂਡ ਮੀਡੀਅਮ ਟਾਊਨਜ਼) ਅਧੀਨ ਪ੍ਰਵਾਨਗੀ ਹਿੱਤ ਭੇਜੀਆਂ ਗਈਆਂ ਅਤੇ ਭਾਰਤ ਸਰਕਾਰ ਦੇ ਨੁਮਾਇੰਦਿਆਂ ਸਮੇਤ ਸਟੇਟ ਲੈਵਲ ਸੈਂਕਸ਼ਨ ਕਮੇਟੀ ਵੱਲੋਂ ਮਿਤੀ 11.2.2014 ਨੂੰ ਕਲੀਅਰ ਕੀਤੀਆਂ ਗਈਆਂ ਸਨ।

ਅਨੁਲੱਗ ਦੇ ਲੜੀ ਨੰ: 15 ਤੇ ਦਰਸਾਈ ਫਗਵਾੜਾ ਦੀ ਸਕੀਮ ਪ੍ਰਵਾਨ ਹੋ ਗਈ ਸੀ ਪਰੰਤੂ ਇਸ ਦੇ ਫੰਡ ਜਾਰੀ ਨਹੀਂ ਹੋਏ। ਅਨੁਲੱਗ ਦੇ ਲੜੀ ਨੰ: 1 ਤੋਂ 14 ਅਤੇ ਲੜੀ ਨੰ: 16 ਤੋਂ 18 ਤੱਕ ਦੀ ਭਾਰਤ ਸਰਕਾਰ ਤੋਂ ਕੋਈ ਪ੍ਰਵਾਨਗੀ ਪ੍ਰਾਪਤ ਨਹੀਂ ਹੋਈ ਅਤੇ ਨਾ ਹੀ ਕੋਈ ਫੰਡ ਜਾਰੀ ਕੀਤੇ ਗਏ।

ਅਨੁਲੱਗ ਦੇ ਲੜੀ ਨੰਬਰ 19 ਤੇ ਦਰਜ ਫੋਕਲ ਪੁਆਇੰਟ ਖੰਨਾ ਦਾ ਕੰਮ ਪ੍ਰਗਤੀ ਅਧੀਨ ਹੈ ਜਿਸ ਲਈ ਪੰਜਾਬ ਸਮਾਲ ਇੰਡਸਟਰੀਜ਼ ਐਂਡ ਐਕਸਪੋਰਟ ਕਾਰਪੋਰੇਸ਼ਨ ਵੱਲੋਂ ਫੰਡ ਸੀਵਰੇਜ ਬੋਰਡ ਨੂੰ ਦਿੱਤੇ ਹੋਏ ਹਨ।

ਅਨੁਲੱਗ ਦੇ ਲੜੀ ਨੰਬਰ 20 ਤੇ ਦਰਜ ਸੀਵਰੇਜ ਸਕੀਮ ਅੰਮ੍ਰਿਤਸਰ

ਜਵਾਹਰ ਲਾਲ ਨਹਿਰੂ ਅਰਬਨ ਰਿਨਿਊਅਲ ਮਿਸ਼ਨ ਅਧੀਨ ਪ੍ਰਵਾਨ ਹੋ ਗਈ ਸੀ ਅਤੇ ਪਹਿਲੀ ਕਿਸ਼ਤ ਦੇ 11.16 ਕਰੋੜ ਰੁਪਏ ਦੇ ਫੰਡ ਪ੍ਰਾਪਤ ਹੋ ਗਏ ਹਨ। ਇਸ ਕੰਮ ਦੇ ਟੈਂਡਰ ਮੰਗੇ ਗਏ ਹਨ ਜੋ ਮਿਤੀ 31.3.2015 ਨੂੰ ਪ੍ਰਾਪਤ ਹੋਣੇ ਹਨ।

ਭਾਰਤ ਸਰਕਾਰ ਵੱਲੋਂ ਇਹ ਸਕੀਮਾਂ ਵਾਪਸ ਲੈ ਲਈਆਂ ਗਈਆਂ। ਭਾਰਤ ਸਰਕਾਰ ਵੱਲੋਂ ਨਵੀਂ ਸਕੀਮ ਐਲਾਨੇ ਜਾਣ ਉਪਰੰਤ ਡਿਟੇਲਡ ਪ੍ਰੋਜੈਕਟ ਰਿਪੋਰਟਾਂ ਨਵੇਂ ਪੈਟਰਨ ਤੇ ਤਿਆਰ ਕਰਕੇ ਪ੍ਰਵਾਨਗੀ ਹਿੱਤ ਉਪਰਾਲੇ ਕੀਤੇ ਜਾਣਗੇ ਅਤੇ ਫੰਡ ਪ੍ਰਾਪਤ ਹੋਣ ਉਪਰੰਤ ਇਹ ਕੰਮ ਸ਼ੁਰੂ ਕੀਤੇ ਜਾਣਗੇ।

## ਅਨੁਲੱਗ ੳ

ਮਹੀਨਾ ਫਰਵਰੀ ਅਤੇ ਮਾਰਚ, 2014 ਦੌਰਾਨ ਉਪ ਮੁੱਖ ਮੰਤਰੀ, ਪੰਜਾਬ ਦੁਆਰਾ ਸੀਵਰੇਜ ਦੇ ਕੰਮਾਂ ਦੇ ਰੱਖੇ ਗਏ ਨੀਂਹ ਪੱਥਰਾਂ ਬਾਰੇ ਸੂਚੀ:-

| **ਲੜੀ ਨੰ:** | **ਸ਼ਹਿਰ/ਸਕੀਮ ਦਾ ਨਾਂ** | **ਮਿਤੀ** |
|---|---|---|
| 1 | ਸੀਵਰੇਜ ਅਤੇ ਸੀਵੇਜ ਟਰੀਟਮੈਂਟ ਪਲਾਂਟ, ਜੈਤੋਂ | 26.02.2014 |
| 2 | ਸੀਵਰੇਜ ਅਤੇ ਸੀਵੇਜ ਟਰੀਟਮੈਂਟ ਪਲਾਂਟ, ਕੋਟਕਪੂਰਾ | 26.02.2014 |
| 3 | ਸੀਵਰੇਜ ਅਤੇ ਸੀਵੇਜ ਟਰੀਟਮੈਂਟ ਪਲਾਂਟ, ਫਰੀਦਕੋਟ | 26.02.2014 |
| 4 | ਸੀਵਰੇਜ ਅਤੇ ਸੀਵੇਜ ਟਰੀਟਮੈਂਟ ਪਲਾਂਟ, ਮੱਲਾਂ ਵਾਲਾ | 27.02.2014 |
| 5 | ਸੀਵਰੇਜ ਅਤੇ ਸੀਵੇਜ ਟਰੀਟਮੈਂਟ ਪਲਾਂਟ, ਬੱਧਨੀ ਕਲਾਂ | 27.02.2014 |
| 6 | ਸੀਵਰੇਜ ਅਤੇ ਸੀਵੇਜ ਟਰੀਟਮੈਂਟ ਪਲਾਂਟ, ਗੁਰੂ ਹਰ ਸਹਾਏ | 27.02.2014 |
| 7 | ਸੀਵਰੇਜ ਅਤੇ ਸੀਵੇਜ ਟਰੀਟਮੈਂਟ ਪਲਾਂਟ, ਮਮਦੋਟ | 27.02.2014 |

[ ਸਥਾਨਕ ਸਰਕਾਰ ਮੰਤਰੀ ]

| | | |
|---|---|---|
| 8 | ਸੀਵਰੇਜ ਅਤੇ ਸੀਵੇਜ ਟਰੀਟਮੈਂਟ ਪਲਾਂਟ, ਫਾਜ਼ਿਲਕਾ | 27.02.2014 |
| 9 | ਸੀਵਰੇਜ ਅਤੇ ਸੀਵੇਜ ਟਰੀਟਮੈਂਟ ਪਲਾਂਟ, ਮਜੀਠਾ | 27.02.2014 |
| 10 | ਸੀਵਰੇਜ ਸਕੀਮ, ਅਬੋਹਰ | 27.02.2014 |
| 11 | ਸੀਵਰੇਜ ਅਤੇ ਸੀਵੇਜ ਟਰੀਟਮੈਂਟ ਪਲਾਂਟ, ਬਰਨਾਲਾ | 28.02.2014 |
| 12 | ਸੀਵਰੇਜ ਅਤੇ ਸੀਵੇਜ ਟਰੀਟਮੈਂਟ ਪਲਾਂਟ, ਸੰਗਰੂਰ | 28.02.2014 |
| 13 | ਸੀਵਰੇਜ ਅਤੇ ਸੀਵੇਜ ਟਰੀਟਮੈਂਟ ਪਲਾਂਟ, ਨਾਭਾ | 28.02.2014 |
| 14 | ਸੀਵਰੇਜ ਅਤੇ ਸੀਵੇਜ ਟਰੀਟਮੈਂਟ ਪਲਾਂਟ, ਸਨੌਰ | 28.02.2014 |
| 15 | ਸੀਵਰੇਜ ਅਤੇ ਸੀਵੇਜ ਟਰੀਟਮੈਂਟ ਪਲਾਂਟ, ਫਗਵਾੜਾ | 28.02.2014 |
| 16 | ਸੀਵਰੇਜ ਅਤੇ ਸੀਵੇਜ ਟਰੀਟਮੈਂਟ ਪਲਾਂਟ, ਬੱਸੀ ਪਠਾਣਾ | 28.02.2014 |
| 17 | ਸੀਵਰੇਜ ਅਤੇ ਸੀਵੇਜ ਟਰੀਟਮੈਂਟ ਪਲਾਂਟ, ਸਰਹਿੰਦ | 28.02.2014 |
| 18 | ਸੀਵਰੇਜ ਅਤੇ ਸੀਵੇਜ ਟਰੀਟਮੈਂਟ ਪਲਾਂਟ, ਖੰਨਾ | 28.02.2014 |
| 19 | ਸੀਵਰੇਜ ਸਕੀਮ ਫੋਕਲ ਪੁਆਇੰਟ ਏਰੀਆ, ਖੰਨਾ | 28.02.2014 |
| 20 | ਸੀਵਰੇਜ ਅਤੇ ਐਸ.ਟੀ.ਪੀ (ਸਾਊਥ ਈਸਟ) ਅੰਮ੍ਰਿਤਸਰ | 20.02.2014 |
| 21 | ਸੀਵਰੇਜ ਅਤੇ ਸੀਵੇਜ ਟਰੀਟਮੈਂਟ ਪਲਾਂਟ, ਆਦਮਪੁਰ | 10.02.2014 |

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਪਲੀਜ਼ ਥੋੜ੍ਹੀ ਜਿਹੀ ਲੀਨੀਐਂਸੀ ਵਰਤਣਾ because it is very important question. Speaker Sahib, I disagree with what the Hon'ble Minister has stated on the floor of the House. ਜਿਹੜਾ ਤੁਸੀਂ ਬੀ ਭਾਗ ਤੇ ਦਿੱਤੇ ਜਵਾਬ ਵਿਚ ਕਿਹਾ ਹੈ ਕਿ ਇਹ ਫਗਵਾੜੇ ਦਾ ਹੋਇਆ ਸੀ I have the minutes of the meeting held on 14.5.2014 at 3.30 P.M. at Punjab Water Supply & Sewerage Board. ਇਹ ਕਹਿ ਰਹੇ ਹਨ ਕਿ ਫਗਵਾੜੇ ਦੀ ਸਕੀਮ ਪ੍ਰਵਾਨ ਹੋਈ ਸੀ। It is not just Phagwara, ਸਪੀਕਰ ਸਾਹਿਬ, ਉਸ ਦੇ ਨਾਲ ਹੋਰ ਵੀ ਸਕੀਮਾਂ ਅਪਰੂਵ ਹੋਈਆਂ ਸਨ। Name of the Project which were approved, Phagwara, Sangrur, Abohar, Khanna and Barnala ਉਨ੍ਹਾਂ ਦੇ ਅੱਗੇ ਨੋਟ ਹੈ ਕਿ These were approved by the Government of India in State level Sanction Committee meeting held on 11.2.2014 and technically appraised by the Government of India and funds will be released by the Government of India by MOUD from the Fourteenth budget. ਫਗਵਾੜੇ ਦਾ ਇਨ੍ਹਾਂ ਨੇ ਦੱਸ ਦਿੱਤਾ ਹੈ ਪਰ ਬਾਕੀ ਸ਼ਹਿਰਾਂ ਦੀ ਕੀ ਪੁਜੀਸ਼ਨ ਹੈ? ਸਪੀਕਰ ਸਾਹਿਬ, this is a wrong answer which is being given by the Minister.

**ਮਾਨਯੋਗ ਸਪੀਕਰ :** ਤੁਸੀਂ ਇਸ ਸਬੰਧ ਵਿਚ ਆਪਣੀ ਸਪਲੀਮੈਂਟਰੀ ਪੁੱਛੋ।

**ਸ਼੍ਰੀ ਸੁਨੀਲ ਜਾਖੜ :** ਸਰ, ਸਪਲੀਮੈਂਟਰੀ ਹੈ ਕਿ ਇਹ ਜਿਹੜੇ ਸ਼ਹਿਰ ਅਪਰੂਵ ਹੋਏ ਹਨ, ਐਸ.ਐਲ.ਐਸ.ਸੀ. ਨੇ ਕਰ ਦਿੱਤੇ, ਗੌਰਮਿੰਟ ਆਫ ਇੰਡੀਆ ਨੇ ਸੈਂਕਸ਼ਨ ਕਰ ਦਿੱਤੇ, ਫਿਰ ਇਨ੍ਹਾਂ ਦਾ ਫਗਵਾੜਾ, ਅਬੋਹਰ, ਸੰਗਰੂਰ, ਖੰਨਾ ਤੇ ਬਰਨਾਲਾ ਦਾ ਕੀ ਹੋਇਆ?

**ਮੰਤਰੀ :** ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦੱਸਿਆ ਹੈ ਕਿ ਇਹ ਸਕੀਮਾਂ ਭਾਰਤ ਸਰਕਾਰ ਨੇ ਵਾਪਸ ਲੈ ਲਈਆਂ ਸਨ। ਉਨ੍ਹਾਂ ਨੇ ਨਵੀਂ ਅਜੇ ਕੋਈ ਜਾਰੀ ਨਹੀਂ ਕੀਤੀ ਕਿ ਕਿਹੜੀ ਸਕੀਮ ਚਲਣੀ ਹੈ। ਇਸ ਤੋਂ ਇਲਾਵਾ ਸਰਕਾਰ ਨੇ ਬਜਟ ਵਿਚ ਭਰੋਸਾ ਦਿੱਤਾ ਹੈ, ਵਾਇਦਾ ਕੀਤਾ ਹੈ ਕਿ ਅਸੀਂ ਵੈਸੇ ਹੀ 2017 ਤੱਕ 100% ਪਿੰਡਾਂ ਤੇ ਸ਼ਹਿਰਾਂ ਨੂੰ ਵਾਟਰ ਸਪਲਾਈ ਤੇ ਸੀਵਰੇਜ ਪ੍ਰੋਵਾਈਡ

[ ਸਥਾਨਕ ਸਰਕਾਰ ਮੰਤਰੀ ]

ਕਰਵਾਉਣਾ ਹੈ। ਇਹ ਅਸੀਂ ਪਹਿਲਾਂ ਕਰਾਂਗੇ। ਬਾਕੀ ਜਿਹੜੀ ਨਵੀਂ ਸਕੀਮ ਐਲਾਨੀ ਜਾਵੇਗੀ। 21 ਕਸਬਿਆਂ ਬਾਰੇ ਇਨ੍ਹਾਂ ਨੂੰ ਡਿਟੇਲ ਦਿੱਤੀ ਹੋਈ ਹੈ। ਸਾਰਾ ਚਿੱਠੀ ਪੱਤਰ ਵੀ ਨਾਲ ਲਗਾਇਆ ਹੋਇਆ ਹੈ। ਜੇਕਰ ਇਹ ਮੈਂ ਪੜ੍ਹਨ ਲੱਗਾਂ ਤਾਂ ਕੋਈ ਮਾਇਨੇ ਨਹੀਂ ਰੱਖੇਗਾ। ਬਾਕੀ ਸਰਕਾਰ ਦਾ ਅਤੇ ਸੀ.ਐਮ. ਸਾਹਿਬ ਦਾ ਵਾਇਦਾ ਹੈ ਕਿ ਸਾਲ 2017 ਤੱਕ 100% ਕਸਬਿਆਂ, ਸ਼ਹਿਰਾਂ ਨੂੰ ਸੀਵਰੇਜ ਤੇ ਵਾਟਰ ਸਪਲਾਈ ਪ੍ਰੋਵਾਈਡ ਕਰਵਾਉਣੀ ਹੈ । ਜਿਹੜੇ ਨੀਂਹ ਪੱਥਰ ਰੱਖੇ ਹੋਏ ਹਨ, ਉਹ ਪਹਿਲਾਂ ਕੰਪਲੀਟ ਕੀਤੇ ਜਾਣਗੇ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਇਨ੍ਹਾਂ ਨੇ 2017 ਵਾਲੀ ਗੱਲ ਕਹੀ ਹੈ, ਮੇਰੇ ਕੋਲ ਮਾਨਯੋਗ ਡਿਪਟੀ ਸੀ.ਐਮ. ਸਾਹਿਬ ਦੀਆਂ ਤਿੰਨ ਸਟੇਟਮੈਂਟਾਂ ਹਨ। ਪਹਿਲੀ ਵਿਚ ਉਨ੍ਹਾਂ ਨੇ ਕਿਹਾ ਹੈ ਕਿ ਫਰਵਰੀ, 2015 ਤੱਕ ਸਾਰੇ ਸ਼ਹਿਰਾਂ ਵਿਚ ਵਾਟਰ ਸਪਲਾਈ ਤੇ ਸੀਵਰੇਜ ਦੇ ਦਿਆਂਗੇ। ਮੇਰੇ ਕੋਲ ਦੂਜੀ ਸਟੇਟਮੈਂਟ ਹੈ ਕਿ ਦਸੰਬਰ, 2015 ਤੱਕ ਸਾਰੀਆਂ ਦੀਆਂ ਸਾਰੀਆਂ ਵਾਟਰ ਸਪਲਾਈ ਸਕੀਮਾਂ ਲਾਗੂ ਹੋ ਜਾਣਗੀਆਂ। ਹੁਣ ਡਿਪਟੀ ਸੀ.ਐਮ. ਸਾਹਿਬ ਦਾ ਦੋ ਦਿਨ ਪਹਿਲਾਂ ਬਿਆਨ ਆ ਗਿਆ ਹੈ ਤੇ ਬਜਟ ਵਿਚ ਕਿਹਾ ਹੈ ਕਿ 2017 ਤੱਕ ਅਸੀਂ ਸਾਰੀ ਦੀ ਸਾਰੀ ਲਾਗੂ ਕਰ ਦਿਆਂਗੇ that shows the hollowness of their promises. ਉਸ ਤੋਂ ਵੀ ਵੱਡੀ ਗੱਲ ਇਹ ਹੈ there is a fundamental issue involved. ਮਾਨਯੋਗ ਮੰਤਰੀ ਜੀ ਕਹਿ ਰਹੇ ਹਨ ਕਿ ਇਹ ਸਾਰੀਆਂ ਸਕੀਮਾਂ ਅਪਰੂਵ ਹੀ ਨਹੀਂ ਹੋਈਆਂ।ਫਿਰ ਇਹ ਨੀਂਹ ਪੱਥਰ ਕਿਉਂ ਰੱਖੇ ਗਏ ਹਨ? ਪਿਛਲੀ ਵਾਰੀ ਜਦੋਂ ਮੈਂ ਸਦਨ ਵਿਚ ਇਨ੍ਹਾਂ ਤੇ ਇਲਜ਼ਾਮ ਲਗਾਇਆ ਸੀ ਕਿ ਇਨ੍ਹਾਂ ਉਤੇ ਮੈਂ ਪਬਲਿਕ ਇੰਟਰਸਟ ਲਿਟੀਗੇਸ਼ਨ ਪਾਵਾਂਗਾ ਕਿ ਇਨ੍ਹਾਂ ਨੀਂਹ ਪੱਥਰਾਂ ਦਾ ਖਰਚਾ ਹੋਇਆ ਹੈ, ਹੈਲੀਕਾਪਟਰਾਂ ਦਾ ਖਰਚਾ, ਐਡਵਰਟਾਈਜ਼ਮੈਂਟ ਆਦਿ ਦਾ ਕਰੋੜਾਂ ਰੁਪਏ ਦਾ ਖਰਚਾ ਹੋਇਆ ਹੈ, ਉਹ ਕੌਣ ਵਾਪਸ ਕਰੇਗਾ? ਇਹ ਮੇਨ ਪ੍ਰਾਬਲਮ ਹੈ। ਸਪੀਕਰ ਸਾਹਿਬ, ਢੀਂਡਸਾ ਸਾਹਿਬ ਬੈਠੇ ਹਨ, ਸਾਲ 2014-15 is this not a mockery (ਅਖਬਾਰ ਵਿਖਾਉਂਦੇ ਹੋਏ।)

**Mr. Speaker :** Dont' show the papers.

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, 2014-15 ਦੇ ਬਜਟ ਅੰਦਰ ਤੁਸੀਂ 827 ਕਰੋੜ ਰੁਪਏ ਪਾ ਦਿੱਤੇ ਜਿਹੜੀ ਕਿ ਸੈਂਟਰ ਗੌਰਮਿੰਟ ਦੀ

ਕੰਟਰੀਬਿਊਸ਼ਨ ਸੀ..(ਵਿਘਨ)

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** ਸਪੀਕਰ ਸਾਹਿਬ, ਇਹ ਸਪੈਸੀਫਿਕ ਕੁਐਸਚਨ ਪੁੱਛਣ। ਟਾਈਮ ਵੇਸਟ ਕਿਉਂ ਕਰ ਰਹੇ ਹਨ?

**ਮਾਨਯੋਗ ਸਪੀਕਰ :** ਤੁਸੀਂ ਆਪਣੀ ਸਪਲੀਮੈਂਟਰੀ ਪੁੱਛੋ ਜੀ, ਕੋਈ ਸਪਲੀਮੈਂਟਰੀ ਹੈ ਤਾਂ ਉਹ ਤੁਸੀਂ ਪੁੱਛੋ ।

**ਸ਼੍ਰੀ ਸੁਨੀਲ ਜਾਖੜ :** ਜਿਹੜਾ 827 ਕਰੋੜ ਰੁਪਿਆ 2014-15 ਦੇ ਬਜਟ ਵਿੱਚ ਪਾਇਆ ਸੀ..(ਵਿਘਨ) (ਸ਼ੋਰ)

**Mr. Speaker :** This is not a supplementary.

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਜਿਹੜੇ ਪਿਛਲੇ ਬਜਟ ਵਿੱਚ 827 ਕਰੋੜ ਰੁਪਏ ਰੱਖੇ ਗਏ ਹਨ, ਕੀ ਇਹ ** ਹਨ ?

**Parliamentary Affairs Minister :** Put a specific question. ਤੁਸੀਂ ਬਜਟ ਤੇ ਬੋਲੋ ਜਿਹੜਾ ਬੋਲਣਾ ਹੈ (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਕੋਈ ਸਪਲੀਮੈਂਟਰੀ ਹੈ ਤਾਂ ਉਹ ਤੁਸੀਂ ਪੁੱਛੋ ।

**ਸੰਸਦੀ ਮਾਮਲੇ ਮੰਤਰੀ :** ਤੁਸੀਂ ਤਾਂ ਪੜ੍ਹਿਆ ਹੀ ਨਹੀਂ.. (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਜਾਖੜ ਸਾਹਿਬ, ਮੈਂ ਤੁਹਾਡਾ ਰਿਗਾਰਡ ਕਰਦਾ ਹਾਂ। ਤੁਸੀਂ ਸਮਝਦੇ ਨਹੀਂ । ਤੁਸੀਂ ਸਪਲੀਮੈਂਟਰੀ ਪੁੱਟ ਕਰੋ । ਤੁਹਾਨੂੰ ਬੜਾ ਸੰਜੀਦਾ ਤਰੀਕੇ ਨਾਲ, ਸਿੰਪਲ ਵੇਅ ਨਾਲ, ਜਿਵੇਂ ਬਾਦਲ ਸਾਹਿਬ ਪੁੱਟ ਕਰਦੇ ਹਨ, ਉਸੀ ਤਰ੍ਹਾਂ ਪੁੱਟ ਕਰਨਾ ਚਾਹੀਦਾ ਹੈ । (ਵਿਘਨ) (ਸ਼ੋਰ)

**ਸ਼੍ਰੀ ਸੁਨੀਲ ਜਾਖੜ :** ਮੇਰਾ ਸਵਾਲ ਹੈ ਕਿ ਜਿਹੜੇ 827 ਕਰੋੜ ਰੁਪਏ ਪਾਏ ਸਨ .. (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਸਿੱਧੂ ਸਾਹਿਬ, ਤੁਸੀਂ ਬੈਠ ਜਾਓ । ਤੁਹਾਡੇ ਲੀਡਰ on legs ਹਨ । ਜਾਖੜ ਸਾਹਿਬ, ਆਪਾਂ ਨੇ ਕੋਈ ਸਪਲੀਮੈਂਟਰੀ ਵੀ ਪੁੱਛਣੀ ਹੈ ਜਾਂ ਨਹੀਂ?

---

**Expunged as ordered by the Chair.

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਜਿਹੜੇ 827 ਕਰੋੜ ਰੁਪਏ ਬਾਰੇ ਫਲੋਰ ਆਫ ਦਿ ਹਾਊਸ, ਬਜਟ ਵਿੱਚ ਪਰਾਮਿਸ ਕੀਤੇ ਗਏ ਸਨ ....

**ਮੰਤਰੀ :** ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਜਿਹੜੀ ਗੱਲ ਦੱਸੀ ਹੈ। ਪਹਿਲਾਂ ਭਾਰਤ ਸਰਕਾਰ ਵੱਲੋਂ ਇਹ ਸਕੀਮਾਂ ਪ੍ਰਵਾਨਿਤ ਕੀਤੀਆਂ ਗਈਆਂ ਸਨ, ਉਹ ਉਨ੍ਹਾਂ ਨੇ ਵਾਪਸ ਲੈ ਲਈਆਂ ਹਨ । ਹੁਣ ਕੋਈ ਨਵੀਂ ਪਾਲਿਸੀ ਐਲਾਨ ਹੋਵੇਗੀ ਤੇ ਉਸ ਦੇ ਅਕਾਰਡਿੰਗ ਹੀ ਅਸੀਂ ਕੰਮ ਸ਼ੁਰੂ ਕਰਾਂਗੇ। ਇਸ ਤੋਂ ਇਲਾਵਾ ਸਰਕਾਰ ਦਾ ਪਰਾਮਿਸ ਹੈ, ਸਰਕਾਰ ਨੇ ਵਾਅਦਾ ਕੀਤਾ ਹੈ, ਸੀਵਰੇਜ ਦਾ ਕੰਮ ਹੁਣ ਸ਼ੁਰੂ ਹੋ ਕੇ ਨਾਲ ਦੀ ਨਾਲ ਖਤਮ ਨਹੀਂ ਹੋ ਜਾਣਾ। ਜੇ ਪੰਜਾਬ ਦੇ ਸਾਰੇ ਸ਼ਹਿਰਾਂ ਨੂੰ ਸੀਵਰੇਜ ਤੇ ਵਾਟਰ ਸਪਲਾਈ ਸ਼ਤ-ਪ੍ਰਤੀਸ਼ਤ ਦੇਣੀ ਹੈ ਤੇ ਇਸ ਤੇ ਦੋ-ਤਿੰਨ ਸਾਲ ਲੱਗ ਜਾਣੇ ਹਨ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਰਕਮ ਸ਼ੇਅਰ ਵਾਸਤੇ ਰੱਖੀ ਗਈ ਸੀ । ਜੇ ਭਾਰਤ ਸਰਕਾਰ ਦੇ ਪੈਸੇ ਨਹੀਂ ਆਏ ਤੇ ਇਹ ਪੈਸੇ ਅਸੀਂ ਫਿਰ ਹੋਰ ਕਿਤੇ ਨਹੀਂ ਲਗਾ ਸਕਦੇ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਲੀਡਰ ਆਫ ਦਿ ਆਪੋਜ਼ੀਸ਼ਨ ਨੂੰ ਇਹ ਦੁਬਾਰਾ ਵਾਅਦਾ ਕਰਦਾ ਹਾਂ ਕਿ 2017 ਤੱਕ ਸ਼ਤ-ਪ੍ਰਤੀਸ਼ਤ ਸੀਵਰੇਜ ਅਤੇ ਵਾਟਰ ਸਪਲਾਈ ਪੰਜਾਬ ਨੂੰ ਦੇ ਦਿੱਤਾ ਜਾਵੇਗਾ ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਇਹ ਦੱਸਣ ਕਿ ਇਹ ਸਕੀਮਾਂ ਕਦੋਂ ਵਿਦਡਰਾਅ ਹੋਈਆਂ ਹਨ ? ਇਸ ਬਾਰੇ ਡੇਟ ਦੱਸ ਦੇਣ ।

**ਮੰਤਰੀ :** ਜਦੋਂ ਉਨ੍ਹਾਂ ਨੇ ਜਨੂਰਮ ਸਕੀਮ ਖਤਮ ਕਰ ਦਿੱਤੀ, ਉਦੋਂ ਇਹ ਸਕੀਮਾਂ ਖਤਮ ਹੋ ਗਈਆਂ ।

**ਸ਼੍ਰੀ ਸੁਨੀਲ ਜਾਖੜ :** ਕਦੋਂ ਖਤਮ ਹੋਈ, ਇਹ ਡੇਟ ਦੱਸ ਦੇਣ ।

**ਮੰਤਰੀ :** ਇਹ ਸਾਰੀ ਜਾਣਕਾਰੀ ਲੰਬੀ ਚੌੜੀ ਹੈ । ਇਨ੍ਹਾਂ ਨੂੰ ਭੇਜੀ ਹੈ ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਕੋਈ ਲੰਬੀ ਚੌੜੀ ਨਹੀਂ । ਮੇਰੇ ਕੋਲ ਕਾਗਜ਼ ਹਨ । ਸਪੀਕਰ ਸਾਹਿਬ, 10 ਜੂਨ ਦੀ ਉਨ੍ਹਾਂ ਦੀ ਕਮੇਟੀ ਦੀ ਮੀਟਿੰਗ ਹੈ । 10 ਜੂਨ ਨੂੰ ਸੈਂਟਰਲ ਸੈਂਕਸ਼ਿੰਗ ਐਂਡ ਮਾਨੇਟਰਿੰਗ ਕਮੇਟੀ (ਸੀ. ਐਸ. ਐਮ. ਸੀ.) ਦੀ ਮੀਟਿੰਗ ਹੋਈ.. (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਉਨ੍ਹਾਂ ਨੇ ਕਹਿ ਦਿੱਤਾ ਹੈ ਕਿ ਸਾਲ 2017 ਤੱਕ ਕੰਪਲੀਟ ਕਰ ਦਿਆਂਗੇ ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਇਨ੍ਹਾਂ ਦੀ 10 ਜੂਨ ਨੂੰ ਰਿਜੈਕਸ਼ਨ ਹੋਈ ਹੈ । 16 ਜੁਲਾਈ ਨੂੰ ਬਜਟ ਆ ਰਿਹਾ ਹੈ (ਵਿਘਨ)

**ਮੰਤਰੀ :** ਇਨ੍ਹਾਂ ਨੂੰ ਜਾਣਕਾਰੀ ਦੇ ਦਿੱਤੀ ਹੈ ਤੇ ਜੋ ਕੋਈ ਹੋਰ ਜਾਣਕਾਰੀ ਚਾਹੀਦੀ ਹੈ ਤਾਂ ਇਹ ਲਿਖ ਕੇ ਦੇ ਦੇਣ ਜਾਂ ਮੇਰੇ ਚੈਂਬਰ ਵਿੱਚ ਆ ਜਾਣ, ਇਨ੍ਹਾਂ ਨੂੰ ਸਾਰੀ ਜਾਣਕਾਰੀ ਦੇ ਦੇਵਾਂਗੇ ।

**ਮਾਨਯੋਗ ਸਪੀਕਰ :** ਉਨ੍ਹਾਂ ਨੇ ਕਹਿ ਦਿੱਤਾ ਹੈ ਕਿ 2017 ਤੱਕ ਸਾਰਾ ਕਰ ਦਿਆਂਗੇ ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ...

**Mr. Speaker :** This is Question Hour. (Interruptions) No, No. This is not allowed. ਹਾਂ ਜੀ, ਪ੍ਰੇਮ ਮਿੱਤਲ ਜੀ ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ ।)

**ਮਾਨਯੋਗ ਸਪੀਕਰ :** ਉਨ੍ਹਾਂ ਨੇ ਜਵਾਬ ਦੇ ਦਿੱਤਾ ਹੈ ।

**ਸੰਸਦੀ ਮਾਮਲੇ ਮੰਤਰੀ :** ਲਾਲ ਸਿੰਘ ਜੀ, ਤੁਸੀਂ ਬਜਟ ਤੇ ਬੋਲਣਾ ਹੈ । (ਵਿਘਨ) (ਸ਼ੋਰ) ਲਾਲ ਸਿੰਘ ਜੀ, ਇਹ ਤੁਹਾਡੀ ਸਪੀਚ ਖਰਾਬ ਕਰ ਰਹੇ ਹਨ । ਇਨ੍ਹਾਂ ਨੇ ਤੁਹਾਨੂੰ ਬੋਲਣ ਨਹੀਂ ਦੇਣਾ ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ....

**ਮਾਨਯੋਗ ਸਪੀਕਰ :** ਮਿੱਤਲ ਸਾਹਿਬ। ਨੈਕਸਟ ਕੁਐਸਚਨ। ਮਿੱਤਲ ਸਾਹਿਬ। (ਵਿਘਨ) (ਸ਼ੋਰ) ਉਨ੍ਹਾਂ ਨੇ ਜਵਾਬ ਦੇਣਾ ਹੈ, ਉਹ ਜਵਾਬ ਆ ਗਿਆ ਹੈ ।

----

## ਨਿਸ਼ਾਨ ਵਾਲਾ ਪ੍ਰਸ਼ਨ ਨੰ. : 1771

(ਸਬੰਧਿਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋ ਸਕਿਆ ।)

----

**ਮਾਨਯੋਗ ਸਪੀਕਰ :** ਹਾਂ ਜੀ, ਅਗਲਾ ਸਵਾਲ। ਜਸਟਿਸ ਨਿਰਮਲ ਸਿੰਘ।

**ਜਸਟਿਸ ਨਿਰਮਲ ਸਿੰਘ :** ਸਪੀਕਰ ਸਾਹਿਬ, ਮੇਰਾ ਸਵਾਲ ਨੰ: 1881 ਹੈ,(ਵਿਘਨ)(ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਦੇ ਹਾਜ਼ਰ ਸਾਰੇ ਮੈਂਬਰ** ਨਾਅਰੇ ਲਗਾਉਂਦੇ ਹੋਏ ਸਦਨ ਦੇ ਵੈੱਲ ਵਿੱਚ ਆ ਗਏ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਸਪੀਕਰ** : ਮਿੱਤਲ ਸਾਹਿਬ, ..(ਵਿਘਨ). ਨਹੀਂ, ਨਹੀਂ ਤੁਸੀਂ ਤਾਂ ਡਿਸਕਸ਼ਨ ਸ਼ੁਰੂ ਕਰ ਦਿੱਤੀ (ਵਿਘਨ) ਨਾਅਰੇ ਰਿਕਾਰਡ ਨਾ ਕੀਤੇ ਜਾਣ।

(ਇਸ ਸਮੇਂ ਵੀ ਇੰਡੀਅਨ ਨੈਸ਼ਨਲ ਕਾਂਗਰਸ ਦੇ ਹਾਜ਼ਰ ਮੈਂਬਰ ਸਾਹਿਬਾਨ ਸਦਨ ਦੇ ਵੈੱਲ ਵਿੱਚ ** ** ਨਾਅਰੇ ਲਗਾ ਰਹੇ ਸਨ ਅਤੇ ਸ਼੍ਰੀ ਸੁਨੀਲ ਜਾਖੜ ਲੀਡਰ ਆਫ ਦੀ ਆਪੋਜ਼ੀਸ਼ਨ ਸਦਨ ਦੇ ਵੈੱਲ ਵਿਚੋਂ ਹੀ ਕਹਿ ਰਹੇ ਸਨ ਕਿ ਉਹ ਪਾਣੀ ਦੀ ਬੋਤਲ ਲਿਆਉਣਗੇ, ਤੁਸੀਂ ਉਸ ਨੂੰ ਪੀ ਕੇ ਵਿਖਾਉ।)

**ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ (ਸਰਦਾਰ ਸਿਕੰਦਰ ਸਿੰਘ ਮਲੂਕਾ) :** ਇਸ ਤਰ੍ਹਾਂ ਨਾ ਹੋਵੇ ਕਿ ਕਿਤੇ ਗੰਦੇ ਪਾਣੀ ਵਿਚੋਂ ਬੋਤਲ ਭਰ ਲਈ ਹੋਵੇ। ਮੈਂ ਤੁਹਾਡੇ ਨਾਲ ਚੱਲਾਂਗਾ ..(ਵਿਘਨ).. ਸਪੀਕਰ ਸਾਹਿਬ, ਮੈਂ ਜਾਖੜ ਸਾਹਿਬ ਦੇ ਨਾਲ ਚੱਲਾਂਗਾ, ਜਿਹੜੀ ਟੂਟੀ ਤੋਂ ਕਹਿਣਗੇ, ਮੈਂ ਪਾਣੀ ਪੀ ਲਵਾਂਗੇ। ਦੋਨੋਂ ਇਕੱਠੇ ਚੱਲਾਂਗੇ ..(ਵਿਘਨ).

**ਮਾਨਯੋਗ ਸਪੀਕਰ :** ਤੁਹਾਡੇ ਸਾਥੀਆਂ ਦੇ ਕੁਐਸਚਨ ਖਰਾਬ ਹੋ ਰਹੇ ਹਨ ...(ਵਿਘਨ). ਕੋਈ ਚੀਜ਼ ਰਿਕਾਰਡ ਨਾ ਕੀਤੀ ਜਾਵੇ, ਨਾਅਰੇ ਰਿਕਾਰਡ ਨਾ ਕੀਤੇ ਜਾਣ। ਕੋਈ ਵੀ ਜੋ ਮੇਰੀ ਪਰਮਿਸ਼ਨ ਤੋਂ ਬਗੈਰ ਬੋਲਦਾ ਹੈ ਜਾਂ ਕੋਈ ਅਨਪਾਰਲੀਮੈਂਟਰੀ ਬੋਲਦਾ ਹੈ, ਉਹ ਐਕਸਪੰਜ ਕੀਤਾ ਜਾਵੇ ..(ਵਿਘਨ) ..

(ਇਸ ਸਮੇਂ ਵੀ ਇੰਡੀਅਨ ਨੈਸ਼ਨਲ ਕਾਂਗਰਸ ਦੇ ਹਾਜ਼ਰ ਮੈਂਬਰ ਸਾਹਿਬਾਨ ਸਦਨ ਦੇ ਵੈੱਲ ਵਿੱਚ ** ** ਨਾਅਰੇ ਲਗਾ ਰਹੇ ਸਨ ਅਤੇ ਸ਼੍ਰੀ ਸੁਨੀਲ ਜਾਖੜ ਲੀਡਰ ਆਫ ਦਿ ਆਪੋਜ਼ੀਸ਼ਨ ਸਦਨ ਦੇ ਵੈੱਲ ਵਿਚੋਂ ਹੀ ਕਹਿ ਰਹੇ ਸਨ ਕਿ ਉਨ੍ਹਾਂ ਨੂੰ ਪਾਣੀ ਦੀ ਬੋਤਲ ਅੰਦਰ ਲਿਆਉਣ ਦੀ ਆਗਿਆ ਦਿੱਤੀ ਜਾਵੇ।)

**Not recorded as ordered by the Chair.

**ਮਾਨਯੋਗ ਸਪੀਕਰ :** ਜਾਖੜ ਜੀ, ਉਨ੍ਹਾਂ ਨੇ ਕਹਿ ਦਿੱਤਾ ਹੈ ਕਿ 2017 ਵਿੱਚ ਸਾਰਿਆਂ ਨੂੰ ਮੁਕੰਮਲ ਕਰ ਦੇਣਾ ਹੈ .(ਵਿਘਨ)..

**ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ :** ਤੁਸੀਂ ਕਹਿੰਦੇ ਹੋ ਕਿ ਟੂਟੀਆਂ ਦਾ ਪਾਣੀ ਮਾੜਾ ਹੈ, ਮੈਂ ਤੁਹਾਡੇ ਨਾਲ ਇਨ੍ਹਾਂ ਛੁੱਟੀਆਂ ਵਿੱਚ ਚੱਲਾਂਗਾ। ਆਪਾਂ ਉਥੇ ਟੂਟੀਆਂ ਦਾ ਪਾਣੀ ਪੀਵਾਂਗੇ। ਜਿਹੜੀ ਟੂਟੀ ਦਾ ਕਹੋਗੇ, ਉਸ ਦਾ ਪੀ ਲਵਾਂਗੇ, ਕੋਈ ਪ੍ਰਾਬਲਮ ਨਹੀਂ ਹੈ। ਐਵੇਂ ਆਪਾਂ ਪ੍ਰਚਾਰ ਕਰਨਾ ਹੈ, ਜਿੰਨਾ ਮਰਜ਼ੀ ਕਰੀ ਚੱਲੋ। ਇਹੋ ਜਿਹੀ ਉਥੇ ਕੋਈ ਗੱਲ ਨਹੀਂ ਹੈ। ਐਵੇਂ ਜਾਣ ਕੇ ਪ੍ਰਚਾਰ ਕਰਨਾ ਹੈ, ਜਿੰਨਾ ਮਰਜ਼ੀ ਕਰੋ .(ਵਿਘਨ).ਮੈਂ ਜਾ ਕੇ ਟੂਟੀ ਦਾ ਪਾਣੀ ਪੀਵਾਂਗਾ, ਜਿਹੜੀ ਟੂਟੀ ਦਾ ਕਹਿਣਗੇ, ਉਸ ਦਾ ਪੀ ਲਵਾਂਗਾ ..(ਵਿਘਨ). ਐਵੇਂ ਗਲਤ ਕਹੀ ਜਾਂਦੇ ਹੋ .(ਵਿਘਨ).

**ਮਾਨਯੋਗ ਸਪੀਕਰ :** ਇਸ ਵਿੱਚ ਮੇਰੇ ਧੱਕੇ ਕਰਨ ਵਾਲੀ ਕਿਹੜੀ ਗੱਲ ਹੈ .(ਵਿਘਨ). ਤੁਹਾਡੇ ਦੂਸਰੇ ਸਵਾਲਾਂ ਦੇ ਜਵਾਬ ਨਹੀਂ ਆਉਣੇ। ਹਾਂ ਜੀ, ਮਦਨ ਮੋਹਨ ਮਿੱਤਲ ਜੀ ਜਵਾਬ ਦੇਵੋ। .(ਵਿਘਨ)** ਨਾਅਰੇ ਐਕਸਪੰਜ ਕਰ ਦਿੱਤੇ ਜਾਣ ....(ਵਿਘਨ)....

----

## WALK OUT

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਹਾਜ਼ਰ ਸਮੂਹ ਮੈਂਬਰ ਸਥਾਨਕ ਸਰਕਾਰ ਮੰਤਰੀ ਵੱਲੋਂ ਤਸੱਲੀਬਖਸ਼ ਜਵਾਬ ਨਾ ਦਿੱਤੇ ਜਾਣ ਦੇ ਰੋਸ ਵਜੋਂ ਸਦਨ ਵਿਚੋਂ ** ਨਾਅਰੇ ਲਗਾਉਂਦੇ ਹੋਏ ਵਾਕ ਆਊਟ ਕਰ ਗਏ।)

**ਜਸਟਿਸ ਨਿਰਮਲ ਸਿੰਘ :** ਸਪੀਕਰ ਸਾਹਿਬ, ਮੇਰਾ ਕੁਐਸਚਨ ਦਾ ਨੰਬਰ 1881 ਹੈ।

**ਮਾਨਯੋਗ ਸਪੀਕਰ :** ਮਿੱਤਲ ਸਾਹਿਬ, ਜਵਾਬ ਦੇਵੋ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** ਸਪੀਕਰ ਸਾਹਿਬ, ਬੜੀ ਖੁਸ਼ੀ ਦੀ ਗੱਲ ਹੈ ਕਿ ਸਾਰੇ ਲੈਜਿਸਲੇਟਰ ਅੱਜ ਮਿਸਿਜ਼ ਬਾਜਵਾ ਦੀ ਲੀਡਰਸ਼ਿਪ ਵਿੱਚ ਬਾਹਰ ਜਾ ਰਹੇ ਹਨ। ਮੈਂ, ਬੀਬੀ ਜੀ ਨੂੰ ਵਧਾਈ ਦਿੰਦਾ ਹਾਂ ਕਿ ਅੱਜ ਉਨ੍ਹਾਂ ਦੀ ਕਮਾਂਡ ਮੰਨ ਲਈ ਅਤੇ ਬਾਜਵਾ ਸਾਹਿਬ ਦੀ ਵੀ ਮੰਨ

**Not recorded as ordered by the Chair.

[ ਸੰਸਦੀ ਮਾਮਲੇ ਮੰਤਰੀ ]

ਲੈਣਗੇ, ਨਹੀਂ ਤਾਂ ਬਾਹਰ ਲੜਾਈ ਕਰੀ ਜਾਂਦੇ ਹਨ ਪਰ ਇਥੇ ਬੀਬੀ ਨੇ ਤਾਂ ਲੜਾਈ ਮੁਕਾ ਦਿੱਤੀ ਹੈ। ਮੈਂ, ਬੀਬੀ ਜੀ ਨੂੰ ਵਧਾਈ ਦਿੰਦਾ ਹਾਂ ਕਿ ਤੁਸੀਂ ਉਨ੍ਹਾਂ ਦੀ ਕਮਾਂਡ ਮੰਨ ਲਈ ਹੈ। ਬਹੁਤ ਬਹੁਤ ਵਧਾਈ।

**ਸ਼੍ਰੀ ਸੁਨੀਲ ਜਾਖੜ (ਵਾਕ ਆਊਟ ਕਰਦੇ ਸਮੇਂ) :** ਆ ਜਾਓ ਮਿੱਤਲ ਸਾਹਿਬ, ਤੁਹਾਨੂੰ ਬਾਹਰ ਪਾਣੀ ਪਿਆਈਏ।

**ਸੰਸਦੀ ਮਾਮਲੇ ਮੰਤਰੀ :** ਪਾਣੀ ਤਾਂ ਤੁਹਾਨੂੰ ਪਿਆਉਣਾ ਹੀ ਹੈ ...(ਵਿਘਨ)....

-------

## STARRED QUESTIONS AND ANSWERS *(Resumption)*

### ਪੰਜਾਬ ਵਿੱਤ ਕਾਰਪੋਰੇਸ਼ਨ ਵੱਲੋਂ ਕਰਜ਼ਿਆਂ ਦਾ ਨਿਪਟਾਰਾ ਕਰਨਾ

***1881. ਜਸਟਿਸ ਨਿਰਮਲ ਸਿੰਘ :** ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਵਿੱਤ ਕਾਰਪੋਰੇਸ਼ਨ ਨੇ 1 ਜਨਵਰੀ, 2010 ਤੋਂ 31 ਦਸੰਬਰ, 2014 ਤੱਕ ਕੁੱਲ ਕਿੰਨੀਆਂ ਫਰਮਾਂ, ਕੰਪਨੀਆਂ ਜਾਂ ਵਿਅਕਤੀਆਂ ਵੱਲੋਂ ਲਏ ਗਏ ਕਰਜ਼ਿਆਂ ਦਾ OTS ਸਕੀਮ ਅਧੀਨ ਅੰਤਿਮ ਨਿਪਟਾਰਾ ਕੀਤਾ ਹੈ ਅਤੇ ਹਰ ਇੱਕ ਕੇਸ ਵਿੱਚ ਕੁੱਲ ਕਿੰਨਾ ਕਿੰਨਾ ਵਿਆਜ/ਪੀਨਲ ਵਿਆਜ ਮੁਆਫ ਕੀਤਾ ਗਿਆ ਹੈ?

**ਸ਼੍ਰੀ ਮਦਨ ਮੋਹਨ ਮਿੱਤਲ :** ਸ਼੍ਰੀਮਾਨ ਜੀ, ਇਸ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਨਿਗਮ ਨੇ 1 ਜਨਵਰੀ, 2010 ਤੋਂ 31 ਦਸੰਬਰ, 2014 ਤੱਕ 782 ਇਕਾਈਆਂ/ਫਰਮਾਂ/ਕੰਪਨੀਆਂ ਦੇ ਕੇਸ OTS ਸਕੀਮ ਅਧੀਨ ਸੈਟਲ ਕੀਤੇ ਜਿਨ੍ਹਾਂ ਵਿੱਚ ਨਿਗਮ ਨੇ 89,954.51 ਲੱਖ ਰੁਪਏ ਵਿਆਜ/ਪੀਨਲ ਵਿਆਜ ਵਜੋਂ ਮੁਆਫ ਕੀਤੇ। ਹਰ ਇਕ ਕੇਸ ਵਿੱਚ ਮੁਆਫ ਕੀਤੇ ਗਏ ਵਿਆਜ/ਪੀਨਲ ਵਿਆਜ ਦਾ ਵੇਰਵਾ ਅਨੁਲੱਗ ** ਨਾਲ ਨੱਥੀ ਹੈ।

**ਜਸਟਿਸ ਨਿਰਮਲ ਸਿੰਘ :** ਸਪੀਕਰ ਸਾਹਿਬ, ਪੰਜਾਬ ਭਾਵੇਂ ਖੇਤੀਬਾੜੀ ਤੇ ਨਿਰਭਰ ਕਰਦਾ ਹੈ ਪਰ ਇੰਡਸਟਰੀ ਤੋਂ ਬਿਨਾਂ ਕਿਸੇ ਸੂਬੇ ਦੀ ਤਰੱਕੀ ਨਹੀਂ ਹੋ ਸਕਦੀ। ਇਹ ਜਿਹੜੀਆਂ ਯੂਨਿਟਾਂ ਲੱਗੀਆਂ ਹਨ, ਉਨ੍ਹਾਂ ਦਾ ਲਗਭਗ 90 ਕਰੋੜ ਰੁਪਏ ਦਾ ਵਿਆਜ ਤੇ ਪੀਨਲ ਵਿਆਜ ਮੁਆਫ ਕੀਤਾ ਗਿਆ ਹੈ।

---

**Placed in the Revisor Branch

ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪ੍ਰਿੰਸੀਪਲ ਅਮਾਊਂਟ ਸਾਡੇ ਕੋਲ ਕਿੰਨੀ ਰਿਕਵਰ ਹੋਈ ਹੈ? ਇਹ ਜਿਹੜੀ 90 ਕਰੋੜ ਰੁਪਏ ਵਿਆਜ ਦੀ ਅਮਾਊਂਟ ਸੀ, ਕੀ ਇਹ ਉਨ੍ਹਾਂ ਇੰਡਸਟਰੀਆਂ ਨੂੰ, ਉਨ੍ਹਾਂ ਫਰਮਾਂ ਨੂੰ ਕੋਈ ਬੋਰਡ ਜਾਂ ਕੋਈ ਸਕੀਮ ਬਣਾ ਕੇ ਰੀਸਟਰਕਚਰ ਕਰ ਸਕਦੇ ਹਨ?

**ਮੰਤਰੀ :** ਸਪੀਕਰ ਸਾਹਿਬ, ਇਹ ਪ੍ਰਾਗਰੈਸਿਵ ਇਨਵੈਸਟਮੈਂਟ ਇੰਡਸਟਰੀਅਲ ਪਾਲਿਸੀ, 2013 ਜਿਹੜੀ ਲਾਗੂ ਕੀਤੀ ਹੈ ਉਹ ਇਸੇ ਕਰਕੇ ਕੀਤੀ ਹੈ ਕਿ ਕੋਈ ਵੀ ਇੰਡਸਟਰੀ ਲਗਾਉਣ ਵਾਸਤੇ ਉਸ ਦਾ ਲਾਭ ਉਠਾ ਕੇ ਇੰਡਸਟਰੀ ਚਲਾ ਸਕਦਾ ਹੈ । ਬਾਕੀ ਇਹ ਜਿਹੜੀ ਮੁਆਫੀ ਦਿੱਤੀ ਗਈ ਹੈ, ਇਸ ਵਿਚ ਬਕਾਇਦਾ ਹਰ ਕੈਟਾਗਰੀ ਨੂੰ ਮੁਆਫੀ ਦਿੱਤੀ ਗਈ ਹੈ। ਇਸੇ ਕਰਕੇ ਇਹ ਸੈਟਲ ਹੋਏ, ਇਸੇ ਕਰਕੇ ਮੁਆਫੀ ਦਿੱਤੀ ਕਿ ਇਹ ਮੁਆਫ ਕਰਨ ਤੋਂ ਬਾਅਦ ਉਹ ਰੀਸੈਟਲ ਹੋ ਜਾਣ, ਰਿਹੈਬਲੀਟੇਟ ਹੋ ਜਾਣ ਔਰ ਆਪਣੀ ਇੰਡਸਟਰੀ ਚਲਾ ਸਕਣ। ਇਸੇ ਕਰਕੇ ਸਰਕਾਰ ਨੇ ਮੁਆਫੀ ਦਿੱਤੀ, ਅਦਰਵਾਈਜ਼ ਤਾਂ ਇਹ ਪੈਸੇ ਪੈਂਡਿੰਗ ਪਏ ਸਨ ਤੇ ਇਹ ਰਿਕਵਰ ਨਹੀਂ ਸੀ ਹੋ ਰਹੇ ਔਰ ਨਾ ਉਨ੍ਹਾਂ ਦੀ ਪੂਰੇ ਪੈਸੇ ਦੇਣ ਦੀ ਕਪੈਸਿਟੀ ਸੀ। ਇਸ ਕਰਕੇ ਕੰਨਸ਼ੈਸਨਜ਼ ਡਿਫਰੈਂਟ ਕੈਟਾਗਰੀਜ਼ ਨੂੰ ਦਿੱਤੀਆਂ ਹਨ। ਸੋ, ਮੈਂ ਸਮਝਦਾ ਹਾਂ ਕਿ ਇਸ ਨਾਲ ਕੁਝ ਇੰਡਸਟਰੀਲਿਸਟ ਜ਼ਰੂਰ ਸੈਟਲ ਹੋਏ ਹਨ ਤੇ ਉਨ੍ਹਾਂ ਨੇ ਆਪਣਾ ਕੰਮ ਚਲਾਇਆ ਹੈ।

**ਜਸਟਿਸ ਨਿਰਮਲ ਸਿੰਘ :** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਰਾਸ਼ੀ ਰਿਕਵਰ ਹੋਈ ਹੈ ਉਸ ਵਿਚੋਂ ਕਿੰਨੀ ਅਮਾਊਂਟ ਪ੍ਰਿੰਸੀਪਲ ਹੈ ਤੇ ਅਸੀਂ ਕਿੰਨੀਆਂ ਯੂਨਿਟਾਂ ਰੀਸਟਰਕਚਰ ਕੀਤੀਆਂ ਹਨ, ਇਹ ਮੁਆਫੀ ਦੇਣ ਨਾਲ ਕਿੰਨੀਆਂ ਯੂਨਿਟਾਂ ਰੀਸਟਰਕਚਰ, ਐਸ਼ਟੈਬਲਿਸ਼ ਹੋਈਆਂ ਹਨ। ਮੈਨੂੰ ਭਾਵੇਂ ਜਵਾਬ ਤਾਂ ਇਥੇ ਟੇਬਲ ਤੇ ਮਿਲਿਆ ਹੈ ਪਰ ਇਥੋਂ ਲੱਗ ਰਿਹਾ ਹੈ ਕਿ ਇਸ ਵਿਚ ਕੁਝ ਇੰਟੈਨਸ਼ਨਲੀ ਡਿਫਾਲਟਰ ਵੀ ਹਨ।ਮੈਂ ਦੱਸਣਾ ਚਾਹੁੰਦਾ ਹਾਂ ਕਿ ਦੋ ਤਰ੍ਹਾਂ ਦੇ ਡਿਫਾਲਟਰ ਹੁੰਦੇ ਹਨ, ਇਕ ਤਾਂ ਕੁਦਰਤੀ ਇੰਡਸਟਰੀ ਨਾ ਚੱਲੀ, ਉਹ ਹੋ ਗਏ ਤੇ ਇਕ ਬਹੁਤ ਸਾਰੇ ਇੰਟੈਨਸ਼ਨਲੀ ਡਿਫਾਲਟਰ ਵੀ ਲੱਗਦੇ ਹਨ ਜਿਨ੍ਹਾਂ ਤੋਂ ਕਾਰਪੋਰੇਸ਼ਨ ਵੱਲੋਂ ਕਾਫੀ ਪੈਸਾ, ਕਿਸੇ ਨੂੰ ਚਾਰ ਕਰੋੜ, ਕਿਸੇ ਨੂੰ 660 ਲੱਖ, ਕਿਸੇ ਨੂੰ 575 ਲੱਖ, ਕਿਸੇ ਨੂੰ 544 ਲੱਖ,

[ ਜਸਟਿਸ ਨਿਰਮਲ ਸਿੰਘ ]

817 ਲੱਖ, 126 ਲੱਖ, 1223 ਲੱਖ, 250 ਲੱਖ, 227, 200 ਲੱਖ ਵੇਵ ਕੀਤਾ ਹੈ। ਇਸ ਤਰ੍ਹਾਂ ਦਾ ਸਾਰਾ ਵੇਰਵਾ ਮੰਤਰੀ ਸਾਹਿਬ ਨੇ ਆਪਣੇ ਨੱਥੀ ਜਵਾਬ ਵਿਚ ਦਿੱਤਾ ਹੈ। ਮੇਰਾ ਤਾਂ ਸਿਰਫ ਇਹ ਹੀ ਸਵਾਲ ਸੀ ਕਿ ਏਨਾ ਪੈਸਾ ਅਸੀਂ ਮੁਆਫ ਤਾਂ ਕਰ ਦਿੱਤਾ ਹੈ ਪਰ ਇਸ ਨਾਲ ਕਾਰਪੋਰੇਸ਼ਨ ਕੋਲ ਕਿੰਨਾ ਪ੍ਰਿੰਸੀਪਲ ਅਮਾਊਂਟ ਆਇਆ ਹੈ ਅਤੇ ਕਿੰਨੀਆਂ ਯੂਨਿਟਾਂ ਰੀਸਟਰਕਚਰ ਹੋਈਆਂ ਹਨ ?

**ਮਾਨਯੋਗ ਸਪੀਕਰ :** ਇਹ ਕੋਈ ਸਪਲੀਮੈਂਟਰੀ ਤਾਂ ਬਣਦੀ ਨਹੀਂ ਹੈ, ਇਹ ਸਵਾਲ ਹੀ ਵੇਗ ਹੈ।

**ਮੰਤਰੀ :** ਸਰ, ਇਸ ਬਾਰੇ ਸੈਪਰੇਟ ਸਵਾਲ ਪੁੱਛ ਲੈਣ ਤਾਂ ਇਸ ਬਾਰੇ ਦੱਸ ਦਿੱਤਾ ਜਾਵੇਗਾ। ਇਸ ਦੀ ਫਿਗਰ ਦਾ ਜਵਾਬ ਨਹੀਂ ਦਿੱਤਾ ਜਾ ਸਕਦਾ । ਸਰ, ਜਿਹੜੀ ਰਿਕਵਰੀ ਹੋਈ ਹੈ ਉਹ ਜਵਾਬ ਵਿਚ ਦੱਸਿਆ ਹੈ ਜਿਹੜਾ ਵੇਵ ਆਫ ਕੀਤਾ ਹੈ ਉਹ ਵੀ ਜਵਾਬ ਵਿੱਚ ਦਿੱਤਾ ਹੋਇਆ ਹੈ।

**ਮਾਨਯੋਗ ਸਪੀਕਰ :** ਇਹ ਸਵਾਲ ਹੀ ਵੇਗ ਹੈ। ਮੈਂ ਤੁਹਾਡੇ ਨਾਲ ਸਹਿਮਤ ਹਾਂ। ਹਾਂ ਜੀ, ਸਰਦਾਰ ਇਕਬਾਲ ਸਿੰਘ ਝੂੰਦਾਂ ਜੀ।

**ਜਸਟਿਸ ਨਿਰਮਲ ਸਿੰਘ :** ਸਪੀਕਰ ਸਾਹਿਬ, ਮੇਰਾ ਕੁਐਸਚਨ ਹੈ ਕਿ ਇਹ ਪ੍ਰਿੰਸੀਪਲ ਅਮਾਊਂਟ ਬਾਰੇ ਤਾਂ ਦੱਸ ਦੇਣ।

**ਮਾਨਯੋਗ ਸਪੀਕਰ :** ਉਸ ਦਾ ਜਵਾਬ ਆ ਹੀ ਨਹੀਂ ਸਕਦਾ, ਜੋ ਤੁਸੀਂ ਪੁੱਛਿਆ ਹੈ। ਉਹ ਇਸ ਸਟੇਜ ਤੇ ਕਿਵੇਂ ਦੱਸ ਸਕਣਗੇ ਕਿ ਕਿੰਨੀਆਂ ਇੰਡਸਟਰੀਆਂ ਚੱਲਣਗੀਆਂ ?

**ਜਸਟਿਸ ਨਿਰਮਲ ਸਿੰਘ :** ਸਪੀਕਰ ਸਾਹਿਬ, ਇਨ੍ਹਾਂ ਨੇ ਸਾਰਾ ਦਿੱਤਾ ਹੈ, ਸਾਰੀ ਡਿਟੇਲ ਦਿੱਤੀ ਹੈ ਕਿ ਏਨਾ ਏਨਾ ਪੈਸਾ ਮੁਆਫ ਕੀਤਾ ਹੈ। ਮੈਂ ਤਾਂ ਇਹੀ ਪੁੱਛਦਾ ਹਾਂ ਕਿ ਤੁਸੀਂ ਮਾਫ ਕਿੰਨਾ ਕੀਤਾ ..

**ਮਾਨਯੋਗ ਸਪੀਕਰ :** ਉਹ ਤਾਂ ਉਨ੍ਹਾਂ ਨੇ ਮਾਫ ਕੀਤਾ ਹੈ ਲੇਕਿਨ ਹੁਣ ਕਿੰਨੀਆਂ ਇੰਡਸਟਰੀਆਂ ਚਲਣਗੀਆਂ।

**ਜਸਟਿਸ ਨਿਰਮਲ ਸਿੰਘ :** ਓ.ਟੀ.ਐਸ ਦਾ ਮਤਲਬ, ਵੰਨ ਟਾਈਮ

ਸੈਟਲਮੈਂਟ । ਵੰਨ ਟਾਈਮ ਸੈਟਲਮੈਂਟ means prinicipal amount is recovered and interest and penal interest are written off. ਇਨ੍ਹਾਂ ਕੋਲ ਪ੍ਰਿੰਸੀਪਲ ਅਮਾਊਂਟ ਬਾਰੇ ਤਾਂ ਫਿਗਰ ਹੋਵੇਗੀ ਕਿ ਇਹ ਕਿੰਨੀ ਰਕਮ ਹੈ ਉਸ ਦੀ ਫਿਗਰ ਤੋਂ ਬਿਨਾਂ ਇਹ ਤਾਂ ਨਹੀਂ ਹੋ ਸਕਦਾ ਕਿ ਜਿਹੜਾ ਅਸੀਂ ਮਾਫ ਕਰ ਦਿੱਤਾ ਤੇ ਪ੍ਰਿੰਸੀਪਲ ਅਮਾਊਂਟ ਲਿਆ ਨਹੀਂ, ਇਹ ਕਿਵੇਂ ਪਾਸੀਬਲ ਹੋ ਸਕਦਾ ਹੈ? ਇਹ ਤਾਂ ਸਪੈਸੇਫਿਕ ਕੁਐਸਚਨ ਹੈ।

**ਮਾਨਯੋਗ ਸਪੀਕਰ :** ਹਾਂ ਜੀ, ਮਿੱਤਲ ਸਾਹਿਬ ਜੀ, ਪ੍ਰਿੰਸੀਪਲ ਅਮਾਊਂਟ ਬਾਰੇ ਕੋਈ ਜਾਣਕਾਰੀ ਹੈ ਤਾਂ ਦਿਉ।

**ਮੰਤਰੀ :** ਸਰ, ਓ.ਟੀ.ਸੀ. ਜਿਹੜੀ ਪਾਲਿਸੀ ਹੈ ਇਸ ਵਿਚ ਕੁਝ ਕੇਸਿਜ ਸਨ ਉਸ ਵਿਚ entire outstanding amount was waived. ਗੋਇੰਦਵਾਲ ਕੇਸ ਵਿਚ ਸਿਰਫ ਪ੍ਰਿੰਸੀਪਲ ਰਕਮ ਹੀ ਰਿਕਵਰ ਕੀਤੀ ਹੈ ਬਾਕੀ ਰੈਸਟ ਵੇਵ ਕਰ ਦਿੱਤੀ ਹੈ, ਬਾਰਡਰ ਜ਼ਿਲ੍ਹਿਆਂ ਦੇ ਵਿਚ ਪ੍ਰਿੰਸੀਪਲ ਅਮਾਊਂਟ+6 ਪਰਸੈਂਟ ਸਿੰਪਲ ਇੰਟਰਸਟ ਲਿਆ ਹੈ ਜਿਹੜਾ ਰਿਕਵਰ ਕਰ ਰਹੇ ਹਾਂ। ਸੈਨਿਕ ਅਤੇ ਐਕਸ ਸਰਵਿਸਮੈਨ ਕੇਸਿਜ਼ ਵਿਚ ਪ੍ਰਿੰਸੀਪਲ ਅਮਾਊਂਟ ਲਿਆ ਹੈ ਬਾਕੀ ਸਾਰਾ ਵੇਵ ਕਰ ਦਿੱਤਾ ਹੈ। ਟਰਾਂਸਪੋਰਟ ਕੇਸਿਜ਼ ਵਿਚ ਡਬਲ ਆਫ ਪ੍ਰਿੰਸੀਪਲ ਅਮਾਊਂਟ ਲਿਆ ਹੈ, ਬਾਕੀ ਸਾਰਾ ਵੇਵ ਕਰ ਦਿੱਤਾ ਹੈ। Only prinicipal amount was recovered where borrower has expired. ਜਿਹੜੇ ਇਕ ਲੱਖ ਤੱਕ ਦੇ ਲੋਨ ਸਨ ਉਨ੍ਹਾਂ ਤੋਂ ਸਿਰਫ ਪ੍ਰਿੰਸੀਪਲ ਅਮਾਊਂਟ ਲਈ, ਬਾਕੀ ਸਾਰਾ ਮੁਆਫ ਕਰ ਦਿੱਤਾ ਹੈ। ਜਿਹੜੇ ਰਾਇਟਸ ਇਫੈਕਟਡ ਕੇਸ ਸਨ ਉਨ੍ਹਾਂ ਵਿੱਚ ਪ੍ਰਿੰਸੀਪਲ ਅਮਾਊਂਟ ਤੇ ਚਾਰ ਪ੍ਰਤੀਸ਼ਤ ਇੰਟਰਸਟ ਲਿਆ ਹੈ। ਜਨਰਲ ਕੈਟਾਗਰੀ ਵਿਚ ਪ੍ਰਿੰਸੀਪਲ ਅਮਾਊਂਟ ਤੇ 12 ਪ੍ਰਤੀਸ਼ਤ ਇੰਟਰਸਟ ਲਿਆ ਹੈ। ਇਸ ਤਰ੍ਹਾਂ ਇਹ ਇਨ੍ਹਾਂ ਰੇਟਾਂ ਤੇ ਲਿਆ ਹੈ, ਜਿਹੜਾ ਲਿਆ ਹੈ, ਇਸ ਬਾਰੇ ਲਿਖ ਕੇ ਫਿਗਰ ਦੇ ਦਿੱਤੀ ਹੈ।

**Mr. Speaker :** Thank you. Next Question.

----

## ਮਨਰੇਗਾ ਸਕੀਮ ਅਧੀਨ ਕੇਂਦਰ ਵੱਲ ਬਕਾਇਆ ਰਕਮ ਸਬੰਧੀ

***1960. ਸਰਦਾਰ ਇਕਬਾਲ ਸਿੰਘ ਝੂੰਦਾਂ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਨਰੇਗਾ ਸਕੀਮ ਤਹਿਤ ਹੋਏ ਵਿਕਾਸ ਕੰਮਾਂ ਲਈ ਕੇਂਦਰ ਸਰਕਾਰ ਵੱਲੋਂ ਰਾਜ ਸਰਕਾਰ ਨੂੰ ਕਿੰਨੀ ਰਕਮ ਦੀ ਅਦਾਇਗੀ ਬਾਕੀ ਹੈ ਅਤੇ ਰਾਜ ਸਰਕਾਰ ਵੱਲੋਂ ਕੀ ਉਪਰਾਲੇ ਕੀਤੇ ਜਾ ਰਹੇ ਹਨ?

**ਸਰਦਾਰ ਸਿਕੰਦਰ ਸਿੰਘ ਮਲੂਕਾ :** ਸ਼੍ਰੀਮਾਨ ਜੀ, ਮਨਰੇਗਾ ਸਕੀਮ ਤਹਿਤ ਹੋਏ ਵਿਕਾਸ ਦੇ ਕੰਮਾਂ ਲਈ ਕੇਂਦਰ ਸਰਕਾਰ ਵੱਲੋਂ ਰਾਜ ਸਰਕਾਰ ਨੂੰ ਮਿਤੀ 18.3.2015 ਤੱਕ 66.13 ਕਰੋੜ ਰਕਮ ਦੀ ਅਦਾਇਗੀ ਕਰਨੀ ਬਾਕੀ ਹੈ। ਰਾਜ ਸਰਕਾਰ ਵੱਲੋਂ ਬਕਾਇਆ ਰਾਸ਼ੀ ਦਾ ਭੁਗਤਾਨ ਕਰਨ ਲਈ ਭਾਰਤ ਸਰਕਾਰ ਨੂੰ ਸਮੇਂ ਸਮੇਂ ਸਿਰ ਤਜਵੀਜ਼ਾਂ ਭੇਜੀਆਂ ਗਈਆਂ ਹਨ। ਆਖਰੀ ਵਾਰ ਮਿਤੀ 27.11.2014 ਨੂੰ ਭਾਰਤ ਸਰਕਾਰ ਨੂੰ ਫੰਡ ਜਾਰੀ ਕਰਨ ਲਈ ਲਿਖਿਆ ਗਿਆ ਹੈ। ਵੈਸੇ ਇਹ ਪੈਸੇ ਆਉਣ ਦੀ ਹਾਲੇ ਉਡੀਕ ਹੈ।

**ਸਰਦਾਰ ਇਕਬਾਲ ਸਿੰਘ ਝੂੰਦਾਂ :** ਸਪੀਕਰ ਸਾਹਿਬ, ਮਾਨਯੋਗ ਮੰਤਰੀ ਸਾਹਿਬ ਨੇ ਦੱਸਿਆ ਹੈ ਕਿ 66.13 ਕਰੋੜ ਦੀ ਅਦਾਇਗੀ ਹਾਲੇ ਕੇਂਦਰ ਸਰਕਾਰ ਵੱਲੋਂ ਮਨਰੇਗਾ ਤਹਿਤ ਬਕਾਇਆ ਹੈ। ਮਾਨਯੋਗ ਸਪੀਕਰ ਸਾਹਿਬ, 60:40 ਦੀ ਰੇਸ਼ੋ ਨਾਲ ਮਨਰੇਗਾ ਦੀਆਂ ਪ੍ਰਪੋਜ਼ਲਾਂ ਬਣਦੀਆਂ ਹਨ। 60% ਪੈਸਾ ਲੇਬਰ ਦਾ ਹੁੰਦਾ ਹੈ ਅਤੇ 40% ਮੈਟੀਰੀਅਲ ਕੰਪੋਨੈਂਟ ਦਾ ਹੁੰਦਾ ਹੈ। ਇਸ ਲਿਹਾਜ਼ ਨਾਲ ਤਕਰੀਬਨ 40 ਕਰੋੜ ਰੁਪਿਆ ਅਤਿਅੰਤ ਗਰੀਬ ਮਜ਼ਦੂਰਾਂ ਦਾ ਕੇਂਦਰ ਸਰਕਾਰ ਵੱਲ ਬਕਾਇਆ ਰਹਿੰਦਾ ਹੈ। ਮੈਂ ਸਮਝਦਾ ਹਾਂ ਕਿ ਇਹ ਗੱਲ ਸਾਨੂੰ ਸਾਰਿਆਂ ਨੂੰ ਅਤੇ ਪੰਜਾਬ ਸਰਕਾਰ ਨੂੰ ਮਹਿਸੂਸ ਹੁੰਦੀ ਹੈ ਕਿ ਗਰੀਬ ਲੋਕਾਂ ਦੇ ਬਕਾਏ ਪੈਸੇ ਖੜ੍ਹੇ ਹਨ। ਉਹ ਗਰੀਬ ਇੰਨੇ ਜੋਗੇ ਵੀ ਨਹੀਂ ਹਨ, ਜਿਨ੍ਹਾਂ ਨੇ ਛੇ ਮਹੀਨੇ ਜਾਂ ਸਾਲ ਪਹਿਲਾਂ ਕੰਮ ਕੀਤਾ ਹੋਇਆ ਹੈ ਕਿ ਇਸ ਰਾਸ਼ੀ ਨੂੰ ਇੰਨੇ ਸਮੇਂ ਤੱਕ ਬਕਾਇਆ ਝੱਲ ਸਕਣ। ਮੇਰੀ ਮੰਤਰੀ ਜੀ ਨੂੰ ਰਿਕੁਐਸਟ ਹੈ ਕਿ ਕੀ ਇਹ ਮੈਟਰ ਸੈਂਟਰ ਸਰਕਾਰ ਨਾਲ ਟੇਕ-ਅੱਪ ਕਰਨਗੇ ਕਿ ਇਸ ਪੇਮੈਂਟ ਨੂੰ ਟਾਈਮ ਬਾਊਂਡ ਕੀਤਾ ਜਾਵੇ? ਜਿਹੜੀ ਮਨਰੇਗਾ ਦੀ ਪੇਮੈਂਟ ਹੈ, ਇਹ ਮਹੀਨਾ-ਦੋ ਮਹੀਨੇ ਵਾਸਤੇ ਟਾਈਮ ਬਾਊਂਡ ਹੋਵੇ ਕਿ ਇੰਨੇ ਸਮੇਂ ਵਿੱਚ ਕੇਂਦਰ ਸਰਕਾਰ ਇਸ ਨੂੰ ਹਰ ਹਾਲਤ ਵਿੱਚ ਕਲੀਅਰ ਕਰੇਗੀ ਤਾਂ ਕਿ ਉਨ੍ਹਾਂ ਗਰੀਬ ਲੋਕਾਂ ਨੂੰ

ਕਿਸੇ ਕਿਸਮ ਦੀ ਪ੍ਰੇਸ਼ਾਨੀ ਨਾ ਹੋਵੇ। ਕੀ ਮੰਤਰੀ ਜੀ ਅਜਿਹਾ ਕਰਨਗੇ ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਆਪ ਦੋ ਵਾਰੀ ਦਿੱਲੀ ਜਾ ਕੇ ਮਨਿਸਟਰ ਸਾਹਿਬ ਨੂੰ ਮਿਲ ਕੇ ਆਇਆ ਹਾਂ। ਉਨ੍ਹਾਂ ਨੇ ਸਾਨੂੰ ਵਿਸ਼ਵਾਸ ਦਿਵਾਇਆ ਹੈ ਕਿ ਕੁਝ ਅਮਾਊਂਟ ਇਸ ਮਹੀਨੇ ਦੇ ਅੰਤ ਵਿੱਚ ਅਤੇ ਬਾਕੀ ਸਾਰੀ ਅਪ੍ਰੈਲ ਵਿੱਚ ਜਾਰੀ ਕਰ ਦਿੱਤੀ ਜਾਵੇਗੀ। ਸੋ, ਤਕਰੀਬਨ ਅਪ੍ਰੈਲ ਮਹੀਨੇ ਵਿੱਚ ਅਸੀਂ ਲੇਬਰ ਅਤੇ ਦੂਜੀਆਂ ਪੇਮੈਂਟਾਂ ਕਰ ਦੇਵਾਂਗੇ।

**ਸਰਦਾਰ ਇਕਬਾਲ ਸਿੰਘ ਝੂੰਦਾਂ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਕਿ ਜਿਹੜਾ ਉਨ੍ਹਾਂ ਨੇ ਕਿਹਾ ਹੈ ਕਿ ਅਪ੍ਰੈਲ ਵਿੱਚ ਪੇਮੈਂਟ ਕਰ ਦਿੱਤੀ ਜਾਵੇਗੀ। ਸੋ, ਇਹ ਇਸ ਨੂੰ ਹੋਰ ਸਿਨਸਿਅਰਿਟੀ ਨਾਲ ਐਨਸ਼ਿਓਰ ਕਰ ਦੇਣ ਤਾਂ ਕਿ ਗਰੀਬ ਲੋਕਾਂ ਨੂੰ ਕੋਈ ਪ੍ਰੇਸ਼ਾਨੀ ਨਾ ਹੋਵੇ। ਧੰਨਵਾਦ।

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਦਨ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ...

**ਮਾਨਯੋਗ ਸਪੀਕਰ :** ਧਿਆਨ ਵਿੱਚ ਨਹੀਂ ਲਿਆਉਣਾ, ਜੇਕਰ ਕੋਈ ਸਪਲੀਮੈਂਟਰੀ ਹੈ ਤਾਂ ਪੁੱਛੋ।

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਸ ਵਿੱਚ ਬਹੁਤ ਸਾਰੀਆਂ ਪਿਲਫਰੇਜ ਹਨ। ਬਹੁਤ ਸਾਰੇ ਅਜਿਹੇ ਡਿਜ਼ਰਵਿੰਗ ਬੰਦੇ ਸਨ, ਜਿਨ੍ਹਾਂ ਨੂੰ ਇਸ ਦਾ ਕੋਈ ਲਾਹਾ ਨਹੀਂ ਮਿਲਿਆ ਪਰੰਤੂ ਕੁਝ ਅਜਿਹੇ ਲੋਕ ਲਾਹਾ ਲੈ ਰਹੇ ਹਨ, ਜਿਨ੍ਹਾਂ ਦਾ ਇਸ ਵਾਸਤੇ ਕੋਈ ਹੱਕ ਹੀ ਨਹੀਂ ਬਣਦਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਤੇ ਕੋਈ ਚੈੱਕ ਰੱਖਣਾ ਚਾਹੀਦਾ ਹੈ। ਮਨਰੇਗਾ ਦਾ ਇੰਨਾ ਪੈਸਾ ਮਿਸਯੂਜ਼ ਹੋਇਆ ਹੈ, ਕੀ ਮੰਤਰੀ ਸਾਹਿਬ ਇਸ ਵਾਸਤੇ ਕੋਈ ਬਿਆਨ ਦੇਣਗੇ? ਇਹ ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ :** ਗੱਲ ਤੁਹਾਡੀ ਬਣਦੀ ਤਾਂ ਹੈ ਨਹੀਂ।

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਗੱਲ ਬਣਦੀ ਹੈ। ਮੈਂ ਇਨ੍ਹਾਂ ਨੂੰ ਆਪਣੇ ਹਲਕੇ ਦੇ ਪਿੰਡ ਦਾ ਪਰੂਫ ਦਿੱਤਾ ਹੈ।

**ਮੰਤਰੀ :** ਸਪੀਕਰ ਸਾਹਿਬ, ਕੋਈ ਗੱਲ ਨਹੀਂ। ਮੈਂ ਜਵਾਬ ਦੇ ਦਿੰਦਾ

[ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ]

ਹਾਂ। ਮਾਨਯੋਗ ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਹੋ ਸਕਦਾ ਹੈ ਕਿ ਇਹ ਜੋ ਕਹਿੰਦੇ ਹਨ, ਉਹ ਠੀਕ ਵੀ ਹੋਵੇ ਪਰ ਇਸ ਵਿੱਚ ਇਹ ਪ੍ਰੋਵੀਜ਼ਨ ਹੈ ਕਿ ਜੇ ਕਿਤੇ ਗਲਤ ਬੰਦਾ ਬਣਿਆ ਹੈ ਤਾਂ ਉਸ ਖਿਲਾਫ਼ ਸ਼ਿਕਾਇਤ ਕਰਕੇ ਉਸ ਦਾ ਨਾਂ ਕਟਾਇਆ ਜਾ ਸਕਦਾ ਹੈ। ਪੈਸੇ ਦੀ ਰਿਕਵਰੀ ਵੀ ਕੀਤੀ ਜਾ ਸਕਦੀ ਹੈ। ਜੇ ਕੋਈ ਇਸ ਤੋਂ ਵਾਂਝਾ ਰਹਿ ਗਿਆ ਹੈ ਤਾਂ ਉਸ ਨੂੰ ਵੀ ਇਸ ਵਿੱਚ ਐਂਟਰ ਕੀਤਾ ਜਾ ਸਕਦਾ ਹੈ। ਜੇਕਰ ਇਨ੍ਹਾਂ ਦੇ ਧਿਆਨ ਵਿੱਚ ਕੋਈ ਅਜਿਹਾ ਕੇਸ ਹੈ ਤਾਂ ਇਹ ਦੇ ਦੇਣ। ਸਾਰੀ ਪੜਤਾਲ ਕੀਤੀ ਜਾਵੇਗੀ।

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਇਨ੍ਹਾਂ ਦੇ ਦਫ਼ਤਰ ਬੰਦੇ ਭੇਜੇ ਸਨ ਕਿ ਮੇਰੇ ਹਲਕੇ ਦੇ ਗੀਗੇਮਾਜਰਾ ਪਿੰਡ ਦੇ ਲੋਕਾਂ ਨਾਲ ਧੱਕਾ ਹੋਇਆ ਹੈ। ਇਸ ਸਬੰਧੀ ਇਨ੍ਹਾਂ ਨੂੰ ਬਕਾਇਦਾ ਪਰੂਫ ਦਿੱਤੇ ਗਏ ਹਨ।

----

## ਪ੍ਰਧਾਨ ਮੰਤਰੀ ਸੜਕ ਯੋਜਨਾ ਅਧੀਨ ਸੜਕ ਬਣਾਉਣਾ

***1906. ਸਰਦਾਰ ਇਕਬਾਲ ਸਿੰਘ ਝੂੰਦਾਂ :** ਕੀ ਲੋਕ ਨਿਰਮਾਣ ਵਿਭਾਗ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਅਧੀਨ ਮਾਨਪੁਰ ਰੋਡ ਤੋਂ ਡੇਹਲੋਂ-ਸਾਹਨੇਵਾਲ ਸੜਕ ਅਤੇ ਅਜਨੋਦ ਪੁਲ ਤੋਂ ਰਾੜਾ ਸਾਹਿਬ, ਜ਼ਿਲ੍ਹਾ ਲੁਧਿਆਣਾ ਤੱਕ ਸੜਕ ਬਣਾਉਣ ਦੀ ਕੋਈ ਤਜਵੀਜ਼ ਬਣੀ ਸੀ; ਜੇਕਰ ਅਜਿਹਾ ਹੋਵੇ ਤਾਂ ਇਹ ਸੜਕਾਂ ਕਦੋਂ ਤੱਕ ਬਣਾਈਆਂ ਜਾਣਗੀਆਂ ?

**ਸਰਦਾਰ ਜਨਮੇਜਾ ਸਿੰਘ ਸੇਖੋਂ :** ਸ਼੍ਰੀਮਾਨ ਜੀ, ਲੁਧਿਆਣਾ ਜ਼ਿਲ੍ਹੇ ਦੀ ਸੜਕ ਮਾਨਪੁਰ ਹੈਡਵਰਕਸ ਤੋਂ ਸੀਲੋਂ ਕਲਾਂ ਵਾਇਆ ਦਬੁਰਜੀ ਦੀ ਪ੍ਰਪੋਜ਼ਲ ਤਿਆਰ ਕਰਨ ਤੋਂ ਬਾਅਦ ਪੀ.ਐਮ.ਜੀ.ਐਸ.ਵਾਈ II ਅਧੀਨ ਭਾਰਤ ਸਰਕਾਰ ਨੂੰ ਪ੍ਰਵਾਨਗੀ ਲਈ ਭੇਜੀ ਜਾ ਚੁੱਕੀ ਹੈ। ਇਸ ਦੀ ਪ੍ਰਵਾਨਗੀ ਅਪ੍ਰੈਲ-ਮਈ, 2015 ਵਿੱਚ ਮਿਲਣ ਦੀ ਸੰਭਾਵਨਾ ਹੈ ਅਤੇ ਇਸ ਤੋਂ ਬਾਅਦ ਇਹ ਕੰਮ 15 ਮਹੀਨੇ ਦੇ ਅੰਦਰ ਮੁਕੰਮਲ ਕਰ ਦਿੱਤਾ ਜਾਵੇਗਾ ।

ਸਦਰਨ ਬਾਈਪਾਸ (ਅਜਨੋਦ ਪੁਲ) ਤੋਂ ਰਾੜਾ ਸਾਹਿਬ ਵਾਇਆ ਬੋਵਾਨੀ ਹੈਡਵਰਕਸ, ਜ਼ਿਲ੍ਹਾ ਲੁਧਿਆਣਾ ਦਾ ਪ੍ਰਪੋਜ਼ਲ ਸ਼ੁਰੂ ਵਿੱਚ ਤਿਆਰ ਕੀਤਾ ਗਿਆ ਸੀ। ਪ੍ਰੰਤੂ ਭਾਰਤ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੀ.ਐਮ.ਜੀ.ਐਸ.ਵਾਈ II ਪ੍ਰੋਜੈਕਟ ਦੀ ਲੰਬਾਈ 1345 ਕਿਲੋਮੀਟਰ ਤੱਕ ਸੀਮਤ ਰੱਖੀ ਜਾਣ ਕਰਕੇ ਇਹ ਸੜਕ ਫਾਈਨਲ ਪ੍ਰਪੋਜ਼ਲ ਵਿੱਚ ਸ਼ਾਮਿਲ ਨਹੀਂ ਕੀਤੀ ਜਾ ਸਕੀ।

**ਸਰਦਾਰ ਇਕਬਾਲ ਸਿੰਘ ਝੂੰਦਾਂ :** ਸਪੀਕਰ ਸਾਹਿਬ, ਮੈਂ ਪਹਿਲਾਂ ਤਾਂ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਪਹਿਲੇ ਪੋਰਸ਼ਨ ਨੂੰ ਪ੍ਰਵਾਨ ਕਰ ਲਿਆ ਹੈ ਅਤੇ ਭਰੋਸਾ ਦਿਵਾਇਆ ਹੈ ਕਿ ਇਹ ਕੰਮ ਮਈ, 2015 ਤੱਕ ਮੁਕੰਮਲ ਕਰ ਦਿੱਤਾ ਜਾਵੇਗਾ। ਮੈਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ। ਮੇਰੀ ਬੇਨਤੀ ਹੈ ਕਿ ਜਿਹੜਾ ਪੋਰਸ਼ਨ ਰਹਿ ਗਿਆ ਹੈ, ਉਸ ਤੋਂ ਬਿਨਾਂ ਇਹ ਸਾਰਾ ਪ੍ਰੋਜੈਕਟ ਅਧੂਰਾ ਹੀ ਮਹਿਸੂਸ ਹੋਵੇਗਾ। ਇਹ ਸਾਢੇ 13-14 ਕਿਲੋਮੀਟਰ ਦਾ ਪੋਰਸ਼ਨ ਹੈ। ਜੇ ਇਸ ਨੂੰ ਵੀ ਕਿਸੇ ਨਾ ਕਿਸੇ ਪ੍ਰੋਜੈਕਟ ਵਿੱਚ ਲੈ ਲੈਣ ਤਾਂ ਘੱਟ ਤੋਂ ਘੱਟ ਸੰਗਰੂਰ, ਪਟਿਆਲਾ, ਬਠਿੰਡਾ ਤੇ ਦੂਜੇ ਬਹੁਤ ਜ਼ਿਲ੍ਹਿਆਂ ਨੂੰ ਲਾਹੇਵੰਦ ਹੋਵੇਗਾ, ਇਸ ਦੇ ਨਾਲ ਮੇਨ ਰੋਡਜ਼ ਤੋਂ ਅਤੇ ਜੀ.ਟੀ. ਰੋਡ ਤੋਂ ਟ੍ਰੈਫਿਕ ਵੀ ਡਾਈਵਰਟ ਹੋਵੇਗਾ। ਇਸ ਨਾਲ ਤਿੰਨ-ਚਾਰ ਜ਼ਿਲ੍ਹਿਆਂ ਨੂੰ ਬਹੁਤ ਵੱਡਾ ਲਾਭ ਹੋਵੇਗਾ, ਬਠਿੰਡੇ ਤੱਕ ਦੂਰ ਜਾਣ ਵਾਲੇ ਲੋਕਾਂ ਨੂੰ ਵੀ ਲਾਭ ਮਹਿਸੂਸ ਹੋਵੇਗਾ ਕਿ ਜੇ ਆਉਣ ਵਾਲੇ ਸਮੇਂ ਵਿੱਚ ਮੰਤਰੀ ਜੀ ਕਿਸੇ ਵੀ ਪ੍ਰਪੋਜ਼ਲ ਵਿੱਚ ਅਜਿਹਾ ਕੁਝ ਕਰਨ ਤਾਂ ਲੋਕਾਂ ਨੂੰ ਟ੍ਰੈਫਿਕ ਘਟਣ ਦੀ ਬਹੁਤ ਵੱਡੀ ਸਹੂਲਤ ਮਿਲ ਸਕੇਗੀ, ਟ੍ਰੈਫਿਕ ਪ੍ਰਾਬਲਮ ਤੋਂ ਲੋਕਾਂ ਨੂੰ ਰਾਹਤ ਮਿਲੇਗੀ। ਕੀ ਮੰਤਰੀ ਜੀ ਇਸ ਨੂੰ ਆਉਣ ਵਾਲੇ ਸਮੇਂ ਵਿੱਚ ਕਿਸੇ ਪ੍ਰਪੋਜ਼ਲ ਵਿੱਚ ਲਿਆਉਣ ਦਾ ਯਤਨ ਕਰਨਗੇ?

**ਮਾਨਯੋਗ ਸਪੀਕਰ :** ਇਹ ਜੰਮੂ ਕਸ਼ਮੀਰ ਤੱਕ ਵੀ ਅੱਗੇ ਲਿੰਕ ਕਰਨ ਦਾ ਫਾਇਦਾ ਕਰਦਾ ਹੈ, up to ਰਾਜਸਥਾਨ ਤੱਕ ਇਹ ਪੂਰਾ ਲਿੰਕ ਕਰਦਾ ਹੈ।

**ਮੰਤਰੀ :** ਸਪੀਕਰ ਸਾਹਿਬ, ਇਸ ਸੜਕ ਦੀ ਲੈਂਡ ਵਿਡਥ 15 ਫੁੱਟ ਅਵੇਲੇਬਲ ਹੈ, ਇਸ ਸੜਕ ਦੇ ਇੱਕ ਸਾਈਡ ਤੇ ਬਠਿੰਡਾ ਬਰਾਂਚ ਹੈ, ਦੂਸਰੀ ਸਾਈਡ ਤੇ ਫਾਰੈਸਟ ਲੈਂਡ ਹੈ। ਇਸ ਕਰਕੇ ਇਸ ਨੂੰ ਚੌੜੀ ਨਹੀਂ ਕਰ ਸਕਦੇ।

**ਸਰਦਾਰ ਇਕਬਾਲ ਸਿੰਘ ਝੂੰਦਾਂ :** ਸਪੀਕਰ ਸਾਹਿਬ,ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਫਾਰੈਸਟ ਡਿਪਾਰਟਮੈਂਟ ਤੇ ਬਠਿੰਡਾ ਬਰਾਂਚ ਵਾਲਿਆਂ ਨਾਲ ਵੀ ਇਹ ਮਾਮਲਾ ਟੇਕਅੱਪ ਕਰਨ ਦੀ ਪ੍ਰਪੋਜ਼ਲ ਤਿਆਰ ਕਰ ਸਕਦੀ ਹੈ। ਉਹ ਆਪਣੇ ਹੀ ਹਨ । ਜੇਕਰ ਕੋਈ ਐਸੀ ਗੱਲ ਹੋ ਸਕਦੀ ਹੈ ਤਾਂ ਲਾਭ ਬਹੁਤ ਹੋ ਸਕਦਾ ਹੈ। ਮੇਰਾ ਮਤਲਬ ਹੈ ਕਿ ਇਸ ਨੂੰ ਵਿਚਾਰ ਲੈਣ, ਮੇਰੀ ਇਹੀ ਰਿਕੁਐਸਟ ਹੈ ਜੀ।

**ਮਾਨਯੋਗ ਸਪੀਕਰ :** ਇਹ ਵੀ ਸਰਕਾਰੀ ਮਹਿਕਮੇ ਹੀ ਹਨ। ਇਨ੍ਹਾਂ ਨਾਲ ਗੱਲ ਕਰਕੇ ਆਪਾਂ ਕਰ ਸਕਦੇ ਹਾਂ।

**ਮੰਤਰੀ :** ਠੀਕ ਹੈ ਜੀ, ਗੱਲ ਕਰ ਲੈਂਦੇ ਹਾਂ।

-----

**ਫਸਲੀ ਵਿਭਿੰਨਤਾ ਸਬੰਧੀ**

***1948. ਸ਼੍ਰੀ ਅਸ਼ਵਨੀ ਸੇਖੜੀ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਫਸਲੀ ਵਿਭਿੰਨਤਾ ਦੇ ਲਈ ਮੌਜੂਦਾ ਸਰਕਾਰ ਦੁਆਰਾ ਕੀ ਕਦਮ ਉਠਾਏ ਗਏ ਹਨ?

**ਸਰਦਾਰ ਤੋਤਾ ਸਿੰਘ :** ਰਾਜ ਵਿੱਚ ਫਸਲੀ ਵਿਭਿੰਨਤਾ ਦੇ ਲਈ ਰਾਜ ਸਰਕਾਰ ਵੱਲੋਂ ਹੇਠ ਲਿਖੇ ਮੁੱਖ ਕਦਮ ਚੁੱਕੇ ਗਏ ਹਨ:-

(**ੳ**) **ਮੱਕੀ:** ਰਾਜ ਸਰਕਾਰ ਵੱਲੋਂ ਮੱਕੀ ਦੀ ਫਸਲ ਨੂੰ ਉਤਸ਼ਾਹਿਤ ਕਰਨ ਲਈ ਸਾਲ 2013-14 ਅਤੇ ਸਾਲ 2014-15 ਦੌਰਾਨ ਕ੍ਰਮਵਾਰ 446 ਮੀਟਰਿਕ ਟਨ ਅਤੇ 1050 ਮੀਟਰਿਕ ਟਨ ਸੁਧਰੇ ਹਾਈਬਰਿਡ ਬੀਜ ਕਿਸਾਨਾਂ ਨੂੰ ਸਬਸਿਡੀ ਤੇ ਉਪਲਬਧ ਕਰਵਾਏ ਗਏ ਹਨ। ਰਾਜ ਦੀਆਂ ਸੱਤ ਮੰਡੀਆਂ ਵਿੱਚ ਮੱਕੀ ਦੇ ਸੁਕਾਈ ਕੇਂਦਰ ਸਥਾਪਿਤ ਕੀਤੇ ਗਏ ਹਨ ਤਾਂ ਜੋ ਕਿਸਾਨਾਂ ਨੂੰ ਉਨ੍ਹਾਂ ਦੀ ਫਸਲ ਦਾ ਢੁੱਕਵਾਂ ਮੁੱਲ ਮਿਲ ਸਕੇ। ਰਾਜ ਵਿੱਚ ਮੱਕੀ ਹੇਠ ਰਕਬਾ ਜੋ ਸਾਲ 2012-13 ਦੌਰਾਨ 1.29 ਲੱਖ ਹੈਕਟੇਅਰ ਸੀ, ਜੋ ਵੱਧ ਕੇ ਸਾਲ 2014-15 ਦੌਰਾਨ 1.63 ਲੱਖ ਹੈਕਟੇਅਰ ਹੋ ਗਿਆ ਹੈ।

**(ਅ) ਕਪਾਹ:** ਰਾਜ ਵਿੱਚ ਕਪਾਹ ਦੀ ਫਸਲ ਨੂੰ ਉਤਸ਼ਾਹਿਤ ਕਰਨ ਵਾਸਤੇ 560 ਹੈਕਟੇਅਰ ਵਿੱਚ ਹਾਈ ਡੈਨਸਿਟੀ ਪਲਾਂਟਿੰਗ ਦੇ ਪ੍ਰਦਰਸ਼ਨੀ ਪਲਾਂਟ

ਲਗਾਏ ਹਨ। ਕਪਾਹ ਦੀ ਚੁਗਾਈ ਦੀ ਸਮੱਸਿਆ ਨੂੰ ਹੱਲ ਕਰਨ ਲਈ ਫਸਲ ਦੀ ਚੁਗਾਈ ਅਤੇ ਸਾਫ ਸਫਾਈ ਲਈ ਕੋਟਨ ਪਿਕਰ ਅਤੇ ਕਲੀਨਰ ਦੀ ਸਹੂਲਤ ਉਪਲਬਧ ਕਰਵਾਈ ਗਈ ਹੈ। ਇਸਦੇ ਸਿੱਟੇ ਵਜੋਂ ਕਪਾਹ ਦੇ ਝਾੜ ਵਿਚ ਵਾਧਾ ਹੋਇਆ ਹੈ।

**(ਏ) ਬਾਸਮਤੀ :** ਬਾਸਮਤੀ ਦੀ ਫਸਲ ਨੂੰ ਉਤਸ਼ਾਹਿਤ ਕਰਨ ਅਤੇ ਕਿਸਾਨਾਂ ਲਈ ਲਾਹੇਵੰਦ ਭਾਅ ਸੁਨਿਸ਼ਚਿਤ ਕਰਨ ਵਾਸਤੇ ਬਾਸਮਤੀ ਮਿਲਰਜ ਨੂੰ 7% ਲੋਕਲ ਟੈਕਸ ਵਿੱਚ ਰਿਆਇਤ ਦਿੱਤੀ ਗਈ ਜਿਸ ਦੇ ਸਿੱਟੇ ਵਜੋਂ ਮੰਡੀਆਂ ਵਿਚ ਜ਼ਿਆਦਾ ਵਪਾਰੀ ਖਰੀਦ ਕਰਨ ਆਏ। ਬਾਸਮਤੀ ਹੇਠ ਰਕਬਾ ਜੋ ਕਿ ਸਾਲ 2011-12 ਵਿੱਚ 4.58 ਲੱਖ ਹੈਕਟੇਅਰ ਸੀ, ਤੋਂ ਵੱਧ ਕੇ ਸਾਲ 2014-15 ਵਿੱਚ 8.62 ਲੱਖ ਹੈਕਟੇਅਰ ਹੋ ਗਿਆ ਹੈ।

**(ਸ)** ਫਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਲਈ ਅਤੇ ਲਾਗਤ ਮੁੱਲ ਘਟਾਉਣ ਵਾਸਤੇ ਕਿਸਾਨਾਂ ਨੂੰ ਵੱਖ-ਵੱਖ ਫਸਲਾਂ ਲਈ ਲੋੜੀਂਦੀ ਫਾਰਮ ਮਸ਼ੀਨਰੀ ਰਿਆਇਤੀ ਦਰਾਂ ਤੇ ਮੁਹੱਈਆ ਕਰਵਾਈ ਗਈ ਹੈ।

**(ਹ) ਬਾਗਬਾਨੀ ਫਸਲਾਂ :** ਸਬਜ਼ੀਆਂ ਅਤੇ ਫਲਦਾਰ ਬੂਟਿਆਂ ਨੂੰ ਉਤਸ਼ਾਹਿਤ ਕਰਨ ਵਾਸਤੇ ਅਤੇ ਇਸ ਦੀ ਉਤਪਾਦਿਕਤਾ ਵਧਾਉਣ ਲਈ ਅਤੇ ਉਪਜ ਨੂੰ ਮਿਆਰੀ ਬਣਾਉਣ ਵਾਸਤੇ ਰਾਜ ਵਿੱਚ ਸੈਂਟਰ ਆਫ ਐਕਸੀਲੈਂਸ ਫਾਰ ਵੈਜੀਟੇਬਲ ਕਰਤਾਰਪੁਰ (ਜਲੰਧਰ) ਅਤੇ ਸੈਂਟਰ ਆਫ ਐਕਸੀਲੈਂਸ ਫਾਰ ਫਰੂਟਸ, ਖਨੌੜਾ (ਹੁਸ਼ਿਆਰਪੁਰ) ਵਿਖੇ ਸਥਾਪਿਤ ਕੀਤੇ ਗਏ ਹਨ। ਇੰਡੋ-ਡੱਚ ਸਹਿਯੋਗ ਪ੍ਰੋਜੈਕਟ ਤਹਿਤ ਸੈਂਟਰ ਆਫ ਐਕਸੀਲੈਂਸ ਫਾਰ ਪਟੈਟੋ ਧੋਗੜੀ (ਜਲੰਧਰ) ਵਿਖੇ ਸਥਾਪਤ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਸੈਂਟਰ ਆਫ ਐਕਸੀਲੈਂਸ ਫਾਰ ਫਲੋਰੀਕਲਚਰ, ਦੋਰਾਹਾ (ਲੁਧਿਆਣਾ) ਵਿਖੇ ਸਥਾਪਿਤ ਕੀਤਾ ਜਾ ਰਿਹਾ ਹੈ।

**(ਕ) ਮੱਛੀ ਪਾਲਣ :** ਮੱਛੀ ਪਾਲਣ ਧੰਦੇ ਨੂੰ ਉਤਸ਼ਾਹਿਤ ਕਰਨ ਲਈ ਰਾਜ ਸਰਕਾਰ ਵੱਲੋਂ ਸੂਬੇ ਦੇ ਸੇਮ ਪ੍ਰਭਾਵਿਤ ਇਲਾਕੇ ਵਿਚ 240 ਹੈਕਟੇਅਰ ਰਕਬੇ ਵਿੱਚ ਤਲਾਬ ਬਣਾਉਣ ਹਿੱਤ ਵਿੱਤੀ ਸਹਾਇਤਾ ਦਿੱਤੀ ਗਈ। ਇਸ ਦੇ ਮੰਡੀਕਰਨ ਲਈ ਲੁਧਿਆਣੇ ਵਿਖੇ ਇਕ ਮੱਛੀ ਮੰਡੀ ਸਥਾਪਿਤ ਕੀਤੀ ਜਾ ਚੁੱਕੀ ਹੈ ਅਤੇ ਬਠਿੰਡਾ ਅਤੇ ਅੰਮ੍ਰਿਤਸਰ ਵਿਖੇ ਦੋ ਹੋਰ ਮੱਛੀ ਮੰਡੀਆਂ ਸਥਾਪਿਤ ਕੀਤੀਆਂ ਜਾ ਰਹੀਆਂ ਹਨ।

[ ਖੇਤੀਬਾੜੀ ਮੰਤਰੀ ]

**(ਖ) ਐਗਰੋ–ਫਾਰੈਸਟਰੀ :** ਸਾਲ 2013–14 ਦੌਰਾਨ ਐਗਰੋ–ਫਾਰੈਸਟਰੀ ਪ੍ਰੋਗਰਾਮ ਅਧੀਨ 4400 ਹੈਕਟੇਅਰ ਰਕਬਾ ਪਾਪੂਲਰ ਅਤੇ ਯੂਕਲਿਪਟਸ ਅਧੀਨ ਲਿਆਂਦਾ ਗਿਆ ਅਤੇ ਇਸ ਤਹਿਤ ਕਿਸਾਨਾਂ ਨੂੰ ਰਿਆਇਤੀ ਦਰਾਂ ਤੇ ਬੂਟੇ ਦਿੱਤੇ ਗਏ। ਇਸ ਤੋਂ ਇਲਾਵਾ ਲੱਕੜ ਦੀ ਮੰਡੀਕਰਨ ਵਾਸਤੇ ਬੁਨਿਆਦੀ ਢਾਂਚਾ ਮੁਹੱਈਆ ਕਰਵਾਉਣ ਲਈ ਪੰਜਾਬ ਵਿੱਚ ਤਿੰਨ ਲੱਕੜ ਮੰਡੀਆਂ ਵਿਕਸਿਤ ਕੀਤੀਆਂ ਜਾ ਰਹੀਆਂ ਹਨ।

ਸਪੀਕਰ ਸਾਹਿਬ, ਇਸ ਦੇ ਨਾਲ ਹੀ ਮੈਂ ਦੱਸਣਾ ਚਾਹੁੰਦਾ ਹਾਂ ਕਿ ਮੈਂਬਰ ਸਾਹਿਬ ਨੇ ਬਹੁਤ ਵਧੀਆ ਸਵਾਲ ਕੀਤਾ ਹੈ। ਇਹ ਸਮੇਂ ਦੀ ਲੋੜ ਹੈ। ਰਾਜ ਵਿੱਚ ਫਸਲੀ ਵਿਭਿੰਨਤਾ ਲਿਆਂਦੀ ਜਾਣੀ ਚਾਹੀਦੀ ਹੈ, ਇਹ ਸਮੇਂ ਦੀ ਲੋੜ ਹੈ ਪਰ ਇਹ ਸਵਾਲ ਇੰਨਾ ਵੱਡਾ ਹੈ ਕਿ ਜੇ ਆਪਾਂ ਸਾਰੀ ਗੱਲ ਕਰੀਏ ਤਾਂ ਇਕ ਦਮ ਅਜਿਹਾ ਨਹੀਂ ਕੀਤਾ ਜਾ ਸਕਦਾ ਪਰ ਮੈਂ ਸੰਖੇਪ ਜਿਹਾ ਜਵਾਬ ਦੇਣਾ ਚਾਹੁੰਦਾ ਹਾਂ। ਇਸ ਨੂੰ ਹਾਸੇ ਵਿੱਚ ਨਾ ਲਿਆ ਜਾਵੇ। ਇਹ ਬੜਾ ਸੀਰੀਅਸ ਮੈਟਰ ਹੈ, ਸਾਰੇ ਪੰਜਾਬੀਆਂ ਨੂੰ ਫਸਲੀ ਵਿਭਿੰਨਤਾ ਬਿਨਾਂ ਸਰਨਾ ਨਹੀਂ, ਹਾਲਾਤ ਐਸੇ ਬਣੇ ਹੋਏ ਹਨ। ਕਣਕ ਤੇ ਝੋਨੇ ਦੀ ਜੋ ਆਪਣੀ ਨੀਤੀ ਚਲ ਰਹੀ ਹੈ, ਆਪਾਂ ਇਕ ਦੂਜੇ ਨੂੰ ਨੀਵਾਂ ਦਿਖਾ ਕੇ ਕਾਮਯਾਬ ਨਹੀਂ ਹੋ ਸਕਦੇ। ਜਿਥੋਂ ਤੱਕ ਸਾਡੇ ਵੱਸ ਹੈ ਰਾਜ ਸਰਕਾਰ ਨੇ, ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦੀ ਅਗਵਾਈ ਵਿਚ ਫਸਲੀ ਵਿਭਿੰਨਤਾ ਲਿਆਉਣ ਲਈ ਕਾਫ਼ੀ ਕੋਸ਼ਿਸ਼ ਕੀਤੀ ਹੈ। ਹੁਣ ਵੀ ਅਸੀਂ ਕਾਫ਼ੀ ਕੋਸ਼ਿਸ਼ ਕਰ ਰਹੇ ਹਾਂ ਪਰ ਅਸੀਂ ਇਹ ਨਹੀਂ ਕਹਿੰਦੇ ਕਿ ਅਸੀਂ 100% ਕਾਮਯਾਬ ਹੋਵਾਂਗੇ। ਜਿਥੋਂ ਤੱਕ ਮੱਕੀ ਦੀ ਗੱਲ ਹੈ, ਸਾਲ 2013–14 ਅਤੇ ਸਾਲ 2014–15 ਦੌਰਾਨ ਕ੍ਰਮਵਾਰ 446 ਮੀਟਿਰਿਕ ਟਨ ਅਤੇ 1050 ਮੀਟਰਿਕ ਟਨ ਸੁਧਰੇ ਹਾਈਬਰਿਡ ਬੀਜ ਕਿਸਾਨਾਂ ਨੂੰ ਸਬਸਿਡੀ ਤੇ ਉਪਲਬਧ ਕਰਵਾਏ ਗਏ ਹਨ। ਇਨ੍ਹਾਂ ਤੋਂ ਮੱਕੀ 30 ਤੋਂ 35 ਕੁਇੰਟਲ ਪ੍ਰਤੀ ਏਕੜ ਤੱਕ ਨਿਕਲਦੀ ਹੈ। ਹੁਣ ਲੋਕਾਂ ਨੇ ਮੱਕੀ ਤਾਂ ਬੀਜੀ ਹੈ। ਝਾੜ ਵੀ ਅੱਗੇ ਨਾਲੋਂ ਵਧਿਆ ਹੈ। ਇਸ ਦਾ ਰਕਬਾ ਸਾਲ 2012–13 ਵਿੱਚ 1.29 ਲੱਖ ਹੈਕਟੇਅਰ ਸੀ ਜੋ ਕਿ ਸਾਲ 2014–15 ਵਿੱਚ ਵੱਧ ਕੇ 1.63 ਲੱਖ ਹੈਕਟੇਅਰ ਹੋ ਗਿਆ ਹੈ। ਲੋਕਾਂ ਨੇ ਮੱਕੀ ਹੇਠਲਾ ਘੇਰਾ ਵਧਾਇਆ ਹੈ ਪਰ ਮਾਰਕੀਟਿੰਗ ਦੇ ਹਾਲਾਤ ਇਹ ਹਨ ਕਿ ਮਿਨੀਮਮ ਸਪੋਰਟ ਪ੍ਰਾਈਸ ਫਿਕਸ ਕਰ ਦਿੱਤੀ ਗਈ ਪਰ ਮੁੜ ਕੇ ਉਸ ਤੇ ਖਰੀਦ ਕੋਈ ਹੋਈ ਨਹੀਂ। ਪਹਿਲਾਂ ਤੋਂ ਪਰੰਪਰਾ ਜਾਰੀ

ਹੈ। ਜਦੋਂ ਹੀ ਸਰਕਾਰ ਬਣੀ ਸੀ, ਮੈਂ ਬਾਦਲ ਸਾਹਿਬ ਦੇ ਨਾਲ ਕੇਂਦਰ ਦੇ ਖੇਤੀਬਾੜੀ ਮੰਤਰੀ ਕੋਲ ਗਿਆ ਸੀ। ਅਸੀਂ ਮਿਲ ਕੇ ਆਏ ਸੀ ਤੇ ਕਿਹਾ ਸੀ ਕਿ ਭਾਵੇਂ ਮੱਕੀ ਦੀ ਮਿਨੀਮਮ ਸਪੋਰਟ ਪ੍ਰਾਈਸ ਤਾਂ ਮਿੱਥ ਦਿੱਤੀ ਗਈ ਹੈ ਪਰ ਜਿਹੜੀ ਤੁਸੀਂ ਸਪੋਰਟ ਪ੍ਰਾਈਸ ਮਿਥੀ ਹੈ, ਉਸ ਦੇ ਮੁਤਾਬਕ ਇਸ ਨੂੰ ਖਰੀਦੋ ਵੀ। ਉਨ੍ਹਾਂ ਨੇ ਪਿਆਰ ਵੀ ਦਿੱਤਾ ਤੇ ਅਸੀਂ ਕਿਹਾ ਕਿ ਤੁਸੀਂ ਆਪ ਇੰਪੋਰਟ ਕਰਦੇ ਹੋ, ਇੰਡੀਆ ਨੂੰ ਮੱਕੀ ਦੀ ਲੋੜ ਹੈ, ਤੁਸੀਂ ਸਾਥੋਂ ਖਰੀਦੋ, ਫਿਰ ਉਨ੍ਹਾਂ ਨੇ ਕਿਹਾ ਕਿ ਅਸੀਂ ਵਿਚਾਰ ਕਰਾਂਗੇ, ਸ਼ਾਇਦ ਇਸ ਬਜਟ ਵਿੱਚ ਉਹ ਇਸ ਮਸਲੇ ਨੂੰ ਰੱਖਣ ਤੇ ਵਿਚਾਰ ਕਰਨ, ਅੱਗੇ ਵੀ ਅਸੀਂ ਕੋਸ਼ਿਸ਼ ਕਰ ਰਹੇ ਹਾਂ, ਜਦੋਂ ਤੱਕ ਮਾਰਕੀਟਿੰਗ ਕਿਸਾਨ ਨੂੰ ਨਹੀਂ ਮਿਲਦੀ ਉਦੋਂ ਤੱਕ ਮੱਕੀ ਵਿੱਚ ਹੋਰ ਵਾਧਾ ਨਹੀਂ ਕੀਤਾ ਜਾ ਸਕਦਾ। ਇਸ ਵਾਸਤੇ ਆਪਾਂ ਸਾਰਿਆਂ ਨੂੰ ਚਿੰਤਤ ਹੋਣਾ ਚਾਹੀਦਾ ਹੈ। ਮੁੱਖ ਮੰਤਰੀ ਸਾਹਿਬ ਇਸ ਮਸਲੇ ਸਬੰਧੀ ਆਪ ਬਹੁਤ ਮਿਹਨਤ ਕਰ ਰਹੇ ਹਨ, ਪੂਰਾ ਭਾਅ ਦਿਵਾਉਣ ਲਈ ਡਰਾਈ ਮਸ਼ੀਨਾਂ ਵੀ ਮੱਕੀ ਦੀ ਸੁਕਾਈ ਲਈ ਸੱਤ ਮੰਡੀਆਂ ਵਿੱਚ ਲਗਾਈਆਂ ਹਨ। ਕਿਉਂਕਿ ਹੁਣ ਅਸੀਂ ਮਸ਼ੀਨਾਂ ਨਾਲ ਕਟਾਈ ਕਰਦੇ ਹਾਂ। ਜਦੋਂ ਪੁਰਾਣਾ ਜ਼ਮਾਨਾ ਸੀ, ਉਦੋਂ ਗੁਹਾਰੇ ਲਗਾਉਂਦੇ ਸੀ ਤੇ ਮੁੜ ਕੇ ਮੱਕੀ ਸੁੱਕ ਜਾਂਦੀ ਸੀ। ਉਸ ਵਿੱਚ 12-13% ਸਿੱਲ ਹੁੰਦੀ ਸੀ। ਹੁਣ ਜਦੋਂ ਮਸ਼ੀਨਾਂ ਕੰਬਾਈਨ ਨਾਲ ਕੱਢਦੇ ਹਾਂ ਤਾਂ ਉਸ ਵਿੱਚ 30-32% ਸਿਲ ਹੁੰਦੀ ਹੈ। ਬੋਰੀਆਂ ਵਿੱਚ ਪਾਉਣ ਤੇ ਮੱਕੀ ਖਰਾਬ ਹੋ ਜਾਂਦੀ ਹੈ। ਡਰਿਲਾਂ ਵਿੱਚ ਪਾ ਕੇ ਸੁਕਾਉਣ ਦਾ ਇੰਤਜ਼ਾਮ ਕੀਤਾ ਗਿਆ ਹੈ। ਅਸੀਂ ਕੋਸ਼ਿਸ਼ ਕਰ ਰਹੇ ਹਾਂ, ਅਜੇ 100% ਤਾਂ ਨਹੀਂ ਕਹਿ ਸਕਦੇ ਪਰ ਜਿਹੜੀਆਂ ਸੱਤ ਡਰਾਈ ਮਸ਼ੀਨਾਂ ਲਗਾਈਆਂ ਹਨ, ਉਨ੍ਹਾਂ ਨਾਲ ਵੱਧ ਤੋਂ ਵੱਧ ਕਿਸਾਨਾਂ ਨੂੰ ਰਿਲੀਫ ਦਿੱਤਾ ਜਾਵੇਗਾ।

ਦੂਸਰਾ ਕਪਾਹ ਬਾਰੇ ਦੱਸਣਾ ਚਾਹੁੰਦਾ ਹਾਂ। ਬੀ.ਟੀ. ਕਾਟਨ ਵਾਲੇ ਪਾਸੇ ਵੀ ਲੋਕਾਂ ਨੂੰ ਪਾਇਆ ਗਿਆ ਸੀ। ਇਸ ਦੀ ਵੀ ਮਿਨੀਮਮ ਸਪੋਰਟ ਪ੍ਰਾਈਸ ਕਿਸਾਨਾਂ ਨੂੰ ਜ਼ਿਆਦਾ ਮਿਲੀ ਨਹੀਂ। ਐਤਕੀਂ ਭਾਅ ਵੀ ਪਿਛਲੇ ਸਾਲ ਨਾਲੋਂ ਮੰਦਾ ਹੈ।

**ਸ਼੍ਰੀ ਅਸ਼ਵਨੀ ਸੇਖੜੀ :** ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਹੈ।

**ਮਾਨਯੋਗ ਸਪੀਕਰ :** ਪਹਿਲਾਂ ਉਨ੍ਹਾਂ ਨੂੰ ਜਵਾਬ ਤਾਂ ਦੇ ਲੈਣ ਦਿਉ।

**ਮੰਤਰੀ :** ਮੈਂ, ਬਰੀਫ ਵਿੱਚ ਜਵਾਬ ਦੇ ਰਿਹਾ ਹਾਂ, ਉਸ ਤਰ੍ਹਾਂ ਤਾਂ ਜਵਾਬ ਬਹੁਤ ਲੰਬਾ ਹੈ। ਸਭ ਤੋਂ ਵੱਧ ਲੋਕਾਂ ਦੀ ਮੰਗ ਸੀ ਕਿ ਬਾਸਮਤੀ ਬੀਜੀ ਜਾਵੇ, ਪਾਣੀ ਬਚਾਇਆ ਜਾਵੇ ਤੇ ਨਾਲ ਹੀ ਫਸਲੀ ਵਿਭਿੰਨਤਾ ਹੋ ਜਾਵੇਗੀ। ਤੁਸੀਂ ਦੇਖੋ ਕਿ ਬਾਸਮਤੀ ਬੀਜਣ ਵਾਸਤੇ ਪੰਜਾਬ ਸਰਕਾਰ ਨੇ ਕਿੰਨਾ ਵੱਡਾ ਉਦਮ ਕੀਤਾ ਹੈ। ਇਸ ਵਾਸਤੇ ਜੇ ਕੋਈ ਗੱਲ ਚੰਗੀ ਹੋਵੇ ਤਾਂ ਚੰਗੀ ਕਹੋ ਅਤੇ ਜੇ ਮਾੜੀ ਹੈ ਤਾਂ ਸਾਨੂੰ ਦੱਸੋ, ਅਸੀਂ ਤਰਮੀਮ ਕਰ ਲਵਾਂਗੇ। ਜਿਹੜੀ ਵੀ ਤੁਸੀਂ ਸਾਨੂੰ ਸਲਾਹ ਦਿਉਗੇ। ਸੇਖੜੀ ਸਾਹਿਬ, ਮੇਰੀ ਗੱਲ ਸੁਣੋ, ਤੁਸੀਂ ਦੇਖੋ ਪਿਛਲੇ ਸਾਲ ਬਾਸਮਤੀ 4.58 ਲੱਖ ਹੈਕਟੇਅਰ ਵਿਚ ਹੋਈ ਸੀ ਅਤੇ ਇਸ ਵਾਰ 8.62 ਲੱਖ ਹੈਕਟੇਅਰ ਵਿਚ ਹੋਈ ਹੈ। ਅੱਗੇ ਨਾਲੋਂ 60-65 ਫੀਸਦੀ ਬਾਸਮਤੀ ਦੇ ਰਕਬੇ ਵਿਚ ਵਾਧਾ ਹੋਇਆ ਹੈ। ਮੇਰਾ ਕਹਿਣ ਤੋਂ ਭਾਵ ਹੈ ਕਿ ਮੰਡੀ ਬੋਰਡ ਦਾ 60 ਫੀਸਦੀ ਫੀਸ ਛੱਡਣ ਨਾਲ ਪਿਛਲੇ ਸਾਲ 400 ਕਰੋੜ ਦਾ ਨੁਕਸਾਨ ਹੋਇਆ ਅਤੇ ਇਸ ਸਾਲ 700-800 ਕਰੋੜ ਦਾ ਨੁਕਸਾਨ ਹੋ ਜਾਣਾ ਹੈ । ਇਹ ਅਸੀਂ ਇਸ ਕਰਕੇ ਕੀਤਾ ਹੈ ਤਾਂ ਕਿ ਕਿਸਾਨਾਂ ਨੂੰ ਫਸਲ ਦਾ ਸਹੀ ਭਾਅ ਮਿਲ ਸਕੇ ਪਰ ਅਜੇ ਵੀ ਸਾਡੀ ਤਸੱਲੀ ਮੁਤਾਬਿਕ ਭਾਅ ਨਹੀਂ ਮਿਲਿਆ ਹੈ ਕਿਉਂਕਿ ਇਹ ਐਕਸਪੋਰਟ ਨਹੀਂ ਹੋ ਰਹੀ ਹੈ। ਤੁਹਾਡੇ ਸਾਹਮਣੇ ਹੈ ਕਿ ਰਾਈਸ ਮਿੱਲਾਂ ਵੀ ਘਾਟੇ ਵਿਚ ਜਾ ਰਹੀਆਂ ਹਨ। ਸੋ, ਜਦ ਤੱਕ ਇਹ ਐਕਸਪੋਰਟ ਨਹੀਂ ਹੁੰਦੀ ਇਸ ਮਸਲੇ ਦਾ ਹੱਲ ਨਹੀਂ ਹੋਣਾ। ਸਾਨੂੰ ਸਾਰਿਆਂ ਨੂੰ ਇਸ ਵਾਸਤੇ ਯਤਨ ਕਰਨੇ ਚਾਹੀਦੇ ਹਨ। ਅਸੀਂ ਕੇਂਦਰ ਸਰਕਾਰ ਤੱਕ ਵੀ ਪਹੁੰਚ ਕੀਤੀ ਹੈ। ਪੰਜਾਬ ਸਰਕਾਰ ਵੱਲੋਂ ਰਿਆਇਤਾਂ ਦੇ ਕੇ ਵੱਧ ਤੋਂ ਵੱਧ ਬਾਸਮਤੀ ਬਿਜਾਈ ਗਈ ਹੈ ਤਾਂ ਜੋ ਫਸਲੀ ਵਿਭਿੰਨਤਾ ਵਿਚ ਆਇਆ ਜਾ ਸਕੇ।

**ਸ਼੍ਰੀ ਅਸ਼ਵਨੀ ਸੇਖੜੀ :** ਸਪੀਕਰ ਸਾਹਿਬ, ਟਾਈਮ ਓਵਰ ਹੋ ਜਾਣਾ ਹੈ। ਮੇਰੀ ਸਪਲੀਮੈਂਟਰੀ ਸੁਣ ਲਓ।

**ਮਾਨਯੋਗ ਸਪੀਕਰ :** ਸੇਖੜੀ ਸਾਹਿਬ, ਤੁਸੀਂ ਸਵਾਲ ਪੁੱਛਿਆ ਹੈ, ਹੁਣ ਉਨ੍ਹਾਂ ਨੂੰ ਜਵਾਬ ਤਾਂ ਦੇ ਲੈਣ ਦਿਓ।

**ਸ਼੍ਰੀ ਅਸ਼ਵਨੀ ਸੇਖੜੀ :** ਸਪੀਕਰ ਸਾਹਿਬ, ਜਵਾਬ ਤਾਂ ਮੈਂ ਪੜ੍ਹ ਲਿਆ ਹੈ।

**ਮਾਨਯੋਗ ਸਪੀਕਰ :** ਹਾਂ ਜੀ, ਦੱਸੋ।

**ਸ਼੍ਰੀ ਅਸ਼ਵਨੀ ਸੇਖੜੀ :** ਸਪੀਕਰ ਸਾਹਿਬ, ਮੇਰਾ ਸਵਾਲ ਇਹ ਸੀ ਕਿ

ਸਰਕਾਰ ਰਾਜ ਵਿਚ ਫਸਲੀ ਵਿਭਿੰਨਤਾ ਲਈ ਕਰਾਪ ਡਾਈਵਰਸੀਫਿਕੇਸ਼ਨ ਲਈ ਕੀ ਕਰ ਰਹੀ ਹੈ?

**ਮਾਨਯੋਗ ਸਪੀਕਰ :** ਮੰਤਰੀ ਜੀ ਨੇ ਉਹੀ ਤਾਂ ਜਵਾਬ ਦਿੱਤਾ ਹੈ।

**ਸ਼੍ਰੀ ਅਸ਼ਵਨੀ ਸੇਖੜੀ :** ਸਪੀਕਰ ਸਾਹਿਬ, ਮੈਂ ਇਨ੍ਹਾਂ ਦਾ ਜਵਾਬ ਪੜ੍ਹ ਲਿਆ ਹੈ। ਇਨ੍ਹਾਂ ਨੇ ਸਿਸਟਮ ਇੰਪਰੂਵ ਕਰਨ ਦੀ ਕੋਸ਼ਿਸ਼ ਕੀਤੀ ਹੈ, ਇਨ੍ਹਾਂ ਨੇ ਦੱਸਿਆ ਹੈ ਕਿ ਬਾਸਮਤੀ ਵਾਸਤੇ ਲੋਕਲ ਟੈਕਸ ਘਟਾ ਦਿੱਤਾ ਹੈ ਪਰ ਮੇਰੀ ਪਹਿਲੀ ਸਪਲੀਮੈਂਟਰੀ ਇਹ ਹੈ ਕਿ ਪੰਜਾਬ ਦੇ ਕਿਸਾਨਾਂ ਅਤੇ ਧਰਤੀ ਨੂੰ ਬਚਾਉਣ ਲਈ ਸਭ ਤੋਂ ਜ਼ਿਆਦਾ ਮਹੱਤਵਪੂਰਨ ਚੀਜ਼ ਇਹ ਹੈ ਕਿ ਕਰਾਪ ਡਾਈਵਰਸੀਫਿਕੇਸ਼ਨ ਕੀਤੀ ਜਾਵੇ। ਸਾਡੀ ਸਾਰੀ ਕਰਾਪ ਐਮ.ਐਸ.ਪੀ. ਤੇ ਬੇਸਡ ਹੈ। ਸੋ, ਮੈਂ ਸਰਕਾਰ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਇਸ ਸਬੰਧੀ ਕੋਈ ਪਾਲਿਸੀ ਬਣਾ ਰਹੀ ਹੈ ਅਤੇ ਕਦੋਂ ਤੱਕ because there should be some complete policy, short term and long term policy. ਜਿਸ ਨਾਲ ਸਾਡੀ ਧਰਤੀ ਅਤੇ ਕਿਸਾਨ ਬਚ ਸਕੇ। ਕੀ ਸਰਕਾਰ ਕੋਈ ਕਰਾਪ ਡਾਈਵਰਸੀਫਿਕੇਸ਼ਨ ਪਾਲਿਸੀ ਬਣਾ ਰਹੀ ਹੈ?

**ਮੰਤਰੀ :** ਸਪੀਕਰ ਸਾਹਿਬ, ਅਸੀਂ ਪਾਲਿਸੀ ਤਹਿਤ ਹੀ ਫਸਲਾਂ ਦੀ ਬਿਜਾਈ ਕਰ ਰਹੇ ਹਾਂ ਅਤੇ ਪਾਲਿਸੀ ਤਹਿਤ ਹੀ ਸਬਸਿਡੀਆਂ ਦੇ ਰਹੇ ਹਾਂ। ਇਹ ਸਾਡੀ ਪਾਲਿਸੀ ਹੀ ਹੈ ਕਿ ਕਿਵੇਂ ਕਣਕ ਅਤੇ ਝੋਨੇ ਦੇ ਚੱਕਰ ਤੋਂ ਛੁਟਕਾਰਾ ਪਾਈਏ।

**ਮਾਨਯੋਗ ਸਪੀਕਰ :** ਸੇਖੜੀ ਸਾਹਿਬ, ਇਹ ਠੀਕ ਕਹਿ ਰਹੇ ਹਨ।

**ਸ਼੍ਰੀ ਅਸ਼ਵਨੀ ਸੇਖੜੀ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਰਾਜ ਸਰਕਾਰ ਨੇ ਆਪਣੀ ਪਾਲਿਸੀ ਤਾਂ ਕੀ ਬਣਾਉਣੀ ਹੈ। ਕੇਂਦਰ ਸਰਕਾਰ ਵੱਲੋਂ ਕਰਾਪ ਡਾਈਵਰਸੀਫਿਕੇਸ਼ਨ ਲਈ ਕੁਝ ਇੰਸੈਂਟਿਵ ਸਕੀਮਾਂ ਦਿੱਤੀਆਂ ਗਈਆਂ ਹਨ, ਵਿਸ਼ੇਸ਼ ਤੌਰ ਤੇ ਫੂਡ ਪ੍ਰਾਸੈਸਿੰਗ ਇੰਡਸਟਰੀ ਲਈ ਕੋਲਡ ਚੇਨ ਇੰਫ੍ਰਾਸਟਰਕਚਰ ਸਕੀਮ ਹੈ ਜਿਸ ਵਿਚ ਮੈਡਮ ਹਰਸਿਮਰਤ ਕੌਰ ਜੀ ਮੰਤਰੀ ਹਨ।ਸੋ, ਅਸੀਂ ਕੋਲਡ ਚੇਨ ਬਣਾਈਏ ਜਿਸ ਨਾਲ ਫਰੂਟ ਅਤੇ ਵੈਜੀਟੇਬਲ ਜੋ ਵੀ ਸਮਾਨ ਕਿਸਾਨ ਬਣਾਵੇ ਉਹ ਪ੍ਰੋਟੈਕਟ ਹੋ ਕੇ ਮਾਰਕਿਟ ਤੱਕ ਪਹੁੰਚੇ। ਸੋ, ਇਹ ਪਾਲਿਸੀ ਤਾਂ ਪੰਜਾਬ ਵਿਚ ਹੀ ਇੰਪਲੀਮੈਂਟ ਨਹੀਂ ਹੋ ਰਹੀ.. (ਵਿਘਨ) (ਸ਼ੋਰ)

**ਮੰਤਰੀ :** ਸਪੀਕਰ ਸਾਹਿਬ, ਜੇਕਰ ਇਹ ਕੋਈ ਨੇਕ ਰਾਇ ਦੇਣਗੇ ਤਾਂ ਅਸੀਂ ਜ਼ਰੂਰ ਗੌਰ ਕਰਾਂਗੇ।

**ਸ਼੍ਰੀ ਅਸ਼ਵਨੀ ਸੇਖੜੀ :** ਸਪੀਕਰ ਸਾਹਿਬ, ਇਹ ਦੱਸਣ ਕਿ ਕੇਂਦਰ ਸਰਕਾਰ ਦੀ ਪਾਲਿਸੀ ਪੰਜਾਬ ਵਿਚ ਲਾਗੂ ਹੈ ਜਾਂ ਨਹੀਂ?

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਇਹ ਬੜਾ ਇੰਪਾਰਟੈਂਟ ਇਸ਼ੂ ਹੈ। ਸੇਖੜੀ ਸਾਹਿਬ ਨੇ ਬੜਾ ਅਹਿਮ ਸਵਾਲ ਲਗਾਇਆ ਹੈ ਪਰ ਮੇਰੀ ਖੇਤੀਬਾੜੀ ਮੰਤਰੀ ਜੀ ਨੂੰ ਗੁਜ਼ਾਰਿਸ਼ ਹੈ, ਸੀ.ਐਮ. ਸਾਹਿਬ ਵੀ ਬੈਠੇ ਹਨ।

"ਘਰ ਕੋ ਸਜਾਨੇ ਕਾ ਤਸੱਵਰ ਤੋ ਬਹੁਤ ਹੈ, ਪਹਿਲੇ ਯੇ ਤੋ ਫੈਸਲਾ ਹੋ ਕਿ ਘਰ ਕੋ ਬਚਾਏਂ ਕੈਸੇ "

ਸੋ, ਡਾਈਵਰਸੀਫਿਕੇਸ਼ਨ ਤਾਂ ਬਾਅਦ ਵਿੱਚ ਹੋਵੇਗੀ ਪਰ ਪਹਿਲਾਂ ਐਫ.ਸੀ.ਆਈ. ਦੇ ਮਸਲੇ ਤੇ ਬਹਿਸ ਕਿਉਂ ਨਹੀਂ ਕਰਵਾਉਂਦੇ। ਐਫ.ਸੀ.ਆਈ. ਆਪ ਤਾਂ ਦੁਕਾਨਦਾਰੀ ਬੰਦ ਕਰਨ ਨੂੰ ਫਿਰ ਰਹੀ ਹੈ। ਸ਼ਾਂਤਾ ਕੁਮਾਰ ਦੀ ਰਿਪੋਰਟ ਆਈ ਹੋਈ ਹੈ। ਮੈਂ ਤੁਹਾਨੂੰ ਕੱਲ੍ਹ ਵੀ ਗੁਜ਼ਾਰਿਸ਼ ਕੀਤੀ ਸੀ ਕਿ ਇਸ ਤੇ ਬਹਿਸ ਕਰਵਾ ਲਓ। Let us evolve a consensus in this House. ਇਹ ਸਾਰਿਆਂ ਦਾ ਖਦਸ਼ਾ ਹੈ...(ਵਿਘਨ)(ਸ਼ੋਰ)

**ਮਾਨਯੋਗ ਸਪੀਕਰ :** ਇਹ ਕੋਈ ਬਹਿਸ ਦਾ ਸਮਾਂ ਨਹੀਂ ਹੈ।

**ਸ਼੍ਰੀ ਸੁਨੀਲ ਜਾਖੜ :** ਮਾਨਯੋਗ ਸੀ.ਐਮ. ਸਾਹਿਬ ਆਪ ਵੀ ਜ਼ਿਮੀਂਦਾਰ ਹਨ। He is the only person who is holding the Chief Ministership. ਇਨ੍ਹਾਂ ਨੇ ਆਪਣੇ ਹੱਥਾਂ ਨਾਲ ਖੇਤੀ ਕੀਤੀ ਹੈ। (ਵਿਘਨ)(ਸ਼ੋਰ)

**ਮਾਨਯੋਗ ਸਪੀਕਰ :** ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਸਵਾਲ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ।

----

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### ਨਿਸ਼ਾਨ ਵਾਲਾ ਪ੍ਰਸ਼ਨ ਨੰ: 1889**

**ਮਾਨਯੋਗ ਸਪੀਕਰ :** ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

----

### ਸਰਕਾਰੀ ਕੰਨਿਆ ਸਕੂਲ ਮਮਦੋਟ ਨੂੰ ਸ਼ਹਿਰ ਤੋਂ ਬਾਹਰ ਸ਼ਿਫ਼ਟ ਕਰਨਾ

***1938. ਸਰਦਾਰ ਜੋਗਿੰਦਰ ਸਿੰਘ ਜਿੰਦੂ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਫਿਰੋਜ਼ਪੁਰ ਵਿੱਚ, ਜੇਕਰ ਪੰਚਾਇਤ ਸਰਕਾਰੀ ਕੰਨਿਆ ਸਕੂਲ, ਮਮਦੋਟ ਨੂੰ ਸ਼ਹਿਰ ਤੋਂ ਬਾਹਰ ਖੁੱਲ੍ਹੀ ਥਾਂ ਤੇ ਨਵਾਂ ਸਕੂਲ ਬਣਾਉਣ ਲਈ ਪੰਜ ਏਕੜ ਜ਼ਮੀਨ ਮੁਹੱਈਆ ਕਰਵਾ ਦੇਵੇ ਤਾਂ ਕੀ ਸਰਕਾਰ ਇਹ ਸਕੂਲ ਬਣਾਉਣ ਲਈ ਤਿਆਰ ਹੈ, ਵੇਰਵੇ ਸਹਿਤ ਦੱਸਿਆ ਜਾਵੇ ?

**ਡਾਕਟਰ ਦਲਜੀਤ ਸਿੰਘ ਚੀਮਾ :** ਹਾਂ ਜੀ, ਜ਼ਿਲ੍ਹਾ ਫਿਰੋਜ਼ਪੁਰ ਵਿੱਚ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਮਮਦੋਟ ਨੂੰ ਸ਼ਹਿਰ ਤੋਂ ਬਾਹਰ ਖੁੱਲ੍ਹੀ ਥਾਂ ਤੇ ਨਵਾਂ ਸਕੂਲ ਬਣਾਉਣ ਲਈ ਪਾਲਿਸੀ ਮੁਤਾਬਿਕ ਸਰਕਾਰ ਵਿਚਾਰ ਕਰ ਸਕਦੀ ਹੈ, ਜੇਕਰ ਪੰਚਾਇਤ 5 ਏਕੜ ਜ਼ਮੀਨ ਦੇਵੇਗੀ।ਜ਼ਮੀਨ ਮਿਲਣ ਤੋਂ ਬਾਅਦ ਸਕੂਲ ਲਈ ਲੋੜੀਂਦਾ ਇੰਫ੍ਰਾਸਟਰਕਚਰ, ਬਿਲਡਿੰਗ ਅਤੇ ਫਰਨੀਚਰ ਆਦਿ ਲਈ ਲੋੜੀਂਦਾ ਫੰਡ ਉਪਲਬਧ ਕਰਨ ਦੇ ਉਪਰਾਲੇ ਕੀਤੇ ਜਾਣਗੇ ਅਤੇ ਬਿਲਡਿੰਗ ਬਣਨ ਤੇ ਸਕੂਲ ਨੂੰ ਸ਼ਿਫਟ ਕਰ ਦਿੱਤਾ ਜਾਵੇਗਾ।

----

### ਸ਼ਗਨ, ਬੁਢਾਪਾ ਪੈਨਸ਼ਨ ਅਤੇ ਵਿਧਵਾ ਪੈਨਸ਼ਨ ਦੀ ਵਧਾਈ ਗਈ ਰਕਮ

***1955. ਰਾਣਾ ਗੁਰਮੀਤ ਸਿੰਘ ਸੋਢੀ :** ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਵੱਲੋਂ ਸ਼ਗਨ, ਬੁਢਾਪਾ ਪੈਨਸ਼ਨ ਅਤੇ ਵਿਧਵਾ ਪੈਨਸ਼ਨ ਦੀ ਵਧਾਈ ਗਈ ਰਕਮ ਦੀ ਅਦਾਇਗੀ ਦੇ ਕੀ ਵੇਰਵੇ ਹਨ?

**For Starred Question No. 1889 and reply thereto, please see Appendix to this Debates.

**ਸ਼੍ਰੀ ਮਦਨ ਮੋਹਨ ਮਿੱਤਲ :** ਸ਼ਗਨ, ਬੁਢਾਪਾ ਅਤੇ ਵਿਧਵਾ ਪੈਨਸ਼ਨ ਸਕੀਮ ਦੀ ਰਕਮ ਵਧਾਈ ਨਹੀਂ ਗਈ। ਇਸ ਲਈ ਵਧਾਈ ਰਕਮ ਦੀ ਅਦਾਇਗੀ ਦਾ ਸਵਾਲ ਹੀ ਨਹੀਂ ਉੱਠਦਾ।

-----

## ਨਿਗਮ ਵਿਚ ਵਾਰਡਾਂ ਦੀ ਗਿਣਤੀ ਵਧਾਉਣਾ

***1892. ਸਰਦਾਰ ਰਣਜੀਤ ਸਿੰਘ ਢਿੱਲੋਂ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਲੁਧਿਆਣਾ ਸ਼ਹਿਰ ਦੀ 2011 ਦੀ ਨਵੀਂ ਜਨਗਣਨਾ ਨੂੰ ਮੁੱਖ ਰੱਖਦੇ ਹੋਏ ਨਗਰ ਨਿਗਮ ਵਿੱਚ ਵਾਰਡਾਂ ਦੀ ਗਿਣਤੀ ਨੂੰ ਵਧਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸ਼੍ਰੀ ਅਨਿਲ ਜੋਸ਼ੀ :** ਨਹੀਂ ਜੀ।

----

## ਕਮਿਊਨਿਟੀ ਹੈਲਥ ਸੈਂਟਰਾਂ ਵਿਚ ਖਾਲੀ ਪਈਆਂ ਅਸਾਮੀਆਂ ਨੂੰ ਭਰਨਾ

***1953. ਸ਼੍ਰੀਮਤੀ ਚਰਨਜੀਤ ਕੌਰ ਬਾਜਵਾ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਕਾਦੀਆਂ ਅਤੇ ਕਾਹਨੂੰਵਾਨ ਵਿਖੇ ਕਮਿਊਨਿਟੀ ਹੈਲਥ ਸੈਂਟਰਾਂ ਵਿੱਚ ਖਾਲੀ ਪਈਆਂ ਅਸਾਮੀਆਂ ਦੀ ਸ਼੍ਰੇਣੀ–ਵਾਰ ਕੁੱਲ ਗਿਣਤੀ ਕਿੰਨੀ ਹੈ?

(ਅ) ਉਪਰੋਕਤ ਵਰਣਿਤ ਅਸਾਮੀਆਂ ਕਦੋਂ ਤੋਂ ਖਾਲੀ ਪਈਆਂ ਹਨ ਅਤੇ ਇਨ੍ਹਾਂ ਨੂੰ ਕਦੋਂ ਤੱਕ ਭਰਿਆ ਜਾਵੇਗਾ?

**ਸ਼੍ਰੀ ਸੁਰਜੀਤ ਕੁਮਾਰ ਜਿਆਨੀ :** ਸ਼੍ਰੀਮਾਨ ਜੀ,

(ੳ) ਕਾਦੀਆਂ ਅਤੇ ਕਾਹਨੂੰਵਾਨ ਵਿਖੇ ਕਮਿਊਨਿਟੀ ਹੈਲਥ ਸੈਂਟਰਾਂ ਵਿੱਚ ਮਨਜ਼ੂਰਸ਼ੁਦਾ, ਭਰੀਆਂ ਅਤੇ ਖਾਲੀ ਅਸਾਮੀਆਂ ਦੀ ਸੂਚਨਾ ਅਨੁਲਗ ੳ ਤੇ ਰੱਖੀ ਜਾਂਦੀ ਹੈ ਜੀ।

(ਅ) ਵਿਭਾਗ ਖਾਲੀ ਪਈਆਂ ਅਸਾਮੀਆਂ ਨੂੰ ਭਰਨ ਦੇ ਉਪਰਾਲੇ ਕਰ ਰਿਹਾ ਹੈ।

## ਅਨੁੱਲਗ ੳ

ਜ਼ਿਲ੍ਹਾ ਗੁਰਦਾਸਪੁਰ ਦੇ ਕਮਿਊਨਿਟੀ ਹੈਲਥ ਸੈਂਟਰ, ਕਾਦੀਆਂ ਵਿਖੇ ਮਨਜ਼ੂਰਸ਼ੁਦਾ, ਭਰੀਆਂ ਅਤੇ ਖਾਲੀ ਅਸਾਮੀਆਂ ਦੀ ਸ਼੍ਰੇਣੀਵਾਰ ਗਿਣਤੀ।

**ਸੰਸਥਾ ਦਾ ਨਾਮ : ਕਮਿਊਨਿਟੀ ਹੈਲਥ ਸੈਂਟਰ, ਕਾਦੀਆਂ**

| ਲੜੀ ਨੰ: | ਅਸਾਮੀ ਦਾ ਨਾਮ | ਮਨਜ਼ੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ | ਅਸਾਮੀਆਂ ਕਦੋਂ ਤੋਂ ਖਾਲੀ ਹਨ |
|---|---|---|---|---|---|
| 1. | ਸੀਨੀਅਰ ਮੈਡੀਕਲ ਅਫਸਰ | 1 | 1 | 0 | |
| 2. | ਮੈਡੀਕਲ ਅਫਸਰ (ਮੈਡੀਸਨ) | 1 | 0 | 1 | ਸਾਲ 2013 ਤੋਂ |
| 3. | ਮੈਡੀਕਲ ਅਫਸਰ (ਸਰਜਰੀ) | 1 | 0 | 1 | ਸਾਲ 2013 ਤੋਂ |
| 4. | ਮੈਡੀਕਲ ਅਫਸਰ (ਬੱਚਿਆਂ ਦੇ ਮਾਹਿਰ) | 1 | 0 | 1 | ਸਾਲ 2013 ਤੋਂ |
| 5. | ਮੈਡੀਕਲ ਅਫਸਰ (ਗਾਇਨੀ) | 1 | 0 | 1 | ਸਾਲ 2013 ਤੋਂ |
| 6. | ਮੈਡੀਕਲ ਅਫਸਰ (ਐਮ.ਬੀ.ਬੀ.ਐਸ.) | 1 | 0 | 1 | ਸਾਲ 2013 ਤੋਂ |
| 7. | ਮੈਡੀਕਲ ਅਫਸਰ (ਡੈਂਟਲ) | 1 | 1 | 0 | |
| 8. | ਨਰਸਿੰਗ ਸਿਸਟਰ | 1 | 1 | 0 | |
| 9. | ਸਟਾਫ ਨਰਸ | 6 | 6 | 0 | |
| 10. | ਫਾਰਮਾਸਿਸਟ | 2 | 2 | 0 | |
| 11. | ਮੈਡੀਕਲ ਲੈਬੋਰਟਰੀ ਟੈਕਨੀਸ਼ੀਅਨ ਗ੍ਰੇਡ-1 | 1 | 1 | 0 | |

[ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ]

| | | | | | |
|---|---|---|---|---|---|
| 12. | ਮੈਡੀਕਲ ਲੈਬੋਰਟਰੀ ਟੈਕਨੀਸ਼ੀਅਨ ਗ੍ਰੇਡ-2 | 1 | 1 | 0 | |
| 13. | ਰੇਡੀਓਗ੍ਰਾਫਰ | 2 | 2 | 0 | |
| 14. | ਕਲਰਕ | 1 | 1 | 0 | |
| 15. | ਕੰਪਿਊਟਰ | 1 | 0 | 1 | ਸਾਲ 2014 ਤੋਂ |
| 16. | ਮ.ਪ.ਹ.ਵ.(ਮੇਲ) | 3 | 3 | 0 | |
| 17. | ਮ.ਪ.ਹ.ਵ.(ਫੀਮੇਲ) | 3 | 3 | 0 | |
| 18. | ਟਰੇਂਡ ਦਾਈ | 1 | 1 | 0 | |
| 19. | ਦਰਜਾ-4 | 8 | 4 | 4 | |
| 20. | ਸਵੀਪਰ | 2 | 1 | 1 | |
| 21. | ਕੁੱਕ | 1 | 0 | 1 | |
| 22. | ਧੋਬੀ | 1 | 1 | 0 | |
| 23. | ਮਾਲੀ-ਕਮ-ਚੌਕੀਦਾਰ | 1 | 1 | 0 | |
| | ਕੁੱਲ | 42 | 30 | 12 | |

ਜ਼ਿਲ੍ਹਾ ਗੁਰਦਾਸਪੁਰ ਦੇ ਕਮਿਊਨਿਟੀ ਹੈਲਥ ਸੈਂਟਰ, ਕਾਹਨੂੰਵਾਨ ਵਿਖੇ ਮਨਜ਼ੂਰਸ਼ੁਦਾ, ਭਰੀਆਂ ਅਤੇ ਖਾਲੀ ਅਸਾਮੀਆਂ ਦੀ ਸ਼੍ਰੇਣੀਵਾਰ ਗਿਣਤੀ।

**ਸੰਸਥਾ ਦਾ ਨਾਮ : ਕਮਿਊਨਿਟੀ ਹੈਲਥ ਸੈਂਟਰ, ਕਾਹਨੂੰਵਾਨ**

| ਲੜੀ ਨੰ: | ਅਸਾਮੀ ਦਾ ਨਾਮ | ਮਨਜ਼ੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ | ਅਸਾਮੀਆਂ ਕਦੋਂ ਤੋਂ ਖਾਲੀ ਹਨ |
|---|---|---|---|---|---|
| 1. | ਸੀਨੀਅਰ ਮੈਡੀਕਲ ਅਫਸਰ | 1 | 1 | 0 | |
| 2. | ਮੈਡੀਕਲ ਅਫਸਰ (ਮੈਡੀਸਨ) | 1 | 0 | 1 | ਸਾਲ 2013 ਤੋਂ |

| | | | | | |
|---|---|---|---|---|---|
| 3. | ਮੈਡੀਕਲ ਅਫਸਰ (ਸਰਜਰੀ) | 1 | 1 | 0 | |
| 4. | ਮੈਡੀਕਲ ਅਫਸਰ (ਬੱਚਿਆਂ ਦੇ ਮਾਹਿਰ) | 1 | 0 | 1 | ਸਾਲ 2013 ਤੋਂ |
| 5. | ਮੈਡੀਕਲ ਅਫਸਰ (ਗਾਇਨੀ) | 1 | 1 | 0 | |
| 6. | ਮੈਡੀਕਲ ਅਫਸਰ (ਐਮ.ਬੀ.ਬੀ.ਐਸ.) | 1 | 1 | 0 | |
| 7. | ਮੈਡੀਕਲ ਅਫਸਰ (ਡੈਂਟਲ) | 1 | 1 | 0 | |
| 8. | ਨਰਸਿੰਗ ਸਿਸਟਰ | 1 | 1 | 0 | |
| 9. | ਸਟਾਫ ਨਰਸ | 6 | 6 | 0 | |
| 10. | ਐਲ.ਐਚ.ਵੀ. | 1 | 1 | 0 | |
| 11. | ਬਲਾਕ ਐਕਸਟੈਨਸ਼ਨ ਐਜੂਕੇਟਰ | 1 | 1 | 0 | |
| 12. | ਚੀਫ ਫਾਰਮਾਸਿਸਟ | 1 | 0 | 1 | ਸਾਲ 2013 ਤੋਂ |
| 13. | ਫਾਰਮਾਸਿਸਟ ਗ੍ਰੇਡ-2 | 2 | 2 | 0 | |
| 14. | ਮੈਡੀਕਲ ਲੈਬੋਰਟਰੀ ਟੈਕਨੀਸ਼ੀਅਨ ਗ੍ਰੇਡ-1 | 3 | 3 | 0 | |
| 15. | ਮੈਡੀਕਲ ਲੈਬੋਰਟਰੀ ਟੈਕਨੀਸ਼ੀਅਨ ਗ੍ਰੇਡ-2 | 4 | 4 | 0 | |
| 16. | ਰੇਡੀਓਗ੍ਰਾਫਰ | 1 | 1 | 0 | |
| 17. | ਮ.ਪ.ਹ.ਸੁਪਰਵਾਈਜ਼ਰ | 1 | 1 | 0 | |
| 18. | ਮ.ਪ.ਹ.ਵ.(ਮੇਲ) | 1 | 1 | 0 | |
| 19. | ਮ.ਪ.ਹ.ਵ.(ਫੀਮੇਲ) | 1 | 1 | 0 | |
| 20. | ਸੀਨੀਅਰ ਸਹਾਇਕ | 1 | 1 | 0 | |
| 21. | ਸਟੈਨੋ ਟਾਈਪਿਸਟ | 1 | 1 | 0 | |

[ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ]

| | | | | | |
|---|---|---|---|---|---|
| 22. | ਕਲਰਕ | 2 | 2 | 0 | |
| 23. | ਕੰਪਿਊਟਰ | 1 | 0 | 1 | ਸਾਲ 2007 ਤੋਂ |
| 24. | ਡਰਾਈਵਰ | 2 | 1 | 1 | ਸਾਲ 2012 ਤੋਂ |
| 25. | ਦਰਜਾ-4 | 9 | 9 | 0 | |
| 26. | ਸਵੀਪਰ | 4 | 4 | 0 | |
| 27. | ਕੁੱਕ | 1 | 1 | 0 | |
| 28. | ਧੋਬੀ | 1 | 0 | 1 | ਸਾਲ 2010 ਤੋਂ |
| 29. | ਮਾਲੀ-ਕਮ-ਚੌਂਕੀਦਾਰ | 2 | 1 | 1 | ਸਾਲ 2007 ਤੋਂ |
| | **ਕੁਲ** | **54** | **47** | **7** | |

----

## ਮਿਉਂਸਿਪਲ ਕੌਂਸਲ ਬਟਾਲਾ ਨੂੰ ਗ੍ਰਾਂਟ ਦੇਣਾ

***1947. ਸ਼੍ਰੀ ਅਸ਼ਵਨੀ ਸੇਖੜੀ :** ਕੀ ਸਥਾਨਕ ਸਰਕਾਰ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਸਾਲ 2013-14 ਅਤੇ 2014-15 ਦੌਰਾਨ ਮਿਉਂਸਿਪਲ ਕੌਂਸਲ, ਬਟਾਲਾ ਦੁਆਰਾ ਰਾਜ ਸਰਕਾਰ ਤੋਂ ਪ੍ਰਾਪਤ ਕੀਤੀਆਂ ਵੱਖ ਵੱਖ ਗ੍ਰਾਂਟਾਂ ਅਤੇ ਇਨ੍ਹਾਂ ਦੀ ਵਰਤੋਂ ਦੇ ਵੇਰਵੇ ਕੀ ਹਨ?

**ਸ਼੍ਰੀ ਅਨਿਲ ਜੋਸ਼ੀ :** ਲੋੜੀਂਦੀ ਸੂਚਨਾ ਅਨੁਲੱਗ 'ੳ' ਅਤੇ 'ਅ' ਵਿੱਚ ਦਿੱਤੇ ਗਏ ਵੇਰਵੇ ਅਨੁਸਾਰ ਹੈ:-

### ਅਨੁਲੱਗ 'ੳ'

**ਸਾਲ 2013-14** **(ਰਾਸ਼ੀ ਲੱਖਾਂ ਵਿੱਚ)**

| **ਲੜੀ ਨੰ:** | **ਗਰਾਂਟ ਦਾ ਨਾਂ** | **ਰਕਮ** | **ਮਿਤੀ 17.3.15 ਤੱਕ ਦਾ ਖਰਚਾ** | **ਵਿਸ਼ੇਸ਼ ਕਥਨ** |
|---|---|---|---|---|
| 1 | ਆਈ.ਐਚ.ਐਸ. ਡੀ.ਪੀ. (ਸਲੱਮ ਪ੍ਰੋਜੈਕਟ) | 47.50 | 16.00 | ਸਲੱਮ ਪ੍ਰੋਜੈਕਟ ਸਬੰਧੀ ਰਾਜ ਸਰਕਾਰ ਵੱਲੋਂ 8 ਸਲੱਮ ਇਲਾਕਿਆਂ ਦਾ ਵਿਕਾਸ ਕਰਨ ਲਈ 47.50 ਲੱਖ ਰੁਪਏ ਸਾਲ |

| | | | | |
|---|---|---|---|---|
| | | | | 2013-2014 ਵਿੱਚ ਭੇਜੇ ਗਏ ਸਨ, ਜਿਸ ਵਿੱਚੋਂ 16.00 ਲੱਖ ਰੁਪਏ ਦੀ ਅਦਾਇਗੀ ਗਾਂਧੀ ਨਗਰ ਕੈਂਪ ਅਤੇ ਈਸਾ ਨਗਰ ਦੇ ਬੈਨੀਫਿਸ਼ਰਾਂ ਨੂੰ ਬਾਥਰੂਮ ਅਤੇ ਕਿਚਨ ਬਣਾਉਣ ਲਈ ਕੀਤੀ ਗਈ ਹੈ ਅਤੇ ਬਕਾਇਆ ਰਹਿੰਦੀ ਰਕਮ ਦੇ ਕੰਮ ਪ੍ਰਗਤੀ ਅਧੀਨ ਹਨ ਜੀ। |
| 2 | ਐਕਸਾਈਜ ਡਿਊਟੀ ਅਤੇ ਡੈਵੋਲਿਊਸ਼ਨ ਆਫ ਸ਼ੇਅਰ ਆਫ ਟੈਕਸਿਸ | 143.52 | 143.52 | ਸਾਲ 2013-14 ਸਬੰਧੀ 143.52 ਲੱਖ ਰੁਪਏ ਸਰਕਾਰ ਵੱਲੋਂ ਸਾਲ 2013-2014 ਵਿੱਚ ਭੇਜੇ ਗਏ ਸਨ, ਜਿਸ ਵਿੱਚੋਂ ਕਰਮਚਾਰੀਆਂ ਦੀਆਂ ਦੇਣ-ਦਾਰੀਆਂ ਤੇ 136.80 ਲੱਖ, ਵਕੀਲਾਂ ਅਤੇ ਲੀਗਲ ਫੀਸਾਂ ਤੇ 0.58 ਲੱਖ, ਦਫਤਰ ਦੀ ਸਟੇਸ਼ਨਰੀ ਤੇ ਕੀਤਾ ਖਰਚਾ 0.66 ਲੱਖ, ਸਟਰੀਟ ਲਾਈਟ ਅਤੇ ਟਿਊਬਵੈੱਲ ਮੈਨਟੀਨੈਂਸ ਤੇ 2.58 ਲੱਖ , ਦਫਤਰੀ ਖਰਚਿਆਂ ਤੇ 0.49 ਲੱਖ ਅਤੇ ਵਿਕਾਸ ਦੇ ਕੰਮਾਂ ਤੇ 1.75 ਲੱਖ ਰੁਪਏ ਖਰਚ ਕੀਤੇ ਗਏ ਹਨ। |
| | **ਕੁਲ ਜੋੜ** | **191.02** | **159.52** | |

## ਅਨੁਲੱਗ 'ਅ'

**ਸਾਲ 2014-15** **(ਰਾਸ਼ੀ ਲੱਖਾਂ ਵਿੱਚ)**

| **ਲੜੀ ਨੰ:** | **ਗਰਾਂਟ ਦਾ ਨਾਂ** | **ਰਕਮ** | **ਮਿਤੀ 17.3.15 ਤੱਕ ਦਾ ਖਰਚਾ** | **ਵਿਸ਼ੇਸ਼ ਕਥਨ** |
|---|---|---|---|---|
| 1 | ਰਾਜੀਵ ਆਵਾਸ ਯੋਜਨਾ | 24.03 | 0.00 | ਸਲੱਮ ਪ੍ਰੋਜੈਕਟ ਸਬੰਧੀ ਰਾਜ ਸਰਕਾਰ ਵੱਲੋਂ 3 ਸਲੱਮ (ਗੋਖੁਵਾਲ, ਖਤੀਬ ਅਤੇ |

| | | |
|---|---|---|
| | | ਹਸਨਪੁਰਾ) ਇਲਾਕਿਆਂ ਦਾ ਵਿਕਾਸ ਕਰਨ ਲਈ 24.03 ਲੱਖ ਰੁਪਏ ਸਾਲ 2014-2015 ਵਿੱਚ ਭੇਜੇ ਗਏ ਸਨ। ਜਿਸ ਵਿੱਚੋਂ ਅਜੇ ਤੱਕ ਕੋਈ ਅਦਾਇਗੀ ਨਹੀ ਕੀਤੀ ਗਈ ਹੈ ਅਤੇ ਕੰਮ ਪ੍ਰਗਤੀ ਅਧੀਨ ਹਨ ਜੀ। |
| **ਕੁਲ ਜੋੜ** | **24.03 0.00** | |

----

## ਭਲਾਈ ਸਕੀਮਾਂ ਲਈ ਬਜਟ ਐਲੋਕੇਟ ਕਰਨਾ

***1952. ਸ਼੍ਰੀਮਤੀ ਚਰਨਜੀਤ ਕੌਰ ਬਾਜਵਾ :** ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਸਾਲ 2014-15 ਦੌਰਾਨ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀਆਂ ਭਲਾਈ ਸਕੀਮਾਂ ਲਈ ਕੁੱਲ ਕਿੰਨਾ ਬਜਟ ਐਲੋਕੇਟ ਕੀਤਾ ਗਿਆ ਅਤੇ ਹੁਣ ਤੱਕ ਇਨ੍ਹਾਂ ਉੱਤੇ ਕਿੰਨੀ ਰਕਮ ਖਰਚ ਕੀਤੀ ਗਈ;

(ਅ) ਸਾਲ 2014-15 ਦੇ ਦੌਰਾਨ ਕੇਂਦਰ ਦੁਆਰਾ ਚਲਾਈਆਂ ਗਈਆਂ ਐਸ.ਸੀ. ਅਤੇ ਬੀ.ਸੀ. ਦੀਆਂ ਭਲਾਈ ਸਕੀਮਾਂ ਤੋਂ ਸਰਕਾਰ ਦੁਆਰਾ ਕੁੱਲ ਕਿੰਨੇ ਫੰਡ ਪ੍ਰਾਪਤ ਕੀਤੇ ਅਤੇ ਕੀ ਸਾਰੇ ਫੰਡ ਵਰਤ ਲਏ ਗਏ ਹਨ; ਜੇਕਰ ਨਹੀਂ ਤਾਂ ਇਸ ਦੇ ਵੇਰਵੇ ਅਤੇ ਕਾਰਣ ਕੀ ਹਨ?

**ਸਰਦਾਰ ਗੁਲਜਾਰ ਸਿੰਘ ਰਣੀਕੇ :** (ੳ) ਮੰਗੀ ਗਈ ਸੂਚਨਾ ਅਨੁਲੱਗ 'ੳ' ਤੇ ਰੱਖੀ ਜਾਂਦੀ ਹੈ।

(ਅ) ਮੰਗੀ ਗਈ ਸੂਚਨਾ ਅਨੁਲੱਗ ਅ ਤੇ ਰੱਖੀ ਜਾਂਦੀ ਹੈ।

## ਅਨੁਲੱਗ 'ੳ'

ਸਾਲ 2014-15 ਦੌਰਾਨ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀਆਂ ਭਲਾਈ ਸਕੀਮਾਂ ਲਈ ਐਲੋਕੇਟ ਕੀਤਾ ਗਿਆ ਕੁੱਲ ਬਜਟ ਉਪਬੰਧ

ਅਤੇ ਖਰਚ ਕੀਤੀ ਰਾਸ਼ੀ ਸਬੰਧੀ ਸੂਚਨਾ

**(ਰਕਮ ਕਰੋੜਾਂ ਵਿੱਚ)**

| ਕੁੱਲ ਬਜਟ ਉਪਬੰਧ | ਖਰਚ ਕੀਤੀ ਰਾਸ਼ੀ |
|---|---|
| 842.13 | 725.69 |

**ਅਨੁਲੱਗ 'ਅ'**

ਸਾਲ 2014-15 ਦੌਰਾਨ ਕੇਂਦਰ ਦੁਆਰਾ ਚਲਾਈਆਂ ਗਈਆਂ ਐਸ.ਸੀ. ਅਤੇ ਬੀ.ਸੀ. ਦੀਆਂ ਭਲਾਈ ਸਕੀਮਾਂ ਤੋਂ ਸਰਕਾਰ ਦੁਆਰਾ ਕੁੱਲ ਪ੍ਰਾਪਤ ਕੀਤੇ ਗਏ ਫੰਡ ਅਤੇ ਵਰਤੇ ਗਏ ਫੰਡਾਂ ਸਬੰਧੀ ਸੂਚਨਾ

**(ਰਕਮ ਕਰੋੜਾਂ ਵਿੱਚ)**

| ਕੇਂਦਰ ਸਰਕਾਰ ਤੋਂ ਪ੍ਰਾਪਤ ਕੀਤੇ ਫੰਡ | ਵਰਤੇ ਗਏ ਫੰਡ |
|---|---|
| 482.73 | 482.73 |

----

**ਮਨਰੇਗਾ ਅਧੀਨ ਖਰਚ ਕੀਤੀ ਗਈ ਰਕਮ**

*__1920. ਸ਼੍ਰੀਮਤੀ ਹਰਚੰਦ ਕੌਰ :__ ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਮਹਿਲ ਕਲਾਂ ਹਲਕੇ ਦੇ ਲੋਕਾਂ ਨੂੰ ਉਨ੍ਹਾਂ ਦੁਆਰਾ ਕੀਤੇ ਗਏ ਕੰਮ ਲਈ ਮਨਰੇਗਾ ਦੀ ਪੈਂਡਿੰਗ ਪਈ ਅਦਾਇਗੀ ਯੋਗ ਰਕਮ ਕਿੰਨੀ ਹੈ;

(ਅ) ਉਪਰੋਕਤ ਰਕਮ ਨੂੰ ਕਦੋਂ ਤੱਕ ਅਦਾ ਕੀਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਸਿਕੰਦਰ ਸਿੰਘ ਮਲੂਕਾ:** ਸ਼੍ਰੀਮਤੀ ਜੀ ,

(ੳ) ਮਗਨਰੇਗਾ ਤਹਿਤ ਮਹਿਲ ਕਲਾਂ ਹਲਕੇ ਦੇ ਲੋਕਾਂ ਨੂੰ ਉਨ੍ਹਾਂ ਦੁਆਰਾ ਕੀਤੇ ਗਏ ਕੰਮ ਲਈ ਮਗਨਰੇਗਾ ਦੀ ਅਦਾਇਗੀ ਯੋਗ ਪੈਂਡਿੰਗ ਰਕਮ ਮਿਤੀ 19-03-2015 ਤੱਕ 149.5 ਲੱਖ (ਇੱਕ ਕਰੋੜ ਉਣੰਜਾ ਲੱਖ ਪੰਜਾਹ ਹਜ਼ਾਰ) ਰੁਪਏ ਹੈ ।

[ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ]

(ਅ) ਉਪਰੋਕਤ ਰਕਮ ਦੀ ਅਦਾਇਗੀ ਭਾਰਤ ਸਰਕਾਰ ਵੱਲੋਂ ਫੰਡ ਪ੍ਰਾਪਤ ਹੋਣ ਤੋਂ ਤੁਰੰਤ ਕਰ ਦਿੱਤੀ ਜਾਵੇਗੀ।

----

## UNSTARRED QUESTIONS AND ANSWERS

### ਸਿਵਲ ਹਸਪਤਾਲ ਨੂੰ ਸਬ-ਡਵੀਜ਼ਨ ਦਾ ਦਰਜਾ ਨਾ ਦੇਣਾ

**158.ਸਰਦਾਰ ਚਰਨਜੀਤ ਸਿੰਘ ਚੰਨੀ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਸ਼੍ਰੀ ਚਮਕੌਰ ਸਾਹਿਬ ਨੂੰ ਨੌ ਸਾਲ ਸਬ-ਡਵੀਜ਼ਨ ਬਣੀ ਹੋਣ ਦੇ ਬਾਵਜੂਦ ਵੀ ਇਥੋਂ ਦੇ ਸਿਵਲ ਹਸਪਤਾਲ ਨੂੰ ਸਬ-ਡਵੀਜ਼ਨਲ ਹਸਪਤਾਲ ਦਾ ਦਰਜਾ ਅਜੇ ਤੱਕ ਨਹੀ ਦਿੱਤਾ ਗਿਆ ਹੈ;

(ਅ) ਕੀ ਹਲਕਾ ਸ਼੍ਰੀ ਚਮਕੌਰ ਸਾਹਿਬ ਦੇ ਸਿਵਲ ਹਸਪਤਾਲ ਨੂੰ ਅੱਪਗ੍ਰੇਡ ਕਰਨ ਦੀ ਕੋਈ ਵੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਸ ਨੂੰ ਕਦੋਂ ਤੱਕ ਅੱਪਗ੍ਰੇਡ ਕਰ ਦਿੱਤਾ ਜਾਵੇਗਾ?

**ਸ਼੍ਰੀ ਸੁਰਜੀਤ ਕੁਮਾਰ ਜਿਆਨੀ :** ਸ਼੍ਰੀਮਾਨ ਜੀ (ੳ) ਜੀ ਹਾਂ।

(ਅ) ਜਦੋਂ ਵੀ ਹਸਪਤਾਲ ਨੂੰ ਅੱਪਗ੍ਰੇਡ ਕਰਨ ਲਈ ਲੋੜੀਂਦੀ ਜਗ੍ਹਾ ਅਤੇ ਫੰਡਾਂ ਦਾ ਪ੍ਰਬੰਧ ਹੋ ਜਾਂਦਾ ਹੈ, ਉਸ ਸਬੰਧੀ ਬਣਦੀ ਕਾਰਵਾਈ ਆਰੰਭੀ ਜਾਵੇਗੀ। ਇਸ ਲਈ ਫਿਲਹਾਲ ਹਸਪਤਾਲ ਨੂੰ ਅੱਪਗ੍ਰੇਡ ਕਰਨ ਸਬੰਧੀ ਕੋਈ ਨਿਸ਼ਚਿਤ ਮਿਤੀ ਨਹੀਂ ਦਿੱਤੀ ਜਾ ਸਕਦੀ।

----

### ਜਿਣਸ ਦਾ ਭਾਅ ਤੈਅ ਕਰਨਾ

**162. ਸਰਦਾਰ ਚਰਨਜੀਤ ਸਿੰਘ ਚੰਨੀ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਸਰਕਾਰ ਵੱਲੋਂ ਕਿਸਾਨਾਂ ਨੂੰ ਉਨ੍ਹਾਂ ਦੀ ਜਿਣਸ ਦਾ ਭਾਅ ਜਿਣਸ ਤੇ ਆਈ ਲਾਗਤ/ਮਿਹਨਤ ਅਨੁਸਾਰ ਤੈਅ ਕਰਨ ਲਈ ਕੇਂਦਰ ਸਰਕਾਰ ਨਾਲ ਕੋਈ ਰਾਬਤਾ ਕਾਇਮ ਕੀਤਾ ਗਿਆ ਹੈ; ਜੇਕਰ ਅਜਿਹਾ

ਹੋਵੇ ਤਾਂ ਇਸ ਦੇ ਕੀ ਵੇਰਵੇ ਹਨ?

**ਸਰਦਾਰ ਤੋਤਾ ਸਿੰਘ :** ਖੇਤੀਬਾੜੀ ਵਿਭਾਗ ਵੱਲੋਂ ਹਰ ਸਾਲ ਸਾਉਣੀ/ਹਾੜ੍ਹੀ ਸੀਜ਼ਨ ਦੀਆਂ ਮੁੱਖ ਫਸਲਾਂ ਦੇ ਮੁੱਲ ਨਿਰਧਾਰਤ ਕਰਨ ਸਬੰਧੀ ਪ੍ਰਾਈਸ ਪਾਲਿਸੀ ਰਿਪੋਰਟ ਖੇਤੀ ਯੂਨੀਵਰਸਿਟੀ, ਲੁਧਿਆਣਾ ਦੇ ਅਰਥ ਸ਼ਾਸ਼ਤਰ ਵਿਭਾਗ ਨਾਲ ਤਾਲਮੇਲ ਕਰਕੇ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਹੀ ਕਾਸਟ ਆਫ ਕਲਟੀਵੇਸ਼ਨ ਦੇ ਅਧਾਰ ਤੇ ਤਿਆਰ ਕਰਕੇ ਐਗਰੀਕਲਚਰਲ ਕਾਸਟ ਐਂਡ ਪ੍ਰਾਈਸਿਜ ਕਮਿਸ਼ਨ ਨੂੰ ਭੇਜੀ ਜਾਂਦੀ ਹੈ। ਪਰੰਤੂ ਸਾਉਣੀ/ਹਾੜ੍ਹੀ ਸੀਜ਼ਨ ਦੀਆਂ ਵੱਖ-ਵੱਖ ਫਸਲਾਂ ਦਾ ਮੁੱਲ ਨਿਰਧਾਰਤ ਕਰਨ ਦਾ ਅੰਤਮ ਫੈਸਲਾ ਭਾਰਤ ਸਰਕਾਰ ਕਰਦੀ ਹੈ। ਸਾਉਣੀ 2013-14 ਦੌਰਾਨ ਰਾਜ ਸਰਕਾਰ ਨੇ ਧਾਨ ਗਰੇਡ-ਏ ਦਾ 1800/- ਰੁਪਏ ਪ੍ਰਤੀ ਕੁਇੰਟਲ, ਕਪਾਹ ਦਾ 4674/- ਰੁਪਏ ਪ੍ਰਤੀ ਕੁਇੰਟਲ ਅਤੇ ਕਣਕ ਦਾ 1855/- ਰੁਪਏ ਪ੍ਰਤੀ ਕੁਇੰਟਲ ਮੁੱਲ ਫਿਕਸ ਕਰਨ ਦੀ ਸਿਫਾਰਸ਼ ਕੀਤੀ ਸੀ ਜਦਕਿ ਭਾਰਤ ਸਰਕਾਰ ਨੇ ਧਾਨ ਗਰੇਡ-ਏ ਦਾ 1345/- ਰੁਪਏ, ਕਪਾਹ ਦਾ 3700/- ਤੋਂ 4000/- ਰੁਪਏ ਅਤੇ ਕਣਕ ਦਾ 1400/- ਰੁਪਏ ਪ੍ਰਤੀ ਕੁਇੰਟਲ ਘੱਟੋ ਘੱਟ ਸਮਰਥਨ ਮੁੱਲ ਨਿਰਧਾਰਿਤ ਕੀਤਾ। ਇਸੇ ਤਰ੍ਹਾਂ ਸਾਲ 2014-15 ਦੌਰਾਨ ਰਾਜ ਸਰਕਾਰ ਵਲੋਂ ਧਾਨ ਗਰੇਡ-ਏ ਦਾ 1890/- ਰੁਪਏ, ਕਪਾਹ ਦਾ 5300/- ਰੁਪਏ ਅਤੇ ਕਣਕ ਦਾ 1900/- ਰੁਪਏ ਪ੍ਰਤੀ ਕੁਇੰਟਲ ਮੁੱਲ ਨਿਰਧਾਰਿਤ ਕਰਨ ਲਈ ਸਿਫਾਰਸ਼ ਕੀਤੀ ਸੀ ਪਰੰਤੂ ਭਾਰਤ ਸਰਕਾਰ ਨੇ ਧਾਨ ਗਰੇਡ-ਏ ਦਾ 1400/- ਰੁਪਏ, ਕਪਾਹ ਦਾ 3750/- ਤੋਂ 4050/- ਰੁਪਏ ਅਤੇ ਕਣਕ ਦਾ 1450/- ਰੁਪਏ ਪ੍ਰਤੀ ਕੁਇੰਟਲ ਘੱਟੋ ਘੱਟ ਸਮਰਥਨ ਮੁੱਲ ਨਿਰਧਾਰਿਤ ਕੀਤਾ ਹੈ।

----

## ਪੰਜਾਬ ਸਰਕਾਰ ਵੱਲੋਂ ਸ਼ਗਨ ਸਕੀਮ ਅਧੀਨ ਲਾਭਪਾਤਰੀਆਂ ਨੂੰ ਅਦਾਇਗੀ ਕਰਨਾ

**163. ਸਰਦਾਰ ਚਰਨਜੀਤ ਸਿੰਘ ਚੰਨੀ :** ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿਛਲੇ ਇੱਕ ਸਾਲ ਤੋਂ ਸਰਕਾਰ ਵੱਲੋਂ ਸ਼ਗਨ ਸਕੀਮ ਦੇ ਕਿੰਨੇ ਲਾਭ ਪਾਤਰਾਂ ਦੀਆ ਦਰਖਾਸਤਾਂ ਪ੍ਰਾਪਤ ਕੀਤੀਆਂ ਗਈਆਂ ਹਨ ਅਤੇ ਕਿੰਨੇ ਲਾਭ-ਪਾਤਰੀਆਂ ਨੂੰ ਸ਼ਗਨ ਸਕੀਮ ਦੇ ਪੈਸੇ ਦੇਣੇ ਬਾਕੀ ਹਨ?

**ਸਰਦਾਰ ਗੁਲਜਾਰ ਸਿੰਘ ਰਣੀਕੇ :** ਮੰਗੀ ਗਈ ਸੂਚਨਾ ਅਨੁਲੱਗ 'ੳ' ਤੇ ਰੱਖੀ ਜਾਂਦੀ ਹੈ।

**ਅਨੁਲੱਗ 'ੳ'**

**ਸ਼ਗਨ ਸਕੀਮ ਦੇ ਪੈਂਡਿੰਗ ਪਏ ਕੇਸਾਂ ਦੀ ਗਿਣਤੀ**

| ਪ੍ਰਾਪਤ ਦਰਖਾਸਤਾਂ ਦੀ ਗਿਣਤੀ (ਮਾਰਚ 2014 ਤੋਂ ਫਰਵਰੀ, 2015) | ਜਿੰਨੇ ਲਾਭਪਾਤਰੀਆਂ ਨੂੰ ਅਦਾਇਗੀ ਕੀਤੀ ਜਾ ਚੁੱਕੀ ਹੈ, ਦੀ ਗਿਣਤੀ |
|---|---|
| 51,802 | 51,802 |

----

**ਬੁਢਾਪਾ ਪੈਨਸ਼ਨ, ਅੰਗਹੀਣ ਪੈਨਸ਼ਨ ਅਤੇ ਵਿਧਵਾ ਪੈਨਸ਼ਨ ਨੂੰ ਵਧਾ ਕੇ ਦੁੱਗਣਾ ਕਰਨਾ**

**164. ਸਰਦਾਰ ਚਰਨਜੀਤ ਸਿੰਘ ਚੰਨੀ :** ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬੁਢਾਪਾ ਪੈਨਸ਼ਨ, ਅੰਗਹੀਣ ਪੈਨਸ਼ਨ ਅਤੇ ਵਿਧਵਾ ਪੈਨਸ਼ਨ ਨੂੰ ਵਧਾ ਕੇ ਦੁੱਗਣਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਸ਼੍ਰੀ ਮਦਨ ਮੋਹਨ ਮਿੱਤਲ :** ਸ਼੍ਰੀਮਾਨ ਜੀ, ਨਹੀਂ ਜੀ।

----

**ਕਾਦੀਆਂ ਤੋਂ ਬਿਆਸ ਰੇਲ ਲਿੰਕ ਲਈ ਜ਼ਮੀਨ ਪ੍ਰਾਪਤ ਕਰਨਾ**

**165. ਸ਼੍ਰੀਮਤੀ ਚਰਨਜੀਤ ਕੌਰ ਬਾਜਵਾ :** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਕਾਦੀਆਂ ਤੋਂ ਬਿਆਸ ਰੇਲ ਲਿੰਕ ਲਈ ਜ਼ਮੀਨ ਪ੍ਰਾਪਤੀ ਦਾ ਕੰਮ ਪਿਛਲੇ ਕਈ ਸਾਲਾਂ ਤੋਂ ਲਟਕਿਆ ਪਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਕੰਮ ਕਦੋਂ ਤੱਕ ਪੂਰਾ ਕੀਤਾ ਜਾਵੇਗਾ?

**ਲੋਕ ਨਿਰਮਾਣ ਮੰਤਰੀ (ਸਰਦਾਰ ਜਨਮੇਜਾ ਸਿੰਘ ਸੇਖੋਂ) :** ਸ਼੍ਰੀਮਤੀ ਜੀ, ਲੋਕ ਨਿਰਮਾਣ ਵਿਭਾਗ (ਭ ਤੇ ਮ) ਕੋਲ ਕਾਦੀਆਂ ਤੋਂ ਬਿਆਸ ਰੇਲ ਲਿੰਕ ਲਈ ਜ਼ਮੀਨ ਪ੍ਰਾਪਤੀ ਕਰਨ ਦੀ ਕੋਈ ਵੀ ਤਜਵੀਜ਼ ਰੇਲਵੇ ਵਿਭਾਗ ਵੱਲੋਂ ਪ੍ਰਾਪਤ

ਨਹੀਂ ਹੋਈ ਹੈ। ਇਸ ਲਈ ਕਾਦੀਆਂ ਤੋਂ ਬਿਆਸ ਰੇਲ ਲਿੰਕ ਲਈ ਜ਼ਮੀਨ ਪ੍ਰਾਪਤੀ ਦੀ ਕੋਈ ਵੀ ਤਜਵੀਜ਼ ਵਿਭਾਗ ਦੇ ਵਿਚਾਰ ਅਧੀਨ ਨਹੀਂ ਹੈ।

----

## ਡਾਕਟਰਾਂ ਦੀ ਘਾਟ ਪੂਰੀ ਕਰਨਾ

**166. ਸ਼੍ਰੀਮਤੀ ਚਰਨਜੀਤ ਕੌਰ ਬਾਜਵਾ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਕਾਦੀਆਂ ਹਲਕੇ ਅੰਦਰ ਕਾਹਨੂੰਵਾਨ, ਭੈਣੀ ਮੀਆਂ ਖਾਂ ਅਤੇ ਕਾਦੀਆਂ ਦੇ ਸਰਕਾਰੀ ਹਸਪਤਾਲਾਂ ਵਿੱਚ ਡਾਕਟਰਾਂ ਦੀ ਬਹੁਤ ਘਾਟ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਘਾਟ ਕਦੋਂ ਤੱਕ ਪੂਰੀ ਕੀਤੀ ਜਾਵੇਗੀ?

**ਸ਼੍ਰੀ ਸੁਰਜੀਤ ਕੁਮਾਰ ਜਿਆਨੀ :** ਸ਼੍ਰੀਮਾਨ ਜੀ, ਕਮਿਊਨਿਟੀ ਹੈਲਥ ਸੈਂਟਰ, ਕਾਹਨੂੰਵਾਨ ਵਿਖੇ ਮੈਡੀਕਲ ਅਫਸਰਾਂ ਦੀਆਂ ਕੁੱਲ 5 ਅਸਾਮੀਆਂ ਮਨਜੂਰਸ਼ੁਦਾ ਹਨ, ਜਿਨ੍ਹਾਂ ਵਿਚੋਂ 3 ਅਸਾਮੀਆਂ ਭਰੀਆਂ ਹੋਈਆਂ ਹਨ ਅਤੇ 02 ਅਸਾਮੀਆਂ ਖਾਲੀ ਹਨ। ਕਮਿਊਨਿਟੀ ਹੈਲਥ ਸੈਂਟਰ ਭੈਣੀ ਮੀਆਂ ਖਾਂ ਵਿਖੇ 5 ਮਨਜੂਰਸ਼ੁਦਾ ਅਸਾਮੀਆਂ ਹਨ ਅਤੇ ਸਾਰੀਆਂ ਹੀ ਭਰੀਆਂ ਹੋਈਆਂ ਹਨ। ਕਮਿਊਨਿਟੀ ਹੈਲਥ ਸੈਂਟਰ ਕਾਦੀਆਂ ਵਿਖੇ 5 ਮਨਜੂਰਸ਼ੁਦਾ ਅਸਾਮੀਆਂ ਹਨ ਜੋ ਕਿ ਖਾਲੀ ਹਨ, ਪ੍ਰੰਤੂ ਇਸ ਸੰਸਥਾ ਵਿਖੇ 3 ਮੈਡੀਕਲ ਅਫਸਰ ਆਰਜ਼ੀ ਡਿਊਟੀ ਤੇ ਤਾਇਨਾਤ ਹਨ। ਸਰਕਾਰ ਵੱਲੋਂ ਡਾਕਟਰਾਂ ਦੀਆਂ ਖਾਲੀ ਅਸਾਮੀਆਂ ਨੂੰ ਭਰਨ ਲਈ ਲਗਾਤਾਰ ਪ੍ਰਕਿਰਿਆ ਜਾਰੀ ਹੈ।

----

## ਕਾਦੀਆਂ ਅਤੇ ਧਾਰੀਵਾਲ ਵਿਚ ਸੀਵਰੇਜ ਪਾਉਣਾ

**167. ਸ਼੍ਰੀਮਤੀ ਚਰਨਜੀਤ ਕੌਰ ਬਾਜਵਾ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਕਾਦੀਆਂ ਹਲਕੇ ਵਿਚ ਕਸਬਾ ਕਾਦੀਆਂ ਅਤੇ ਧਾਰੀਵਾਲ ਵਿੱਚ ਸੀਵਰੇਜ ਦਾ ਕੰਮ ਅਧੂਰਾ ਪਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਕੰਮ ਕਦੋਂ ਤੱਕ ਪੂਰਾ ਹੋ ਜਾਵੇਗਾ?

**ਸ਼੍ਰੀ ਅਨਿਲ ਜੋਸ਼ੀ :** ਕਾਦੀਆਂ ਅਤੇ ਧਾਰੀਵਾਲ ਕਸਬੇ ਵਿਚ ਰਹਿੰਦੇ ਸੀਵਰੇਜ ਦੇ ਕੰਮ ਨੂੰ ਪੂਰਾ ਕਰਨ ਲਈ ਭਾਰਤ ਸਰਕਾਰ ਦੀ ਅਰਬਨ

[ ਸਥਾਨਕ ਸਰਕਾਰ ਮੰਤਰੀ ]

ਇੰਫ੍ਰਾਸਟਰਕਚਰ ਡਿਵੈਲਪਮੈਂਟ ਸਕੀਮ ਫਾਰ ਸਮਾਲ ਐਂਡ ਮੀਡੀਅਮ ਟਾਊਨਜ਼ (ਫੇਜ਼-2) ਤਹਿਤ ਕ੍ਰਮਵਾਰ 38.99 ਕਰੋੜ ਰੁਪਏ ਅਤੇ 27.44 ਕਰੋੜ ਰੁਪਏ ਦੇ ਡਿਟੇਲਡ ਪ੍ਰੋਜੈਕਟ ਰਿਪੋਰਟ ਤਿਆਰ ਕੀਤੇ ਗਏ ਸਨ। ਪਰੰਤੂ ਭਾਰਤ ਸਰਕਾਰ ਵੱਲੋਂ ਇਹ ਸਕੀਮ ਡਰਾਪ ਹੋਣ ਕਾਰਨ ਕੋਈ ਕਾਰਵਾਈ ਨਹੀਂ ਹੋ ਸਕੀ।

ਅਜੇ ਭਾਰਤ ਸਰਕਾਰ ਵੱਲੋਂ ਅਜਿਹੀ ਕੋਈ ਸਕੀਮ ਨਹੀਂ ਬਣਾਈ ਗਈ ਹੈ। ਕਿਸੇ ਸਕੀਮ ਦੀ ਘੋਸ਼ਣਾ ਉਪਰੰਤ ਫੰਡ ਉਪਲਬਧ ਹੋਣ ਤੋਂ ਬਾਅਦ ਕੰਮ ਮੁਕੰਮਲ ਕਰਨ ਨੂੰ ਲਗਭਗ ਤਿੰਨ ਸਾਲਾਂ ਦਾ ਸਮਾਂ ਲੱਗੇਗਾ।

----

## ਸੜਕ ਦੀ ਮੁਰੰਮਤ ਕਰਨਾ

**168. ਸ਼੍ਰੀਮਤੀ ਚਰਨਜੀਤ ਕੌਰ ਬਾਜਵਾ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਕਾਦੀਆਂ ਹਲਕੇ ਵਿੱਚ ਖਾਸ ਤੌਰ ਤੇ ਬੇਟ ਇਲਾਕੇ ਵਿੱਚ ਲਿੰਕ ਸੜਕਾਂ ਦਾ ਬਹੁਤ ਮੰਦਾ ਹਾਲ ਹੈ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਸੜਕਾਂ ਦੀ ਮੁਰੰਮਤ ਕਦੋਂ ਤੱਕ ਕੀਤੀ ਜਾਵੇਗੀ?

**ਸਰਦਾਰ ਤੋਤਾ ਸਿੰਘ :** ਹਲਕਾ ਕਾਦੀਆਂ ਵਿੱਚ ਸਾਲ 2009 ਤੋਂ ਪਹਿਲਾਂ ਬਣੀਆਂ ਸੜਕਾਂ ਦੀ ਰਿਪੇਅਰ/ ਸੰਭਾਲ ਡਿਊ ਹੈ। ਸਰਕਾਰ ਵੱਲੋਂ ਫੰਡਾਂ ਦੀ ਉਪਲੱਬਧਤਾ ਨੂੰ ਵੇਖਦੇ ਹੋਏ ਸਾਲ 2015-16 ਵਿੱਚ ਸੜਕਾਂ ਦੀ ਰਿਪੇਅਰ ਲਈ ਪ੍ਰੋਗਰਾਮ ਬਣਾਇਆ ਜਾ ਰਿਹਾ ਹੈ। ਇਸ ਪ੍ਰੋਗਰਾਮ ਦੇ ਫਾਈਨਲ ਹੋਣ ਉਪਰੰਤ ਹੀ ਇਨ੍ਹਾਂ ਸੜਕਾਂ ਦੀ ਰਿਪੇਅਰ ਦਾ ਸ਼ਡਿਊਲ ਦੱਸਿਆ ਜਾ ਸਕੇਗਾ।

----

## ਸ਼ਾਮਲਾਤ ਜ਼ਮੀਨ ਉਤੇ ਨਜਾਇਜ਼ ਕਬਜ਼ੇ ਹਟਾਉਣਾ

**169. ਸ੍ਰੀ ਰਜਨੀਸ਼ ਕੁਮਾਰ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਪਿੰਡ ਮੁਹੱਦਪੁਰ ਡਾ: ਬੁੱਢਾਬੜ, ਤਹਿਸੀਲ ਮੁਕੇਰੀਆਂ ਦੀ ਲੱਗਭਗ 33 ਏਕੜ ਤੋਂ ਵੀ ਜ਼ਿਆਦਾ ਸ਼ਾਮਲਾਤ ਜ਼ਮੀਨ ਡੀ.ਡੀ.ਪੀ.ਓ.-ਕਮ-ਕੁਲੈਕਟਰ, ਹੁਸ਼ਿਆਰਪੁਰ ਵੱਲੋਂ ਪਿੰਡ

ਦੇ ਵਿਅਕਤੀਆਂ ਨੂੰ ਦਿੱਤੀ ਹੋਈ ਹੈ; ਜੇਕਰ ਅਜਿਹਾ ਹੋਵੇ ਤਾਂ ਉਪਰੋਕਤ ਜ਼ਮੀਨ ਕਿਸ ਕਾਨੂੰਨ ਤਹਿਤ ਕੁਝ ਵਿਅਕਤੀਆਂ ਨੂੰ ਨਿੱਜੀ ਤੌਰ ਤੇ ਦਿੱਤੀ ਗਈ ਹੈ;

(ਅ) ਉਪਰੋਕਤ ਸ਼ਾਮਲਾਤ ਜ਼ਮੀਨ ਦੀਆਂ ਨਜਾਇਜ਼ ਰਜਿਸਟਰੀਆਂ ਨੂੰ ਰੱਦ ਕਰਕੇ ਸਰਕਾਰ ਇਹ ਜ਼ਮੀਨ ਆਪਣੇ ਕਬਜ਼ੇ ਵਿੱਚ ਕਦੋਂ ਤੱਕ ਲੈ ਲਵੇਗੀ ਅਤੇ ਇਸ ਜ਼ਮੀਨ ਤੇ ਨਜਾਇਜ਼ ਤੌਰ ਤੇ ਕਾਬਜ਼ ਵਿਅਕਤੀਆਂ ਵਿਰੁੱਧ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ?

**ਸਰਦਾਰ ਸਿੰਕਦਰ ਸਿੰਘ ਮਲੂਕਾ:** ਸ਼੍ਰੀਮਾਨ ਜੀ,(ੳ) ਹਾਂ ਜੀ, ਡੀ.ਡੀ.ਪੀ.ਓ.-ਕਮ-ਕੁਲੈਕਟਰ, ਹੁਸ਼ਿਆਰਪੁਰ ਦੇ ਹੁਕਮਾਂ ਅਨੁਸਾਰ ਪੰਜਾਬ ਵਿਲੇਜ ਕਾਮਨ ਲੈਂਡਜ਼ ਐਕਟ, 1961 ਦੀ ਧਾਰਾ 11 ਅਧੀਨ 32 ਏਕੜ 3 ਕਨਾਲ 6 ਮਰਲੇ ਰਕਬੇ ਸਬੰਧੀ ਮਾਲਕੀ ਦਾ ਹੱਕ ਪਿੰਡ ਦੇ ਵਿਅਕਤੀਆਂ ਨੂੰ ਦਿੱਤਾ ਗਿਆ ਹੈ।

(ਅ) ਸ਼ਾਮਲਾਤ ਜ਼ਮੀਨ ਦੀਆਂ ਰਜਿਸਟਰੀਆਂ/ਇੰਤਕਾਲ ਰੱਦ ਕਰਵਾਉਣ ਲਈ ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ ਪਾਸ ਅਪੀਲ ਦਾਇਰ ਕਰਨ ਲਈ ਸਰਪੰਚ, ਗਰਾਮ ਪੰਚਾਇਤ ਮੁਹੱਦਪੁਰ ਨੂੰ ਹਦਾਇਤ ਕੀਤੀ ਗਈ ਹੈ। ਅਪੀਲ ਦਾਇਰ ਹੋਣ ਉਪਰੰਤ ਜੋ ਵੀ ਅਦਾਲਤ ਵੱਲੋਂ ਫੈਸਲਾ ਕੀਤਾ ਜਾਵੇਗਾ ਉਸ ਅਨੁਸਾਰ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

-----

## ਨਹਿਰ ਦੀ ਮੁਰੰਮਤ ਕਰਨਾ

**170. ਸ਼੍ਰੀ ਰਜਨੀਸ਼ ਕੁਮਾਰ :** ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਮੁਕੇਰੀਆਂ ਅਧੀਨ ਪੈਂਦੀ 139 ਕਿਲੋਮੀਟਰ ਲੰਬੀ ਸ਼ਾਹ ਨਹਿਰ (ਕੈਨਾਲ ਸਿਸਟਮ) ਦੀ ਹਾਲਤ ਬਹੁਤ ਖਸਤਾ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਨਹਿਰ ਦੀ ਮੁਰੰਮਤ ਕਦੋਂ ਤੱਕ ਕਰ ਦਿੱਤੀ ਜਾਵੇਗੀ?

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਜੀ ਹਾਂ, ਹਲਕਾ ਮੁਕੇਰੀਆਂ ਅਧੀਨ ਪੈਂਦੀ 166 ਕਿਲੋਮੀਟਰ ਲੰਬੀ ਸ਼ਾਹ ਨਹਿਰ (ਕੈਨਾਲ ਸਿਸਟਮ) ਦੀ

[ ਸਿੰਚਾਈ ਮੰਤਰੀ ]

ਹਾਲਤ ਬਹੁਤ ਖਸਤਾ ਹੈ। ਸ਼ਾਹ ਨਹਿਰ ਕੈਨਾਲ ਸਿਸਟਮ ਦੀ ਮੁਰੰਮਤ ਲਈ 23.90 ਕਰੋੜ ਦੀ ਤਜਵੀਜ਼, ਪੰਜਾਬ ਸੂਬੇ ਦੇ Extension, Renovation, Modernization and Rehabilitation of distributary system along with allied work ਦੇ ਸਾਂਝੇ 4128 ਕਰੋੜ ਰੁਪਏ ਦੇ ਪ੍ਰੋਜੈਕਟ ਵਿੱਚ ਸ਼ਾਮਲ ਹੈ। ਇਹ ਪ੍ਰੋਜੈਕਟ ਸੈਂਟਰਲ ਵਾਟਰ ਕਮਿਸ਼ਨ, ਨਵੀਂ ਦਿੱਲੀ ਨੂੰ ਮਨਜ਼ੂਰੀ ਲਈ ਭੇਜਿਆ ਹੋਇਆ ਹੈ। ਭਾਰਤ ਸਰਕਾਰ ਤੋਂ ਮਨਜ਼ੂਰ ਹੋਣ ਅਤੇ ਲੋੜੀਂਦੇ ਫੰਡ ਪ੍ਰਾਪਤ ਹੋਣ ਉਪਰੰਤ, ਸ਼ਾਹ ਨਹਿਰ (ਕੈਨਾਲ ਸਿਸਟਮ) ਦੀ ਮੁਰੰਮਤ ਕਰਵਾਏ ਜਾਣ ਦੀ ਤਜਵੀਜ਼ ਹੈ ਜੀ।

----

## ਮੁਕੇਰੀਆਂ ਦੇ ਸਕੂਲਾਂ ਨੂੰ ਰਮਸਾ ਅਧੀਨ ਲਿਆਉਣਾ

**171. ਸ਼੍ਰੀ ਰਜਨੀਸ਼ ਕੁਮਾਰ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਵਿਧਾਨ ਸਭਾ ਹਲਕਾ ਮੁਕੇਰੀਆਂ ਵਿੱਚ ਆਰ.ਐਮ.ਐਸ.ਏ. ਅਧੀਨ ਕਿਹੜੇ ਸਕੂਲ ਲਿਆਂਦੇ ਜਾ ਰਹੇ ਹਨ ਅਤੇ ਕਿਸ ਮਿਤੀ ਤੋਂ?

(ਅ) ਬਲਾਕ ਹਾਜੀਪੁਰ ਦੇ ਸਰਕਾਰੀ ਸਕੂਲ ਭਵਨਾਲ ਦੀ ਖਸਤਾ ਹਾਲਤ ਬਿਲਡਿੰਗ ਦੀ ਉਸਾਰੀ ਕਦੋਂ ਕੀਤੀ ਜਾਵੇਗੀ ?

**ਡਾਕਟਰ ਦਲਜੀਤ ਸਿੰਘ ਚੀਮਾ :** (ੳ) ਆਰ.ਐਮ.ਐਸ.ਏ. ਅਧੀਨ 28 ਮਿਡਲ ਸਕੂਲਾਂ ਨੂੰ ਹਾਈ ਪੱਧਰ ਤੱਕ ਅੱਪਗ੍ਰੇਡ ਕਰਨ ਲਈ ਭਾਰਤ ਸਰਕਾਰ ਵੱਲੋਂ 2015-16 ਲਈ ਪ੍ਰਵਾਨ ਕੀਤਾ ਗਿਆ ਹੈ। ਜਿਸ ਵਿਚ ਵਿਧਾਨ ਸਭਾ ਹਲਕਾ ਮੁਕੇਰੀਆਂ ਦੇ ਸਰਕਾਰੀ ਮਿਡਲ ਸਕੂਲ ਭਵਨਾਲ ਦੀ ਪ੍ਰਵਾਨਗੀ ਪ੍ਰੋਜੈਕਟ ਅਪਰੂਵਲ ਬੋਰਡ (PAB) ਦੀ ਮੀਟਿੰਗ ਵਿੱਚ ਦਿੱਤੀ ਗਈ ਹੈ, ਪ੍ਰੰਤੂ PAB ਦੀ ਮੀਟਿੰਗ ਦੀ ਕਾਰਵਾਈ ਰਿਪੋਰਟ ਆਉਣੀ ਬਾਕੀ ਹੈ। ਪ੍ਰਵਾਨਗੀ ਆਉਣ ਤੋਂ ਬਾਅਦ 79.30 ਲੱਖ ਰੁਪਏ ਦੀ ਰਾਸ਼ੀ ਪ੍ਰਾਪਤ ਹੋਵੇਗੀ।

(ਅ) ਭਾਰਤ ਸਰਕਾਰ ਵੱਲੋਂ ਰਾਸ਼ੀ ਪ੍ਰਾਪਤ ਹੋਣ ਉਪਰੰਤ ਉਸਾਰੀ ਦਾ ਕੰਮ ਸ਼ੁਰੂ ਕੀਤਾ ਜਾਵੇਗਾ।

ਇਸ ਤੋਂ ਇਲਾਵਾ ਵਿਧਾਨ ਸਭਾ ਹਲਕਾ ਮੁਕੇਰੀਆਂ ਦੇ ਸਕੂਲਾਂ ਲਈ

ਹੇਠ ਲਿਖਿਆ ਵਾਧੂ ਇੰਫਰਾਸਟਰਕਚਰ ਦਿੱਤਾ ਜਾਣਾ ਹੈ:-

| ਲੜੀ ਨੰ. | ਸਾਲ | ਸਕੂਲ ਦਾ ਨਾਮ | ਵਿਧਾਨ ਸਭਾ ਹਲਕਾ | ਅਪਰੂਵ ਮੱਦਾਂ | ਕੁੱਲ ਦਿੱਤੀ ਜਾਣ ਵਾਲੀ ਰਾਸ਼ੀ |
|---|---|---|---|---|---|
| 1 | 2014-15 | ਸਸਸਸ ਸਰਿਆਨਾਂ | ਮੁਕੇਰੀਆਂ | 1 ਕਲਾਸ ਰੂਮ, 1 ਆਰਟ ਐਂਡ ਕਰਾਫਟ ਰੂਮ | 14.80 ਲੱਖ ਰੁਪਏ |
| 2 | 2014-15 | ਸਸਸਸ ਹਾਜੀਪੁਰ | ਮੁਕੇਰੀਆਂ | 4 ਕਲਾਸ ਰੂਮ, 1 ਆਰਟ ਐਂਡ ਕਰਾਫਟ ਰੂਮ | 37.00 ਲੱਖ ਰੁਪਏ |
| 3 | 2013-14 | ਸਸਸਸ ਪਟਿਆਲ ਮਲਕੋਵਾਲ | ਮੁਕੇਰੀਆਂ | 1 ਸਇੰਸ ਲੈਬ, 1 ਆਰਟ ਐਂਡ ਕਰਾਫਟ ਰੂਮ ਅਤੇ 1 ਲਾਇਬ੍ਰੇਰੀ | 22.73 ਲੱਖ ਰੁਪਏ |
| 4 | 2013-14 | ਸਸਸਸ ਧਨੋਆ | ਮੁਕੇਰੀਆਂ | 1 ਆਰਟ ਐਂਡ ਕਰਾਫਟ ਰੂਮ ਅਤੇ ਲਾਇਬ੍ਰੇਰੀ | 16.03 ਲੱਖ ਰੁਪਏ |

-----

## ਸਕੂਲਾਂ ਵਿਚ ਖਾਲੀ ਅਸਾਮੀਆਂ ਦੇ ਵੇਰਵੇ

**172. ਸ਼੍ਰੀ ਰਜਨੀਸ਼ ਕੁਮਾਰ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਜ਼ਿਲ੍ਹਾ ਹੁਸ਼ਿਆਰਪੁਰ ਅਤੇ ਐਸ.ਏ.ਐਸ.ਨਗਰ ਦੇ ਸਰਕਾਰੀ ਸਕੂਲਾਂ ਵਿੱਚ ਸਕੂਲ ਵਾਰ ਅਤੇ ਵਿਸ਼ਾ ਵਾਰ ਖਾਲੀ ਅਸਾਮੀਆਂ ਦੇ ਵੇਰਵੇ ਕੀ ਹਨ?

(ਅ) ਉਪਰੋਕਤ ਜ਼ਿਲ੍ਹਿਆਂ ਦੇ ਸਕੂਲਾਂ ਵਿੱਚ ਸਾਲ 2018 ਤੱਕ ਰਿਟਾਇਰ ਹੋਣ ਵਾਲੇ ਅਧਿਆਪਕਾਂ ਦੇ ਵੇਰਵੇ ਕੀ ਹਨ?

(ੲ) ਉਪਰੋਕਤ ਜ਼ਿਲ੍ਹਿਆਂ ਦੇ ਕਿਹੜੇ ਕਿਹੜੇ ਸਕੂਲ ਕੰਡੀ/ਬੇਟ ਏਰੀਆ ਅਧੀਨ ਆਉਂਦੇ ਹਨ?

**ਡਾਕਟਰ ਦਲਜੀਤ ਸਿੰਘ ਚੀਮਾ:** (ੳ) ਜ਼ਿਲ੍ਹਾ ਹੁਸ਼ਿਆਰਪੁਰ ਅਤੇ ਐਸ.ਏ.ਐਸ.ਨਗਰ ਦੇ ਸਰਕਾਰੀ ਸਕੂਲਾਂ ਵਿੱਚ ਖਾਲੀ ਪਈਆਂ ਸਕੂਲ ਵਾਰ ਅਤੇ ਵਿਸ਼ਾ ਵਾਰ ਅਸਾਮੀਆਂ ਦੀ ਡਿਟੇਲ ਅਨੁਲੱਗ 'ੳ'* ਤੇ ਹੈ।

(ਅ) ਉਪਰੋਕਤ ਜ਼ਿਲ੍ਹਿਆਂ ਦੇ ਸਕੂਲਾਂ ਵਿੱਚ ਸਾਲ 2018 ਤੱਕ ਰਿਟਾਇਰਮੈਂਟ ਹੋਣ ਵਾਲੇ ਅਧਿਆਪਕਾਂ ਦੀ ਡਿਟੇਲ ਅਨੁਲੱਗ 'ਅ'* ਤੇ ਹੈ।

(ੲ) ਉਪਰੋਕਤ ਜ਼ਿਲ੍ਹਿਆਂ ਵਿੱਚ ਕੰਡੀ/ਬੇਟ ਏਰੀਏ ਵਿੱਚ ਆਉਂਦੇ ਸਕੂਲਾਂ ਦੇ ਨਾਮ ਦੇ ਵੇਰਵੇ ਅਨੁਲੱਗ 'ੲ' * ਤੇ ਹਨ ।

-----

## ਨਸ਼ਿਆਂ ਦੀ ਤਸਕਰੀ ਨੂੰ ਰੋਕਣਾ

**185. ਰਾਣਾ ਗੁਰਜੀਤ ਸਿੰਘ :** ਕੀ ਉਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਪਿਛਲੇ ਪੰਜ ਸਾਲਾਂ ਦੌਰਾਨ ਰਾਜ ਜ਼ਿਲ੍ਹਾ ਵਾਰ ਦਰਜ ਕੀਤੇ ਨਸ਼ਾ ਤਸਕਰੀ ਦੇ ਕੇਸਾਂ ਦੀ ਗਿਣਤੀ ਕਿੰਨੀ ਹੈ;

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਹਰ ਇੱਕ ਕੇਸ ਵਿੱਚ ਫੜ੍ਹੇ ਗਏ ਨਸ਼ਿਆਂ ਦੀ ਕੁਆਲਿਟੀ ਕਿਹੜੀ ਹੈ;

(ੲ) ਉਪਰੋਕਤ ਵਰਣਿਤ ਹਰ ਇੱਕ ਕੇਸ ਵਿੱਚ ਹਿਰਾਸਤ ਵਿੱਚ ਲਏ ਗਏ ਅਤੇ ਦੋਸ਼ੀ ਕਰਾਰ ਦਿੱਤੇ ਗਏ ਵਿਅਕਤੀਆਂ ਦੀ ਗਿਣਤੀ ਕਿੰਨੀ ਹੈ;

(ਸ) ਨਸ਼ਿਆਂ ਦੀ ਤਸਕਰੀ ਨੂੰ ਰੋਕਣ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ?

**ਸਰਦਾਰ ਸੁਖਬੀਰ ਸਿੰਘ ਬਾਦਲ:** ਸ਼੍ਰੀਮਾਨ ਜੀ, (ੳ) ਪਿਛਲੇ ਪੰਜ ਸਾਲ ਦੌਰਾਨ ਰਾਜ ਵਿੱਚ ਨਸ਼ਾ ਤਸਕਰੀ ਦੇ 50,329 ਕੇਸ ਦਰਜ ਕੀਤੇ ਗਏ ਜਿਨ੍ਹਾਂ ਦਾ ਜ਼ਿਲ੍ਹਾ ਵਾਰ ਵੇਰਵਾ ਅਨੁਲੱਗ 'ੳ'* ਦੇ ਤੌਰ ਤੇ ਨੱਥੀ ਹੈ।

(ਅ) ਜ਼ਿਲ੍ਹਾ ਵਾਰ ਅਤੇ ਸਾਲ ਵਾਰ ਫੜ੍ਹੇ ਗਏ ਨਸ਼ੇ ਦੀ ਕਿਸਮ ਅਤੇ

*Placed in the Revisor Branch.

ਮਿਕਦਾਰ ਦੀ ਰਿਕਵਰੀ ਦੇ ਚਾਰਟ ਅਨੁਲੱਗ 'ਅ' ** 1 ਤੋਂ 'ਅ' ** 5 ਤੇ ਹਨ।

(ੲ) ਪਿਛਲੇ ਪੰਜ ਸਾਲਾਂ ਵਿੱਚ 58,099 ਵਿਅਕਤੀ ਹਿਰਾਸਤ ਵਿੱਚ ਲਏ ਗਏ ਅਤੇ 26,553 ਵਿਅਕਤੀ ਦੋਸ਼ੀ ਕਰਾਰ ਦਿੱਤੇ ਗਏ। ਜ਼ਿਲ੍ਹਾ ਵਾਰ ਵੇਰਵਾ ਅਨੁਲੱਗ 'ੲ'** ਉੱਤੇ ਹੈ।

(ਸ) ਨਸ਼ਿਆਂ ਦੀ ਤਸਕਰੀ ਨੂੰ ਰੋਕਣ ਲਈ ਸਰਕਾਰ ਦੁਆਰਾ ਚੁੱਕੇ ਜਾ ਰਹੇ ਕਦਮ ਅਨੁਲੱਗ'ਸ' ਤੇ ਹਨ।

----

## ਪੰਚਾਇਤੀ ਜ਼ਮੀਨ ਤੋਂ ਆਮਦਨ

**187. ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਅੰਮ੍ਰਿਤਸਰ ਦੇ ਬਲਾਕ ਚੌਗਾਵਾਂ ਵਿੱਚ ਗਰਾਮ ਪੰਚਾਇਤ ਕੱਕੇਜੀ (ਕੱਚਾ ਪੀਲੋਵਾਲ) ਦੀ ਮਾਲਕੀ ਅਧੀਨ ਕੁੱਲ ਕਾਸ਼ਤਯੋਗ ਜ਼ਮੀਨ ਕਿੰਨੀ ਹੈ;

(ਅ) ਪਿਛਲੇ ਤਿੰਨ ਵਿੱਤੀ ਸਾਲਾਂ ਅਰਥਾਤ 2012–13, 2013–14 ਅਤੇ 2014–15 ਦੌਰਾਨ ਨਿਲਾਮੀ ਦੁਆਰਾ ਇਸ ਪੰਚਾਇਤ ਨੂੰ ਉਕਤ ਜ਼ਮੀਨ ਤੋਂ ਸਾਲ–ਵਾਰ ਕੁੱਲ ਕਿੰਨੀ ਆਮਦਨ ਹੋਈ;

(ੲ) ਸਾਲ 2007–08 ਤੋਂ ਹੁਣ ਤੱਕ ਉਕਤ ਪਿੰਡ ਦੀ ਗਰਾਮ ਪੰਚਾਇਤ ਨੂੰ ਰਾਜ ਸਰਕਾਰ ਦੁਆਰਾ ਸਾਲ–ਵਾਰ ਕੁੱਲ ਕਿੰਨੀ ਗ੍ਰਾਂਟ ਦਿੱਤੀ ਗਈ?

**ਸਰਦਾਰ ਸਿਕੰਦਰ ਸਿੰਘ ਮਲੂਕਾ :** ਸ਼੍ਰੀਮਾਨ ਜੀ,

(ੳ) ਗਰਾਮ ਪੰਚਾਇਤ ਕੱਕੇਜੀ (ਕੱਚਾ ਪੀਲੋਵਾਲ) ਦੀ ਮਾਲਕੀ ਅਧੀਨ ਕੁੱਲ 168 ਏਕੜ ਕਾਸ਼ਤਯੋਗ ਜ਼ਮੀਨ ਹੈ।

(ਅ) ਪਿਛਲੇ ਤਿੰਨ ਵਿੱਤੀ ਸਾਲਾਂ ਅਰਥਾਤ 2012–13 ਦੌਰਾਨ 11,03,000/– ਰੁਪਏ, 2013–14 ਦੌਰਾਨ 13,30,000/– ਰੁਪਏ ਅਤੇ 2014–15 ਦੌਰਾਨ 17,50,000/– ਰੁਪਏ ਨਿਲਾਮੀ ਤੋਂ

**Placed in the Revisor Branch.

[ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ]

ਸਾਲਵਾਰ ਆਮਦਨ ਹੋਈ ਹੈ।

(ੲ) ਸਾਲ 2007-08 ਤੋਂ ਹੁਣ ਤੱਕ ਗਰਾਮ ਪੰਚਾਇਤ ਨੂੰ ਰਾਜ ਸਰਕਾਰ ਦੁਆਰਾ ਸਾਲਵਾਰ ਕੁੱਲ ਦਿੱਤੀ ਗਈ ਗਰਾਂਟ ਦਾ ਵੇਰਵਾ ਝੰਡੀ 'ੳ' ਤੇ ਰੱਖਿਆ ਜਾਂਦਾ ਹੈ:-

**ਅਨੁਲੱਗ 'ੳ'**

ਗਰਾਮ ਪ੍ਰਚਾਇਤ ਕੱਕੇਜੀ (ਕੱਚਾ ਪੀਲੋਵਾਲ) ਦੀ ਸਾਲ (2007-08 ਤੋਂ 2014-15 ਤੱਕ ਵੇਰਵਾ)

| | | |
|---|---|---|
| 1. | ਸਾਲ 2007-08 | 0.16492 ਲੱਖ<br>0.50 ਲੱਖ |
| 2. | ਸਾਲ 2008-09 | ਕੋਈ ਨਹੀਂ |
| 3. | ਸਾਲ 2009-10 | 3.00 ਲੱਖ |
| 4. | ਸਾਲ 2010-11 | 3.00 ਲੱਖ |
| 5. | ਸਾਲ 2011-12 | 2.25 ਲੱਖ<br>0.50 ਲੱਖ<br>2.00 ਲੱਖ |
| 6. | ਸਾਲ 2012-13 | 0.309 ਲੱਖ<br>0.03931 ਲੱਖ<br>0.01082 ਲੱਖ |
| 7. | ਸਾਲ 2013-14 | 0.51098 ਲੱਖ<br>ਕੋਈ ਨਹੀਂ। |

----

## ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੇ ਅਧਿਆਪਕਾਂ ਦੀਆਂ ਤਨਖਾਹਾਂ ਦੀ ਬਕਾਇਆ ਰਕਮ

**188. ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਸਰਕਾਰੀ ਸਹਾਇਤਾ ਪ੍ਰਾਪਤ ਪ੍ਰਾਈਵੇਟ ਸਕੂਲ ਦੇ ਅਧਿਆਪਕਾਂ ਦੀਆਂ ਅਦਾਇਗੀ ਲਈ ਬਕਾਇਆ ਤਨਖਾਹਾਂ ਦੀ ਕੁੱਲ ਰਕਮ

ਕਿੰਨੀ ਹੈ ਅਤੇ ਇਹ ਤਨਖਾਹਾਂ ਕਿੰਨੇ ਸਮੇਂ ਤੋਂ ਅਦਾਇਗੀ ਲਈ ਪੈਂਡਿੰਗ ਹਨ;

(ਅ) ਉਪਰੋਕਤ ਅਧਿਆਪਕਾਂ ਦੀਆਂ ਤਨਖਾਹਾਂ ਦੀ ਅਦਾਇਗੀ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

**ਡਾਕਟਰ ਦਲਜੀਤ ਸਿੰਘ ਚੀਮਾ:** (ੳ) ਡਾਇਰੈਕਟਰ, ਸਿੱਖਿਆ ਵਿਭਾਗ (ਸੈ.ਸਿ.) ਅਧੀਨ ਆਉਂਦੇ ਸਕੂਲਾਂ ਦੇ ਸਰਕਾਰੀ ਸਹਾਇਤਾ ਪ੍ਰਾਪਤ ਅਧਿਆਪਕਾਂ ਦੀਆਂ ਤਨਖਾਹਾਂ ਦੀ ਅਦਾਇਗੀ ਮਿਤੀ 11.03.2015 ਨੂੰ ਕੀਤੀ ਜਾ ਚੁੱਕੀ ਹੈ। ਸਰਕਾਰੀ ਸਹਾਇਤਾ ਪ੍ਰਾਪਤ ਐਲੀਮੈਂਟਰੀ ਏਡਿਡ ਸਕੂਲਾਂ ਦੀਆਂ ਤਨਖਾਹਾਂ ਜੁਲਾਈ, 2014 ਤੋਂ ਫਰਵਰੀ, 2015 ਤੱਕ ਪੈਂਡਿੰਗ ਹਨ। ਜਿਸ ਦੀ ਰਕਮ 5.03 ਕਰੋੜ ਰੁਪਏ ਬਣਦੀ ਹੈ।

(ਅ) ਸੋਧੇ ਬਜਟ ਅਨੁਮਾਨ 2014-15 ਵਿੱਚ 6 ਕਰੋੜ ਰੁਪਏ ਦੇ ਬਜਟ ਦੀ ਮੰਗ ਕੀਤੀ ਹੋਈ ਹੈ ਜਿਹੜੀ ਕਿ ਵਿੱਤ ਸਕੱਤਰ ਜੀ ਵੱਲੋਂ ਰਸਮੀ ਤੌਰ ਤੇ ਪ੍ਰਵਾਨ ਕਰ ਲਈ ਗਈ ਹੈ। ਇਹ 6 ਕਰੋੜ ਰੁਪਏ ਜਲਦੀ ਹੀ ਰਲੀਜ਼ ਹੋਣ ਵਾਲਾ ਹੈ। ਡਾਇਰੈਕਟਰ, ਸਿੱਖਿਆ ਵਿਭਾਗ (ਐ.ਸਿ.) ਅਧੀਨ ਆਉਂਦੇ ਸਕੂਲਾਂ ਦੇ ਬਕਾਇਆ ਤਨਖਾਹਾਂ ਵੀ 31 ਮਾਰਚ, 2015 ਤੱਕ ਜਾਰੀ ਕਰ ਦਿੱਤੀਆਂ ਜਾਣਗੀਆਂ।

-----

## ਲਿੰਕ ਸੜਕਾਂ ਦੀ ਮੁਰੰਮਤ ਕਰਨਾ

**192. ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਲਿੰਕ ਸੜਕਾਂ ਦੀ ਕੁੱਲ ਗਿਣਤੀ ਕਿੰਨੀ ਹੈ, ਜਿਨ੍ਹਾਂ ਦੀ ਪਿਛਲੇ 6 ਸਾਲਾਂ ਜਾਂ ਇਸ ਤੋਂ ਵੱਧ ਸਮੇਂ ਤੋਂ ਮੁਰੰਮਤ ਕੀਤੀ ਜਾਣੀ ਰਹਿੰਦੀ ਹੈ ਅਤੇ ਇਨ੍ਹਾਂ ਲਿੰਕ ਸੜਕਾਂ ਦੀ ਮੁਰੰਮਤ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਤੋਤਾ ਸਿੰਘ :** ਰਾਜ ਵਿਚ ਅਜਿਹੀਆਂ ਸੜਕਾਂ ਦੀ ਗਿਣਤੀ 12023 ਅਤੇ ਲੰਬਾਈ 25946 ਕਿਲੋਮੀਟਰ ਹੈ ਜਿਨ੍ਹਾਂ ਨੂੰ ਮੁਰੰਮਤ ਕੀਤਿਆਂ 6 ਸਾਲ ਜਾਂ ਇਸ ਤੋਂ ਵੱਧ ਸਮਾਂ ਹੋ ਚੁੱਕਾ ਹੈ। ਪੰਜਾਬ ਸਰਕਾਰ ਵੱਲੋਂ ਸਾਲ 2015-16 ਦੌਰਾਨ ਲਿੰਕ ਸੜਕਾਂ ਦੀ ਮੁਰੰਮਤ ਦਾ ਪ੍ਰੋਗਰਾਮ ਫੰਡਾਂ ਦੀ ਉਪਲੱਬਧਤਾ ਨੂੰ ਵੇਖਦੇ ਹੋਏ ਤਿਆਰ ਕੀਤਾ ਜਾ ਰਿਹਾ ਹੈ ਅਤੇ ਇਸ ਪ੍ਰੋਗਰਾਮ ਦੇ ਫਾਈਨਲ

ਹੋਣ ਤੋਂ ਬਾਅਦ ਹੀ ਮੁਰੰਮਤ ਯੋਗ ਸੜਕਾਂ ਨੂੰ ਮੁਰੰਮਤ ਕਰਨ ਦਾ ਸਮਾਂ ਮਿਥਿਆ ਜਾ ਸਕਦਾ ਹੈ।

----

## ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰ: 194

## ਗੁਰੂ ਹਰਸਹਾਏ ਹਲਕੇ ਵਿੱਚ ਸਰਹੱਦੀ ਖੇਤਰਾਂ ਵਿੱਚ ਲਿੰਕ ਸੜਕਾਂ ਦੀ ਉਸਾਰੀ/ਮੁਰੰਮਤ ਕਰਨਾ

**194. ਸਰਦਾਰ ਗੁਰਮੀਤ ਸਿੰਘ ਸੋਢੀ:** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਗੁਰੂਹਰਸਹਾਏ ਹਲਕੇ ਦੇ ਸਰਹੱਦੀ ਪਿੰਡਾਂ ਵਿੱਚ ਉਸਾਰੀਆਂ/ਮੁਰੰਮਤ ਕੀਤੀਆਂ ਗਈਆਂ ਲਿੰਕ ਸੜਕਾਂ ਦੀ ਕਿਲੋਮੀਟਰਾਂ ਵਿੱਚ ਲੰਬਾਈ ਕਿੰਨੀ ਹੈ?

**ਸਰਦਾਰ ਤੋਤਾ ਸਿੰਘ:** ਗੁਰੂਹਰਸਹਾਏ ਹਲਕੇ ਦੇ 157 ਸਰਹੱਦੀ ਪਿੰਡਾਂ ਵਿੱਚ 564.13 ਕਿਲੋਮੀਟਰ ਲਿੰਕ ਸੜਕਾਂ ਪੈਂਦੀਆਂ ਹਨ। ਇਨ੍ਹਾਂ ਵਿੱਚੋਂ ਸਾਲ 2014-15 ਵਿੱਚ 69.94 ਕਿਲੋਮੀਟਰ ਸੜਕਾਂ ਦੀ ਮੁਰੰਮਤ ਕੀਤੀ ਜਾ ਰਹੀ ਹੈ ਅਤੇ ਇਸ ਤੋਂ ਇਲਾਵਾ ਬਾਰਡ ਏਰੀਆ ਡਿਵੈਲਪਮੈਂਟ ਪ੍ਰੋਗਰਾਮ ਤਹਿਤ 23.96 ਕਿਲੋਮੀਟਰ ਨਵੀਆਂ ਸੜਕਾਂ ਦੀ ਉਸਾਰੀ ਦਾ ਕੰਮ ਵੀ ਚਲ ਰਿਹਾ ਹੈ।

----

## MATTERS RAISED DURING ZERO HOUR AND STATEMENTS BY THE CHIEF MINISTER AND THE MINISTERS THEREON

**ਮਾਨਯੋਗ ਸਪੀਕਰ :** ਜ਼ੀਰੋ ਆਵਰ, ਹਾਂ ਜੀ, ਮੋਫਰ ਸਾਹਿਬ, (ਵਿਘਨ) ਮੋਫਰ ਸਾਹਿਬ, ਮੈਂ ਤੁਹਾਨੂੰ ਕਈ ਵਾਰ ਕਹਿ ਚੁੱਕਾ ਹਾਂ, ਫਿਰ ਤੁਸੀਂ ਕਹਿਣਾ ਕਿ ਮੈਨੂੰ ਟਾਈਮ ਨਹੀਂ ਦਿੱਤਾ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਸਪੀਕਰ ਸਾਹਿਬ, ਇਸ ਹਾਊਸ ਵਿੱਚ ਬਹੁਤ ਹੀ ਅਹਿਮ ਮਸਲੇ ਡਿਸਕਸ ਹੋ ਰਹੇ ਹਨ, ਮੇਰਾ ਖਿਆਲ ਹੈ ਸਰਕਾਰ ਕਿਸੇ ਗੱਲ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀ ਹੈ। ਬੜੇ ਅਫਸੋਸ ਦੀ ਗੱਲ ਹੈ, ਐਜੂਕੇਸ਼ਨ ਤੇ ਗੱਲ ਆ ਗਈ, ਡਾਈਵਰਸੀਫਿਕੇਸ਼ਨ ਤੇ ਗੱਲ ਆ ਗਈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ, ਪੰਜਾਬ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੈਂ ਸਾਲ 1997 ਤੋਂ ਲੈ ਹੁਣ ਤੱਕ ਸਵਾਲ ਕਰ ਕਰ ਕੇ ਥੱਕ ਗਿਆ ਹਾਂ, ਕਈ ਕਾਲ ਅਟੈਂਸ਼ਨਾਂ ਵੀ

ਲਗਵਾ ਦਿੱਤੀਆਂ ਹਨ। ਤੁਹਾਡੀ ਹਰ ਬਹਿਸ ਦੇ ਵਿੱਚ ਹਿੱਸਾ ਲੈ ਲਿਆ ਹੈ। ਲੇਕਿਨ ਹੁਣ ਵੀ ਘੱਗਰ ਦਰਿਆ ਦਾ ਜਿਹੜਾ ਪਾਣੀ ਹੈ, ਉਸ ਕਾਰਨ ਰੋਜ਼ ਬੰਦਿਆਂ ਤੇ ਪਸ਼ੂਆਂ ਦੀਆਂ ਮੌਤਾਂ ਹੋ ਰਹੀਆਂ ਹਨ। ਮੇਰੇ ਨਾਲ ਪਿਛਲੇ ਸੈਸ਼ਨ ਵਿੱਚ ਇਨ੍ਹਾਂ ਨੇ ਪ੍ਰਾਮਿਸ ਕੀਤਾ ਸੀ ਕਿ ਅਗਲੀ ਵਾਰ ਤੱਕ ਆਉਣ ਵਾਲਾ ਗੰਦਾ ਪਾਣੀ ਸਾਫ ਪਾਣੀ ਕਰਕੇ ਤੁਹਾਨੂੰ ਪਿਲਾ ਦਿਆਂਗਾ। ਮੈਨੂੰ ਪਤਾ ਨਹੀਂ ਕਿ ਇਹ ਸਾਫ ਪਾਣੀ ਕਿਵੇਂ ਪਿਲਾਉਣਗੇ, ਮਿਹਰਬਾਨੀ ਕਰਕੇ ਉਸ ਘੱਗਰ ਦਰਿਆ ਨੂੰ ਸਾਫ ਕਰਵਾ ਦਿਓ, ਉਥੇ ਟਰੀਟਮੈਂਟ ਪਲਾਂਟ ਲਗਵਾ ਦਿਓ, ਉਸ ਦੀ ਜਿੰਨੀ ਵੀ ਕਲੀਨਨੈਸ ਹੋ ਸਕਦੀ ਹੈ, ਉਹ ਕਰਵਾ ਦਿਓ ਜੀ।ਉਸ ਦਾ ਬਹੁਤ ਬੁਰਾ ਹਾਲ ਹੈ। ਸਾਡੇ 10 ਪਿੰਡਾਂ ਦੇ ਵਿੱਚ ਰੋਜ਼ ਅਰਥੀਆਂ ਜਾ ਰਹੀਆਂ ਹਨ, 10-10 ਪਸ਼ੂ ਮਰ ਰਹੇ ਹਨ।ਇਸ ਕਰਕੇ ਇਸ ਵਾਸਤੇ ਕਿਰਪਾ ਕਰਕੇ ਬਿਆਨ ਦਿਓ।

**ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ):** ਸਪੀਕਰ ਸਾਹਿਬ, ਮੈਂ ਦੱਸ ਹੀ ਦਿੰਦਾ ਹਾਂ ਕਿ ਇਹ ਜਿਹੜਾ ਘੱਗਰ ਹੈ, ਇਸ ਦੇ ਵਿੱਚ ਇਕੱਲਾ ਪੰਜਾਬ ਦਾ ਸੀਵਰੇਜ ਜਾਂ ਸ਼ਹਿਰਾਂ ਤੋਂ ਹੀ ਪਾਣੀ ਨਹੀਂ ਆਉਂਦਾ ਸਗੋਂ ਇਸ ਵਿੱਚ ਬਹੁਤ ਥਾਵਾਂ ਤੇ ਹਰਿਆਣੇ ਦਾ ਪਾਣੀ ਵੀ ਆਉਂਦਾ ਹੈ। ਇਸ ਬਾਰੇ ਮੈਂ, ਖੁਦ ਹਰਿਆਣੇ ਦੇ ਮੁੱਖ ਮੰਤਰੀ ਨਾਲ ਮੀਟਿੰਗ ਕੀਤੀ, ਦੋ ਘੰਟੇ ਦੀ ਕਾਫੀ ਲੰਮੀ ਮੀਟਿੰਗ ਹੋਈ ਜਿਸ ਵਿਚ ਵਾਚਿਆ ਗਿਆ ਕਿ ਕਿਹੜੇ ਪੁਆਇੰਟ ਹਨ ਜਿਥੋਂ ਉਨ੍ਹਾਂ ਦਾ ਗੰਦਾ ਪਾਣੀ ਇਸ ਘੱਗਰ ਵਿਚ ਪੈਂਦਾ ਹੈ ਤੇ ਇਹ ਉਨ੍ਹਾਂ ਨੇ ਰੋਕਣਾ ਹੈ ਅਤੇ ਕਿਹੜੇ ਸਾਡੇ ਪੁਆਇੰਟ ਹਨ ਜਿਥੇ ਗੰਦਾ ਪਾਣੀ ਪਾਉਣ ਤੋਂ ਅਸੀਂ ਰੋਕਣਾ ਹੈ। ਪਿੰਡਾਂ ਤੋਂ ਆ ਰਿਹਾ ਗੰਦਾ ਪਾਣੀ ਵੀ ਰੋਕਣਾ ਹੈ। ਇਸ ਦੇ ਭਰਪੂਰ ਯਤਨ ਕੀਤੇ ਜਾ ਰਹੇ ਹਨ। ਇਸ ਕਰਕੇ ਮੋਫਰ ਸਾਹਿਬ, ਫਿਕਰ ਨਾ ਕਰੋ, ਅਸੀਂ ਸਾਲ ਵਿੱਚ ਵਧੀਆ ਪਾਣੀ ਕਰ ਦਿਆਂਗੇ।

**ਸ਼੍ਰੀ ਅਸ਼ਵਨੀ ਸੇਖੜੀ :** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਜ਼ੀਰੋ ਆਵਰ ਵਿੱਚ ਬੋਲਣ ਦਾ ਸਮਾਂ ਦਿੱਤਾ ਹੈ। ਮੇਰਾ ਜਿਹੜਾ ਸਵਾਲ ਹੈ, ਉਹ ਬੜਾ ਰੈਲੇਵੈਂਟ ਹੈ।

**ਮਾਨਯੋਗ ਸਪੀਕਰ :** ਜੇਕਰ ਸਵਾਲ ਹੈ ਤਾਂ ਬੈਠ ਜਾਓ।

**ਸ਼੍ਰੀ ਅਸ਼ਵਨੀ ਸੇਖੜੀ :** ਸਪੀਕਰ ਸਾਹਿਬ, ਮੈਨੂੰ ਗੱਲ ਤਾਂ ਕਰ ਲੈਣ ਦਿਓ ਜੀ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਕੇਂਦਰ ਸਰਕਾਰ ਦੀ ਨੋਟੀਫਾਈਡ ਪਾਲਿਸੀ ਹੈ ਉਹ ਸਾਰੀਆਂ ਸਟੇਟਾਂ ਵਿੱਚ ਅਵੇਲੇਬਲ ਹੈ ਪਰੰਤੂ ਪੰਜਾਬ ਰਾਜ ਵਿੱਚ ਜਿਹੜੀ ਕੇਂਦਰ ਸਰਕਾਰ ਦੀ ਫੂਡ ਪ੍ਰੋਸੈਸਿੰਗ ਦੀ ਪਾਲਿਸੀ ਹੈ, ਉਹ ਇੰਪਲੀਮੈਂਟਿਡ ਨਹੀਂ ਹੈ। ਮੈਂ 10 ਇੰਡਸਟ੍ਰਲਿਸਟਾਂ ਨੂੰ ਜਾਣਦਾ ਹਾਂ ਜਿਹੜੇ ਕਿ

[ ਸ਼੍ਰੀ ਅਸ਼ਵਨੀ ਸੇਖੜੀ ]

ਪੰਜਾਬ ਵਿੱਚ ਇੰਡਸਟਰੀ ਲਗਾਉਣਾ ਚਾਹੁੰਦੇ ਸੀ ਪਰ ਉਹ ਗੁਜਰਾਤ ਵਿੱਚ ਜਾਂ ਮੱਧ ਪ੍ਰਦੇਸ਼ ਵਿੱਚ ਚਲੇ ਗਏ। ਉਹ ਕਹਿੰਦੇ ਕਿ ਤੁਹਾਡੀ ਸਟੇਟ ਵਿੱਚ ਤਾਂ ਕੇਂਦਰ ਦੀ ਪਾਲਿਸੀ ਲਾਗੂ ਨਹੀਂ ਹੈ।(ਵਿਘਨ) ਮੈਂ ਲਿਖ ਕੇ ਚਿੱਠੀ ਭੇਜ ਦਿਆਂਗਾ। (ਵਿਘਨ) ਮੈਂ ਸੀ.ਐਮ. ਸਾਹਿਬ ਦੇ ਨੋਟਿਸ ਵਿੱਚ ਲੈ ਆਇਆ ਹਾਂ । ਸਾਨੂੰ ਸਰਕਾਰ ਕੋਲੋਂ ਜਵਾਬ ਮਿਲਿਆ ਹੈ ਕਿ ਇਸ ਪਾਲਿਸੀ ਤਹਿਤ ਸ਼੍ਰੀਮਤੀ ਹਰਸਿਮਰਤ ਕੌਰ ਜੀ ਕਹਿੰਦੇ ਹਨ ਕਿ ਪੰਜਾਬ ਦੇ ਜਿੰਨੇ ਫੰਡਜ਼ ਹਨ ਉਹ ਮੈਂ ਦੇ ਦਿਆਂਗੀ। ਡਿਪਟੀ ਸੀ.ਐਮ. ਵੀ ਕਹਿੰਦੇ ਹਨ ਪਰ ਇਥੇ ਇੰਡਸਟਰੀ ਨਹੀਂ ਆ ਰਹੀ। ਉਹ ਪਾਲਿਸੀ ਇਥੇ ਲਾਗੂ ਨਹੀਂ ਹੈ। ਇਥੋਂ ਦੀ ਫੂਡ ਪ੍ਰੋਸੈਸਿੰਗ ਇੰਡਸਟਰੀ ਲਈ ਜਿਹੜੀ ਮਨਿਸਟਰੀ ਹੈ ਉਹ ਪਾਲਿਸੀ ਨਹੀਂ ਲਿਆ ਰਹੀ....

**Mr.Speaker :** No, No, ਸੇਖੜੀ ਸਾਹਿਬ, Please sit down.

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਮੈਨੂੰ ਦੋ ਮਿੰਟ ਜ਼ਰੂਰ ਦੇ ਦਿਉ।

**ਮਾਨਯੋਗ ਸਪੀਕਰ :** ਨਹੀਂ ਜੀ, ਦੋ ਮਿੰਟ ਨਹੀਂ, ਇੱਕ ਅੱਧੇ ਮਿੰਟ ਵਿੱਚ ਦੱਸੋ, ਤੁਸੀਂ ਬਜਟ ਦੀ ਬਹਿਸ ਉਤੇ ਸਪੀਚ ਕਰ ਲੈਣਾ।

**ਸਰਦਾਰ ਰਣਦੀਪ ਸਿੰਘ :** ਸਰ, ਮੈਂ ਤੁਹਾਡੇ ਰਾਹੀਂ ਜ਼ੀਰੋ ਆਵਰ ਵਿੱਚ ਇੱਕ ਗੱਲ ਕਰਨੀ ਚਾਹੁੰਦਾ ਹਾਂ। ਅਸੀਂ ਸਾਰੇ ਚੁਣ ਕੇ ਇੱਥੇ ਆਏ ਹਾਂ। ਤੁਸੀਂ ਸਾਨੂੰ ਸਹੁੰ ਚੁਕਾਈ ਅਤੇ ਤੁਸੀਂ ਹਾਊਸ ਦੇ ਕਸਟੋਡੀਅਨ ਹੋ। ਤੁਸੀਂ ਆਪ ਵੀ ਪਰਸੋਂ ਜ਼ਿਕਰ ਕੀਤਾ ਹੈ ਕਿ ਸਵਾਲਾਂ ਦੇ ਜਵਾਬ ਪਹਿਲਾਂ ਨਹੀਂ ਆਉਂਦੇ ਅਤੇ ਤੁਸੀਂ ਮੰਤਰੀਆਂ ਨੂੰ ਬੇਨਤੀ ਵੀ ਕੀਤੀ ਹੈ। ਕੱਲ੍ਹ ਸਰਦਾਰ ਲਾਲ ਸਿੰਘ ਜੀ ਨੇ ਵੀ ਜ਼ਿਕਰ ਕੀਤਾ ਹੈ ਕਿ ਤੁਸੀਂ ਹਾਊਸ ਦਾ ਡੈਕੋਰਮ ਮੇਨਟੇਨ ਕਰਨਾ ਹੈ। ਇਸ ਹਾਊਸ ਦੀ ਗਰਿਮਾ ਤੇ ਜੋ ਕਿੰਤੂ-ਪ੍ਰੰਤੂ ਹੋ ਰਿਹਾ ਹੈ ਕਿਉਂਕਿ ਹਰ ਕੋਈ ਉਠ ਕੇ ਆਪਣੇ ਵਿਚਾਰ ਪ੍ਰਗਟ ਕਰਨਾ ਸ਼ੁਰੂ ਕਰ ਦਿੰਦਾ ਹੈ। ਮੇਰੀ ਹੱਥ ਜੋੜ ਕੇ ਬੇਨਤੀ ਹੈ ਕਿ ਪਹਿਲਾਂ ਤਾਂ ਡਿਸਿਪਲਿਨ ਲਾਗੂ ਕਰੋ। ਜਦੋਂ ਤੁਸੀਂ ਕਿਸੇ ਨੂੰ ਉਠ ਕੇ ਬੋਲਣ ਦੀ ਇਜਾਜ਼ਤ ਦਿੰਦੇ ਹੋ ਪਰ ਕੋਈ ਦੂਜਾ ਬੰਦਾ ਉਠ ਕੇ ਬੋਲਣ ਲੱਗ ਜਾਂਦਾ ਹੈ ਤਾਂ ਇਹ ਅੱਛਾ ਨਹੀਂ ਲੱਗਦਾ ਅਤੇ ਇਹੀ ਗੱਲ ਪ੍ਰੈਸ ਦੇ ਜ਼ਰੀਏ ਬਾਹਰ ਜਾਂਦੀ ਹੈ। ਸਾਡਾ ਅਕਸ ਇਸ ਕਰਕੇ ਹੀ ਖਰਾਬ ਹੋ ਰਿਹਾ ਹੈ।

----

## OBSERVATION BY THE CHAIR

**ਮਾਨਯੋਗ ਸਪੀਕਰ :** ਮੈਂ ਵੀ ਇਹ ਮਹਿਸੂਸ ਕਰਦਾ ਹਾਂ ਕਿ ਕਈ ਵਾਰੀ ਮੇਰੇ ਵੀਰਾਂ ਨੂੰ ਪਤਾ ਨਹੀਂ ਹੁੰਦਾ ਕਿ ਕਦੋਂ ਬੋਲਣਾ ਹੈ ਜਾਂ ਕਦੋਂ ਪੁਆਇੰਟ ਆਫ ਆਰਡਰ ਲੈਣਾ ਹੈ। ਬਹੁਤ ਸਾਰੇ ਸੀਨੀਅਰ ਮੈਂਬਰ ਹਨ, ਉਨ੍ਹਾਂ ਨੂੰ ਵੀ ਕਈ ਵਾਰੀ ਨਹੀਂ ਪਤਾ ਹੁੰਦਾ ਕਿ ਕਿਸ ਸਮੇਂ ਬੋਲਣਾ ਹੈ ਅਤੇ ਕਿਵੇਂ ਬੋਲਣਾ ਹੈ, ਚੇਅਰ ਦਾ ਕਿਸ ਤਰ੍ਹਾਂ ਮਾਣ ਸਤਿਕਾਰ ਰੱਖਣਾ ਹੈ, ਆਪਣਾ ਸਵਾਲ ਕਿਵੇਂ ਪੇਸ਼ ਕਰਨਾ ਹੈ, ਕਿਸੇ ਨੂੰ ਕਿਵੇਂ ਸੁਣਨਾ ਹੈ ਅਤੇ ਕਿਵੇਂ ਬਰਦਾਸ਼ਤ ਕਰਨਾ ਹੈ। ਇਸ ਲਈ ਪਾਰਲੀਮੈਂਟ ਵਿੱਚ ਟਰੇਨਿੰਗ ਦਿੱਤੀ ਜਾਂਦੀ ਹੈ। ਕਈ ਸਟੇਟਾਂ ਦੇ ਐਮ.ਐਲ. ਏ. ਵੀ ਆਉਂਦੇ ਹਨ, ਦੂਜੇ ਰਾਜਾਂ ਅਤੇ ਦੂਜੇ ਮੁਲਕਾਂ ਦੇ ਮੈਂਬਰ ਵੀ ਆ ਕੇ ਟਰੇਨਿੰਗ ਲੈਂਦੇ ਹਨ। ਆਪਣੇ ਸਾਰੇ ਆਨਰੇਬਲ ਮੈਂਬਰਜ਼ ਨੂੰ ਵੀ 2-3 ਸਾਲ ਹੋ ਗਏ ਹਨ ਅਤੇ ਸ਼ਾਇਦ ਸਭ ਨੇ ਪ੍ਰੋਸੀਜਰ ਪੜ੍ਹ ਲਿਆ ਹੋਵੇ ਅਤੇ ਮੈਨੂੰ ਜਾਪਦਾ ਹੈ ਕਿ ਸ਼ਾਇਦ ਕਈਆਂ ਨੇ ਹਾਲੇ ਵੀ ਨਹੀਂ ਪੜ੍ਹਿਆ। ਇਸ ਲਈ ਮੈਂ ਮਹਿਸੂਸ ਕਰਦਾ ਹਾਂ ਕਿ ਜੇਕਰ ਹਾਊਸ ਦੀ ਸਹਿਮਤੀ ਹੋਵੇ ਤਾਂ ਅਸੀਂ 4-5 ਦਿਨ ਦਾ ਕੋਈ ਟਰੇਨਿੰਗ ਕੈਂਪ ਹੀ ਲਗਾ ਲਈਏ ਤਾਂ ਕਿ ਮੈਂਬਰਾਂ ਨੂੰ ਘੱਟੋ ਘੱਟ ਇਹ ਤਾਂ ਪਤਾ ਲੱਗੇ ਕਿ ਚੇਅਰ ਵੱਲ ਪਿੱਠ ਕਰ ਕੇ ਬੈਠਣਾ ਹੈ ਕਿ ਨਹੀਂ ਬੈਠਣਾ ਹੈ। ਚੇਅਰ ਦਾ ਕਿਸ ਤਰ੍ਹਾਂ ਸਤਿਕਾਰ ਕਰਨਾ ਹੈ, ਕਦੋਂ ਪੁਆਇੰਟ ਆਫ ਆਰਡਰ ਲੈਣਾ ਹੈ। ਚੇਅਰ ਨੂੰ ਕਿਸ ਤਰੀਕੇ ਨਾਲ ਰਿਸਪੈਕਟ ਕਰਨਾ ਹੈ। ਕਿਵੇਂ ਬੋਲਣਾ ਹੈ.... (ਸ਼ੋਰ)

**(ਇੱਕ ਆਵਾਜ਼ :** ਗੋਆ ਜਾਂ ਦੁਬਈ ਰੱਖ ਲਵੋ ਜੀ।)

**ਮਾਨਯੋਗ ਸਪੀਕਰ :** ਗੋਆ ਨਹੀਂ ਜੀ, ਇੱਥੇ ਹੀ ਹੋ ਜਾਣਾ ਹੈ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** ਸਪੀਕਰ ਸਾਹਿਬ, ਇਹ ਬਹੁਤ ਅੱਛਾ ਸੁਝਾਅ ਹੈ। ਦੋ ਦਿਨ ਦੀ ਟਰੇਨਿੰਗ ਰੱਖ ਲਉ, ਇਸ ਵਿੱਚ ਕੋਈ ਹਰਜ਼ ਨਹੀਂ ਹੈ। ਅਸੀਂ ਨਾਲੇ ਆਪਸ ਵਿੱਚ ਵੀ ਰਲ ਮਿਲ ਕੇ ਕੋਡ ਆਫ ਕੰਡਕਟ ਵੀ ਤੈਅ ਕਰ ਲਵਾਂਗੇ। (ਸ਼ੋਰ)

-----

## MATTERS RAISED DURING ZERO HOUR AND STATEMENTS BY THE DEPUTY CHIEF MINISTER AND THE MINISTER THEREON *(Resumption)*

**ਮਾਨਯੋਗ ਸਪੀਕਰ :** ਹਾਂ ਜੀ, ਨਾਭਾ ਸਾਹਿਬ।

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਮਿੱਤਲ ਸਾਹਿਬ ਤੋਂ ਸ਼ੁਰੂ ਕਰ ਲਵੋ।

**ਮਾਨਯੋਗ ਸਪੀਕਰ :** ਇਹ ਮਿੱਤਲ ਸਾਹਿਬ ਦਾ ਨਹੀਂ, ਸਾਰਿਆਂ ਦਾ ਮਸਲਾ ਹੈ।

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਮੈਂ ਸਰਕਾਰ ਦਾ ਧਿਆਨ ਇੱਕ ਬੜੇ ਅਹਿਮ ਮੁੱਦੇ ਵੱਲ ਦਿਵਾਉਣਾ ਚਾਹੁੰਦਾ ਹਾਂ। ਅਮਲੋਹ ਹਲਕੇ ਵਿੱਚ ਇੱਕ ਪਿੰਡ ਭਗਵਾਨਪੁਰਾ ਹੈ। ਪਹਿਲਾਂ ਮੰਤਰੀ ਜੀ ਉਥੇ ਬਹੁਤ ਮਿਹਰਬਾਨ ਰਹੇ ਹਨ। ਕੋਈ 20-22 ਸਾਲ ਪਹਿਲਾਂ ਉਥੇ ਅਲਾਟਮੈਂਟ ਹੋਈ ਸੀ ਪਰ ਇਨ੍ਹਾਂ ਨੇ ਉਹ ਰੁਕਵਾ ਦਿੱਤੀ। ਹੁਣ ਬਦਕਿਸਮਤੀ ਐਸੀ ਹੈ ਕਿ ਉਸ ਪਿੰਡ ਵਿੱਚ 80% ਗਰੀਬ ਲੋਕ ਵਸਦੇ ਹਨ। ਉਥੋਂ ਦੀ ਸਰਪੰਚਣੀ ਦਾ ਨਾਮ ਸ਼੍ਰੀਮਤੀ ਸੋਨਾ ਦੇਵੀ ਜੀ ਹੈ। ਮੈਂ ਸਾਰੇ ਏਜੰਡੇ, ਨੋਟਿਸ ਲੈ ਕੇ ਆਇਆ ਹਾਂ ਜਿਸ ਤਹਿਤ ਉਨ੍ਹਾਂ ਨੇ ਡਾਇਰੈਕਟਰ ਸਾਹਿਬ ਨੂੰ ਚਿੱਠੀ ਲਿਖੀ ਹੈ। ਇਹ ਡੀ.ਡੀ.ਪੀ.ਓ. ਅਤੇ ਬੀ.ਡੀ.ਪੀ.ਓ. ਦੀ ਨਾਲੇਜ ਵਿੱਚ ਵੀ ਹੈ। ਉਸ ਪਿੰਡ ਵਿੱਚ 6 ਮੈਂਬਰ ਇੱਕ ਪਾਸੇ ਹਨ ਅਤੇ 4 ਮੈਂਬਰ ਇੱਕ ਪਾਸੇ ਹਨ। ਮੇਰੇ ਕੋਲ 2013 ਤੋਂ 2015 ਦੇ ਏਜੰਡਾ ਨੋਟਿਸ ਹਨ ਅਤੇ ਜਿਨ੍ਹਾਂ ਤਹਿਤ ਉਹ ਗੈਰਹਾਜ਼ਰ ਹਨ। ਮੈਂ ਜਿੰਨਾ ਕੁ ਪੰਚਾਇਤੀ ਰਾਜ ਐਕਟ ਪੜ੍ਹਿਆ ਹੈ, ਉਸ ਅਨੁਸਾਰ ਜੇਕਰ ਤਿੰਨ ਮੀਟਿੰਗਾਂ ਵਿੱਚ ਕੋਈ ਵੀ ਮੈਂਬਰ ਗੈਰਹਾਜ਼ਰ ਰਹਿੰਦਾ ਹੈ ਤਾਂ ਉਸ ਤੇ ਕਾਨੂੰਨੀ ਕਾਰਵਾਈ ਕਰਕੇ ਉਸ ਨੂੰ ਬਰਖਾਸਤ ਕੀਤਾ ਜਾਵੇ। ਬਦਕਿਸਮਤੀ ਐਸੀ ਹੈ ਕਿ ਉਹ ਕੰਮ ਨਹੀਂ ਹੋਣ ਦੇ ਰਹੇ ਅਤੇ ਪਿੰਡ ਵਿੱਚ ਗੰਦਗੀ ਅਤੇ ਬਿਮਾਰੀ ਫੈਲ ਰਹੀ ਹੈ। ਇਸ ਬਾਰੇ ਬਾਕਾਇਦਾ ਬੀ.ਡੀ.ਪੀ.ਓ. ਨੇ ਵੀ ਕਿਹਾ ਹੈ ਕਿ ਇੱਥੇ ਪ੍ਰਬੰਧਕ ਲਗਾਇਆ ਜਾਵੇ ਪਰੰਤੂ ਪ੍ਰਬੰਧਕ ਹਾਲੇ ਤੱਕ ਨਹੀਂ ਲੱਗਾ। ਸਪੀਕਰ ਸਾਹਿਬ, ਮੈਂ ਤੁਹਾਡੇ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਉਸ ਪਿੰਡ ਦਾ ਨਰਕ ਦੂਰ ਕੀਤਾ ਜਾਵੇ ਅਤੇ ਦੋਸ਼ੀ ਮੈਂਬਰਾਂ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇ।

**ਮਾਨਯੋਗ ਸਪੀਕਰ :** ਧੰਨਵਾਦ ਜੀ। ਤੁਹਾਡਾ ਪੁਆਇੰਟ ਆ ਗਿਆ ਹੈ।

**ਸ਼੍ਰੀਮਤੀ ਰਜਿੰਦਰ ਕੌਰ ਭੱਠਲ :** ਸਪੀਕਰ ਸਾਹਿਬ, ਮੇਰੇ ਟੇਬਲ ਤੇ ਮੈਂਬਰ, ਸ਼੍ਰੀਮਤੀ ਗੁਰਇਕਬਾਲ ਕੌਰ ਜੀ ਦਾ ਇੱਕ ਬੈਗ ਪਿਆ ਹੈ। ਕੀ ਇਸ ਨੂੰ ਕੋਈ ਡਿਲੀਵਰ ਕਰਨ ਵਾਲਾ ਰੱਖ ਗਿਆ। ਇਹ ਕਿਵੇਂ ਆਇਆ ਹੈ? (ਹਾਸਾ)

**ਮਾਨਯੋਗ ਸਪੀਕਰ :** ਹਾਂ ਜੀ, ਬੀਬੀ ਕਰਨ ਕੌਰ ਬਰਾੜ ਜੀ।

**ਸ਼੍ਰੀਮਤੀ ਕਰਨ ਕੌਰ ਬਰਾੜ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਦੇ ਧਿਆਨ ਵਿਚ ਇਕ ਮੁੱਦਾ ਲਿਆਉਣਾ ਚਾਹੁੰਦੀ ਹਾਂ ਕਿ ਸ਼੍ਰੀ ਮੁਕਤਸਰ ਵਿਚ ਜਲਾਲਾਬਾਦ ਰੋਡ ਉਤੇ ਇਕ ਰੇਲਵੇ ਦਾ ਆਰ.ਓ.ਬੀ. ਬਣਨਾ ਸੀ। ਉਸ ਦੀ ਸੈਂਕਸ਼ਨ ਵੀ ਹੋ ਗਈ ਸੀ। ਉਸ ਵਿਚ ਜਿਹੜੀਆਂ ਕੁਝ ਦੁਕਾਨਾਂ ਅੜਿੱਕਾ ਬਣਦੀਆਂ ਸਨ, ਉਹ ਵੀ ਰਿਮੂਵ ਕਰ ਦਿੱਤੀਆਂ ਗਈਆਂ ਸਨ। ਮਾਨਯੋਗ ਡਿਪਟੀ ਸੀ.ਐਮ. ਸਾਹਿਬ ਨੇ ਉਥੇ ਨੀਂਹ ਪੱਥਰ ਵੀ ਰੱਖਿਆ ਸੀ। ਪਰ ਹੁਣ ਮੈਨੂੰ ਪਤਾ ਲੱਗਾ ਹੈ ਕਿ ਇਹ ਓਵਰ ਬ੍ਰਿਜ lack of funds ਕਰਕੇ ਡੈਫਰ ਕਰ ਦਿੱਤਾ ਗਿਆ ਹੈ। ਕੀ ਇਹ ਮੈਨੂੰ ਦੱਸ ਸਕਦੇ ਹਨ ਕਿ ਇਹ ਕਦੋਂ ਤੱਕ ਡੈਫਰ ਹੈ, ਇਹ ਓਵਰ ਬ੍ਰਿਜ ਕਦੋਂ ਤੱਕ ਬਣੇਗਾ। ਮੈਂ ਇਸ ਸਦਨ ਵਿਚ ਇਸ ਬਾਰੇ ਦੋ ਸਾਲ ਪਹਿਲਾਂ ਵੀ ਸਵਾਲ ਚੁੱਕਿਆ ਸੀ।

**Mr. Speaker :** Thank you Bibi ji.

**ਸਰਦਾਰ ਪਰਮਿੰਦਰ ਸਿੰਘ ਪਿੰਕੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੁੱਖ ਮੰਤਰੀ ਜੀ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਹੁਸੈਨੀਵਾਲਾ ਵਿਖੇ ਪ੍ਰਧਾਨ ਮੰਤਰੀ ਜੀ ਆ ਰਹੇ ਹਨ, ਜੀ ਸਦਕੇ ਆਉਣ। ਉਥੇ ਗੱਡੀਆਂ ਦੀ ਪਾਰਕਿੰਗ ਵਾਸਤੇ ਗਰੀਬ ਕਿਸਾਨਾਂ ਦੀ ਜ਼ਮੀਨ ਵਰਤੀ ਜਾਵੇਗੀ ਜਿਨ੍ਹਾਂ ਕੋਲ ਅੱਧਾ ਏਕੜ, ਇਕ ਏਕੜ ਜਾਂ ਦੋ ਦੋ ਏਕੜ ਜ਼ਮੀਨ ਹੈ, ਉਥੇ ਉਨ੍ਹਾਂ ਪਾਸੋਂ ਕੁੱਲ 10-12 ਏਕੜ ਵਿਚੋਂ ਫਸਲ ਕਟਵਾ ਰਹੇ ਹਨ। ਇਸ ਬਾਰੇ ਡਿਪਟੀ ਕਮਿਸ਼ਨਰ ਸਾਹਿਬ ਕਹਿ ਰਹੇ ਹਨ ਕਿ ਉਨ੍ਹਾਂ ਨੂੰ ਮੁਆਵਜ਼ਾ 5,000/- ਰੁਪਿਆ ਪ੍ਰਤੀ ਏਕੜ ਦਾ ਦੇਣਾ ਹੈ। ਮੈਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਉਨ੍ਹਾਂ ਕਿਸਾਨਾਂ ਨੂੰ ਮਾਰਕੀਟ ਪ੍ਰਾਈਸ ਉਤੇ ਮੁਆਵਜ਼ਾ ਦਿੱਤਾ ਜਾਵੇ, ਜਿਨ੍ਹਾਂ ਦੀ ਫਸਲ ਕੱਟੀ ਜਾਣੀ ਹੈ। ਇਹ ਸਿਰਫ 8-10 ਕਿੱਲਿਆਂ ਦੀ ਗੱਲ ਹੈ ਅਤੇ ਇਹ ਸਾਰਾ ਮੁਆਵਜ਼ਾ ਤਕਰੀਬਨ 3-4 ਲੱਖ ਰੁਪਏ ਬਣਦਾ ਹੈ। ਇਹ ਗਰੀਬ ਕਿਸਾਨਾਂ ਦੇ ਹਿੱਤ ਦੀ ਗੱਲ ਹੋਵੇਗੀ।

**ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) :** ਸਪੀਕਰ ਸਾਹਿਬ, ਉਨ੍ਹਾਂ ਨੂੰ 5,000/- ਰੁਪਏ ਨਹੀਂ ਬਲਕਿ ਪੂਰਾ ਮੁਆਵਜ਼ਾ ਦਿੱਤਾ ਜਾਵੇਗਾ।

(**ਕੁਝ ਅਵਾਜ਼ਾਂ :** ਉਹ ਪ੍ਰੋਗਰਾਮ ਕੈਂਸਲ ਹੋ ਗਿਆ ਹੈ।)

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਪੀਕਰ ਸਾਹਿਬ, ਤੁਹਾਡਾ ਧੰਨਵਾਦ....

**ਮਾਨਯੋਗ ਸਪੀਕਰ :** ਬੈਂਸ ਸਾਹਿਬ, you have to catch an eye of the Chair. ਇਸ ਕਰਕੇ ਤੁਹਾਨੂੰ ਗਿਲਾ ਨਹੀਂ ਹੋਣਾ ਚਾਹੀਦਾ। ਤੁਹਾਡਾ ਚੇਅਰ ਵੱਲ ਵੇਖ ਕੇ ਖੜ੍ਹੇ ਹੋਣਾ ਜ਼ਰੂਰੀ ਹੈ। ਮੈਨੂੰ ਕਿਸੇ ਨਾਲ ਕੋਈ ਦੁਸ਼ਮਣੀ ਨਹੀਂ ਕਿ ਤੁਹਾਨੂੰ ਟਾਈਮ ਨਹੀਂ ਦੇਣਾ। Now you start please.

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ ਜੀ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਸਥਾਨਕ ਸਰਕਾਰ ਮੰਤਰੀ, ਸ਼੍ਰੀ ਅਨਿਲ ਜੋਸ਼ੀ ਜੀ ਦੇ ਧਿਆਨ ਵਿਚ ਇਕ ਜ਼ਰੂਰੀ ਮਸਲਾ ਲਿਆਉਣਾ ਚਾਹੁੰਦਾ ਹਾਂ ਕਿ ਲੁਧਿਆਣਾ ਵਿਚ ਗਿੱਲ ਰੋਡ ਵਿਖੇ 222 ਲੱਖ ਰੁਪਏ ਦਾ ਇੰਟਰ-ਲੌਕਿੰਗ ਟਾਈਲਾਂ ਦਾ ਕੰਮ ਚਲ ਰਿਹਾ ਹੈ ਪ੍ਰੰਤੂ ਉਥੇ ਕੰਮ ਦੀ ਕੁਆਲਿਟੀ ਅਤਿਅੰਤ ਮਾੜੀ ਹੈ।ਇਸ ਬਾਰੇ ਉਥੋਂ ਦੇ ਲੋਕਾਂ ਨੇ ਪ੍ਰਿੰਸੀਪਲ ਸਕੱਤਰ ਸਾਹਿਬ ਕੋਲ ਸ਼ਿਕਾਇਤ ਕੀਤੀ। ਨਗਰ ਨਿਗਮ ਦੇ ਟੈਕਨੀਕਲ ਸਟਾਫ ਨੇ ਵੀ ਰਿਪੋਰਟ ਕੀਤੀ ਕਿ ਉਥੇ ਕੰਮ ਮਾੜਾ ਹੋ ਰਿਹਾ ਹੈ ਅਤੇ ਇਹ ਅੱਤ ਦਰਜੇ ਦਾ ਮਾੜਾ ਹੋ ਰਿਹਾ ਹੈ। ਅੱਜ ਤੱਕ ਉਹ ਠੇਕੇਦਾਰ ਤਕਰੀਬਨ 110 ਲੱਖ ਰੁਪਏ ਦੀ ਪੇਮੈਂਟ ਵੀ ਲੈ ਚੁੱਕਾ ਹੈ। ਉਸ ਖਿਲਾਫ ਕੋਈ ਕਾਰਵਾਈ ਨਹੀਂ ਹੋਈ ਕਿਉਂਜੋ ਉਹ ਸ਼੍ਰੋਮਣੀ ਅਕਾਲੀ ਦਲ ਤੇ ਐਸ.ਜੀ.ਪੀ.ਸੀ. ਦੇ ਮੈਂਬਰ ਦਾ ਜਾਣਕਾਰ ਹੈ। ਮੇਰੀ ਬੇਨਤੀ ਹੈ ਕਿ ਮੰਤਰੀ ਜੀ ਇਸ ਕੰਮ ਵੱਲ ਟਾਈਮ ਬਾਊਂਡ ਧਿਆਨ ਦੇਣ ਦੀ ਖੇਚਲ ਕਰਨ ਤਾਂ ਜੋ ਬਾਕੀਆਂ ਨੂੰ ਵੀ ਇਕ ਸੇਧ ਮਿਲ ਸਕੇ।

**ਸਥਾਨਕ ਸਰਕਾਰ ਮੰਤਰੀ (ਸ਼੍ਰੀ ਅਨਿਲ ਜੋਸ਼ੀ) :** ਸਪੀਕਰ ਸਾਹਿਬ, ਮੈਂ ਇਸ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ।ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਐਸ਼ਿਓਰ ਕਰਦਾ ਹਾਂ ਕਿ ਇਨ੍ਹਾਂ ਨੇ ਮੇਰੇ ਧਿਆਨ ਵਿਚ ਗੱਲ ਲਿਆਂਦੀ ਹੈ। ਇਸ ਬਾਰੇ 100% ਟਰਾਂਸਪੇਰੈਂਸੀ ਨਾਲ ਇਨਕੁਆਰੀ ਹੋਵੇਗੀ ਬਾਕੀ ਜੇਕਰ ਕੋਈ ਇਹੋ ਜਿਹੀ ਗੱਲ ਹੈ ਤਾਂ ਉਸ ਦੀ ਬਾਕੀ ਦੀ ਪੇਮੈਂਟ ਰੋਕ

ਦਿੰਦੇ ਹਾਂ। ਉਸ ਦੀ ਬਿਲਕੁਲ ਇਨਕੁਆਰੀ ਹੋਵੇਗੀ ਤੇ ਜਿਹੜੇ ਦੋਸ਼ੀ ਹੋਣਗੇ, ਉਨ੍ਹਾਂ ਨੂੰ ਸਜ਼ਾ ਦਿੱਤੀ ਜਾਵੇਗੀ।

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ :** ਸਪੀਕਰ ਸਾਹਿਬ, ਮੇਰੇ ਹਲਕੇ ਵਿਚ ਪਿੰਡ ਕੱਚਾ ਪੀਲੋਵਾਲ ਹੈ। ਉਸ ਦੀ ਅਬਾਦੀ 1200 ਦੇ ਕਰੀਬ ਹੈ। ਉਥੇ ਗ੍ਰਾਮ ਪੰਚਾਇਤ ਕੋਲ ਬਹੁਤ ਜ਼ਿਆਦਾ ਜ਼ਮੀਨ ਹੈ ਜੋ ਤਕਰੀਬਨ 250 ਏਕੜ ਹੈ। ਇਸ ਵਿਚੋਂ ਕੁਝ ਹਿੱਸਾ ਮੰਡੀ ਵਿਚ ਚਲਾ ਗਿਆ ਹੈ ਪ੍ਰੰਤੂ ਅੱਜ ਵੀ 200 ਏਕੜ ਦੇ ਕਰੀਬ ਪੰਚਾਇਤ ਦੀ ਜ਼ਮੀਨ ਕਾਸ਼ਤਕਾਰਾਂ ਕੋਲ ਹੈ। ਮੈਂ ਆਪਣਾ ਸਵਾਲ ਰੱਖਿਆ ਉਹ ਤੁਸੀਂ ਅਨਸਟਾਰਡ ਕਰ ਦਿੱਤਾ ਹੈ ......

**ਮਾਨਯੋਗ ਸਪੀਕਰ :** ਇਹ ਬੜੀ ਲੰਮੀ ਚੌੜੀ ਇਨਫਰਮੇਸ਼ਨ ਹੈ। ਇਸ ਬਾਰੇ ਨਾਲ ਹੀ ਤੁਹਾਡਾ ਸਵਾਲ ਆ ਗਿਆ ਹੈ, ਇਸ ਲਈ ਇਹ ਅਲਾਓ ਨਹੀਂ ਹੋ ਸਕਦਾ। ਜਿਹੜਾ ਤੁਹਾਡਾ ਮਸਲਾ ਕੁਐਸਚਨ ਆਵਰ ਵਿਚ ਆ ਗਿਆ ਹੈ, ਉਹ ਜ਼ੀਰੋ ਆਵਰ ਵਿਚ ਨਹੀਂ ਆ ਸਕਦਾ। ਤੁਸੀਂ ਬੈਠ ਜਾਓ। ਹਾਂ ਜੀ, ਸਰਦਾਰ ਚਰਨਜੀਤ ਸਿੰਘ ਚੰਨੀ ਜੀ।

**ਸਰਦਾਰ ਰਮਨਜੀਤ ਸਿੰਘ ਸਿੱਕੀ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਦੇ ਨੋਟਿਸ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਸ਼੍ਰੀ ਗੋਇੰਦਵਾਲ ਸਾਹਿਬ ਨੂੰ ਸਿੱਖੀ ਦਾ ਧੁਰਾ ਮੰਨਿਆ ਜਾਂਦਾ ਹੈ । ਉਥੇ ਇੱਕ ਪ੍ਰਾਈਮ ਲੈਂਡ ਹੈ ਜਿਹੜੀ ਅਕਸਰ ਗਰੀਬ ਵਾਸੀਆਂ ਦੇ ਫੰਕਸ਼ਨਜ਼ ਵਾਸਤੇ ਯੂਜ਼ ਹੁੰਦੀ ਹੈ। ਕੁਝ ਟਾਈਮ ਪਹਿਲਾਂ ਉਸ ਦੀ ਚਾਰ ਦੀਵਾਰੀ ਕਰਕੇ ਹੁਣ ਉਸ ਉਤੇ ਉਥੋਂ ਦੇ ਲੋਕਲ ਪਾਲੇਟੀਸ਼ੀਅਨਜ਼ ਅਤੇ ਗੁਰਦੁਆਰਾ ਸਾਹਿਬ ਦੇ ਮੈਨੇਜਰ ਸਾਹਿਬ ਕਬਜ਼ਾ ਕਰਨ ਦੀ ਕੋਸ਼ਿਸ਼ ਵਿਚ ਹਨ । ਮੈਨੂੰ ਅੱਜ ਸਵੇਰੇ ਹੀ ਪਤਾ ਲੱਗਾ ਹੈ ਕਿ ਉਥੇ ਨੀਂਹਾਂ ਪੁਟਵਾ ਕੇ ਮੂਹਰਲੇ ਬੰਨੇ ਦੁਕਾਨਾਂ ਬਣਾਉਣ ਦੀ ਗੱਲ ਹੋ ਰਹੀ ਹੈ । ਮੈਂ, ਮਾਨਯੋਗ ਮੁੱਖ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਹ ਬਹੁਤ ਹੀ ਕੀਮਤੀ ਜ਼ਮੀਨ ਹੈ ਔਰ ਉਹ ਹਰ ਕਿਸੇ ਦੀ ਅੱਖ ਵਿੱਚ ਹੈ । ਇਹ ਟਾਈਮਲੀ ਐਸ਼ਿਓਰ ਕਰ ਦੇਣ ਕਿ ਉਥੇ ਇਹੋ ਜਿਹੀ ਕਾਰਵਾਈ ਨਾ ਹੋਵੇ ਅਤੇ ਗਰੀਬ ਲੋਕਾਂ ਦੀਆਂ ਵਿਆਹਾਂ-ਸ਼ਾਦੀਆਂ ਅਤੇ ਸਾਂਝੇ ਫੰਕਸ਼ਨਜ਼ ਵਾਸਤੇ ਇਹ ਜ਼ਮੀਨ ਉਸੇ ਤਰ੍ਹਾਂ ਬਰਕਰਾਰ ਰਹਿਣੀ ਚਾਹੀਦੀ ਹੈ ।

**ਸਰਦਾਰ ਸੰਗਤ ਸਿੰਘ ਗਿਲਜੀਆਂ :** ਧੰਨਵਾਦ ਸਪੀਕਰ ਸਾਹਿਬ । ਮੈਂ ਤੁਹਾਡੇ ਜ਼ਰੀਏ, ਮੰਤਰੀ ਜੋਸ਼ੀ ਸਾਹਿਬ ਜੀ ਦੇ ਧਿਆਨ ਵਿੱਚ ਲਿਆਉਣਾ

[ ਸਰਦਾਰ ਸੰਗਤ ਸਿੰਘ ਗਿਲਜੀਆਂ ]

ਚਾਹੁੰਦਾ ਹਾਂ ਕਿ ਟਾਂਡੇ ਸ਼ਹਿਰ ਵਿੱਚ 2010 ਤੋਂ ਸੀਵਰੇਜ ਅਤੇ ਵਾਟਰ ਸਪਲਾਈ ਦਾ ਸਿਸਟਮ ਚਾਲੂ ਹੋਇਆ ਸੀ । ਤਕਰੀਬਨ ਪੰਜ ਸਾਲ ਹੋ ਗਏ ਹਨ, ਸ਼ਹਿਰ ਵਿੱਚ ਤਕਰੀਬਨ 60-65 ਪਰਸੈਂਟ ਕੰਮ ਹੀ ਹੋਇਆ ਹੈ ਤੇ 35-40 ਪਰਸੈਂਟ ਕੰਮ ਰਹਿੰਦਾ ਹੈ । ਜਿਹੜੀਆਂ ਉਥੇ ਸੜਕਾਂ ਪੁੱਟੀਆਂ ਹੋਈਆਂ ਹਨ ਜਾਂ ਗਲੀਆਂ ਨਾਲੀਆਂ ਦਾ ਜਿਹੜਾ ਸੀਵਰੇਜ ਪਿਆ ਹੋਇਆ ਸੀ, ਉਹ ਪੂਰਾ ਨਹੀਂ ਹੋਇਆ । ਜਦੋਂ ਸ਼ਹਿਰ ਵਿੱਚ ਬਾਰਸ਼ ਪੈਂਦੀ ਹੈ ਤਾਂ ਸਾਰੇ ਸ਼ਹਿਰ ਵਿੱਚ ਗੋਡੇ ਗੋਡੇ ਪਾਣੀ ਖੜ੍ਹ ਜਾਂਦਾ ਹੈ । ਇਸ ਲਈ ਮੈਂ, ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਸ ਨੂੰ ਟਾਈਮ ਬਾਊਂਡ ਕੀਤਾ ਜਾਵੇ ਤੇ ਪੁੱਛਣਾ ਵੀ ਚਾਹੁੰਦਾ ਹਾਂ ਕਿ ਜਿਹੜਾ ਇਹ ਸੀਵਰੇਜ ਦਾ ਕੰਮ ਪੰਜ ਸਾਲ ਪਹਿਲਾਂ ਸ਼ੁਰੂ ਕੀਤਾ ਸੀ, ਇਸ ਨੂੰ ਕਦੋਂ ਤੱਕ ਕੰਪਲੀਟ ਕਰ ਦਿਓਗੇ ?

**ਸਰਦਾਰ ਹਰਦਿਆਲ ਸਿੰਘ ਕੰਬੋਜ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੁੱਖ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਬਨੂੜ ਸ਼ਹਿਰ ਵਿਖੇ ਹਾਊਸਫੈੱਡ ਵੱਲੋਂ ਲਗਭਗ 600-700 ਫਲੈਟਸ ਬਣਾਏ ਗਏ ਸਨ । ਸਾਲ 2009 ਵਿੱਚ ਇਨ੍ਹਾਂ ਦੀ ਸ਼ੁਰੂਆਤ ਕੀਤੀ ਗਈ ਅਤੇ ਸਾਲ 2011 ਵਿੱਚ ਉਨ੍ਹਾਂ ਦਾ ਪੋਜੈਸ਼ਨ ਦੇਣਾ ਸੀ ਤੇ ਜਿਹੜੇ 'ਏ' ਕੈਟਾਗਰੀ ਦੇ ਫਲੈਟਸ ਸਨ, ਉਨ੍ਹਾਂ ਦੀ 20 ਲੱਖ ਰੁਪਏ ਪ੍ਰਾਈਸ ਸੀ ਅਤੇ ਜਿਹੜੇ 'ਬੀ' ਕੈਟਾਗਰੀ ਦੇ ਫਲੈਟਸ ਸਨ, ਉਨ੍ਹਾਂ ਦੀ 15 ਲੱਖ ਰੁਪਏ ਪ੍ਰਾਈਸ ਸੀ । ਹੁਣ ਸਾਲ 2015 ਵਿੱਚ ਉਨ੍ਹਾਂ ਦਾ ਕਬਜ਼ਾ ਦਿੱਤਾ ਗਿਆ। ਜਿਹੜਾ ਉਸ ਵਿੱਚ ਚਾਰ ਸਾਲ ਦਾ ਗੈਪ ਸੀ, ਉਸ ਗੈਪ ਦਾ ਵਿਆਜ ਦੇਣਾ ਚਾਹੀਦਾ ਸੀ ਪਰ ਬਦਕਿਸਮਤੀ ਨਾਲ ਉਨ੍ਹਾਂ ਤੋਂ 65% ਵਾਧੂ ਰਕਮ ਲੈ ਕੇ ਫਲੈਟਸ ਦਿੱਤੇ ਜਾ ਰਹੇ ਹਨ । ਜਿਨ੍ਹਾਂ ਦੀ 20 ਲੱਖ ਰੁਪਏ ਕੀਮਤ ਸੀ, ਉਨ੍ਹਾਂ ਤੋਂ 32 ਲੱਖ ਰੁਪਏ ਲਏ ਜਾ ਰਹੇ ਹਨ ਤੇ ਜਿਨ੍ਹਾਂ ਦੀ 15 ਲੱਖ ਰੁਪਏ ਕੀਮਤ ਸੀ, ਉਨ੍ਹਾਂ ਤੋਂ 25 ਲੱਖ ਰੁਪਏ ਵਸੂਲੇ ਜਾ ਰਹੇ ਹਨ । ਉਸ ਵਿੱਚ ਮੈਜਾਰਿਟੀ ਇੰਪਲਾਈਜ਼ ਦੀ ਗਿਣਤੀ ਹੈ । ਉਨ੍ਹਾਂ ਵਿੱਚੋਂ ਕਿਸੇ ਦੀ ਰਿਟਾਇਰਮੈਂਟ ਨੇੜੇ ਹੈ ਤੇ ਬਾਕੀ ਆਮ ਮੱਧ ਵਰਗ ਦੇ ਲੋਕਾਂ ਨੇ ਹੀ ਉਹ ਫਲੈਟਸ ਲਏ ਹਨ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਵਾਧਾ ਵਾਪਸ ਕੀਤਾ ਜਾਵੇ ਅਤੇ ਮਿੱਥੇ ਹੋਏ ਮੁੱਲ ਤੇ ਹੀ ਉਹ ਫਲੈਟਸ ਦਿੱਤੇ ਜਾਣ । ਬਹੁਤ ਧੰਨਵਾਦ ।

**ਸਰਦਾਰ ਨਵਤੇਜ ਸਿੰਘ ਚੀਮਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ

ਸੀ. ਐਮ. ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਸੀ. ਐਮ. ਸਾਹਿਬ ਹਰ ਸਾਲ ਧੰਨ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਵਸ ਤੇ ਸਾਡੇ ਸੁਲਤਾਨਪੁਰ ਲੋਧੀ ਹਲਕੇ ਵਿੱਚ ਜਾਂਦੇ ਹਨ । ਇਹ ਪਵਿੱਤਰ ਸ਼ਹਿਰ ਸਾਲ 2007 ਦਾ ਅਨਾਊਂਸ ਹੋਇਆ ਹੈ ਪਰ ਇਸ ਉਤੇ ਅੱਜ ਤੱਕ ਕੋਈ ਕਾਰਵਾਈ ਨਹੀਂ ਹੋਈ । ਪਹਿਲੀ ਪਾਤਸ਼ਾਹੀ ਦਾ ਇਹ ਸ਼ਹਿਰ ਹੈ। ਮੈਂ ਡਿਪਟੀ ਸੀ. ਐਮ. ਸਾਹਿਬ ਦੇ ਧਿਆਨ ਵਿੱਚ ਪਹਿਲਾਂ ਵੀ ਲਿਆਂਦਾ ਹੈ, ਉਥੇ ਸੀਵਰੇਜ ਪੂਰਾ ਨਹੀਂ ਹੈ ਤੇ ਨਾ ਹੀ ਸੜਕਾਂ ਪੂਰੀਆਂ ਬਣੀਆਂ ਹੋਈਆਂ ਹਨ । ਗੁਰਦੁਆਰਾ ਸਾਹਿਬ ਦਾ ਆਲਾ ਦੁਆਲਾ ਵੀ ਠੀਕ ਨਹੀਂ। ਸੰਤ ਬਾਬਾ ਬਲਬੀਰ ਸਿੰਘ ਜੀ ਸੀਚੇਵਾਲ ਨੇ ਵੇਈਂ ਨਦੀ ਜ਼ਰੂਰ ਸਾਫ ਕੀਤੀ ਹੈ ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਵੱਲੋਂ ਇਹ ਸਾਰੇ ਕੰਮ ਕਦੋਂ ਤੱਕ ਪੂਰੇ ਕਰ ਦਿੱਤੇ ਜਾਣਗੇ ? ਇਸ ਪਵਿੱਤਰ ਸ਼ਹਿਰ ਨੂੰ ਵੀ ਉਹ ਸਾਰੀਆਂ ਸਹੂਲਤਾਂ ਜਲਦੀ ਤੋਂ ਜਲਦੀ ਮੁਹੱਈਆ ਕਰਵਾਈਆਂ ਜਾਣ ਜਿਹੜੀਆਂ ਹੋਰ ਹੋਲੀ ਸਿਟੀ ਨੂੰ ਦਿੱਤੀਆਂ ਜਾਂਦੀਆਂ ਹਨ । ਇਹ ਸਹੂਲਤਾਂ ਸਾਡੇ ਸੁਲਤਾਨਪੁਰ ਲੋਧੀ ਹਲਕੇ ਨੂੰ ਵੀ ਦਿੱਤੀਆਂ ਜਾਣ ।

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪਬਲਿਕ ਹੈਲਥ ਮਨਿਸਟਰ ਸਾਹਿਬ ਦੇ ਨੋਟਿਸ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਗਰਮੀਆਂ ਦਾ ਸੀਜ਼ਨ ਆ ਰਿਹਾ ਹੈ ਤੇ ਜਿਹੜੇ ਪਿੰਡਾਂ ਵਿੱਚ ਵਾਟਰ ਵਰਕਸ ਲੱਗੇ ਹੋਏ ਹਨ । ਉਨ੍ਹਾਂ ਦੀ ਕਈ ਵਾਰੀ ਮੋਟਰ ਸੜ ਜਾਂਦੀ ਹੈ ਤੇ ਸਪੇਅਰ ਮੋਟਰ ਨਹੀਂ ਹੁੰਦੀ । ਡਿਪਾਰਟਮੈਂਟ, ਡਿਸਟ੍ਰਿਕਟ ਹੈਡਕੁਆਰਟਰ ਉੱਤੇ ਘੱਟੋ ਘੱਟ 5-6 ਸਪੇਅਰ ਮੋਟਰਾਂ ਰੱਖਣ ਕਿਉਂਕਿ ਖਰਾਬ ਹੋਈਆਂ ਮੋਟਰਾਂ ਤਿੰਨ-ਤਿੰਨ, ਚਾਰ-ਚਾਰ ਦਿਨ ਲਈ ਬਾਈਂਡਿੰਗ ਹੋਣ ਵਾਸਤੇ ਚਲੀਆਂ ਜਾਂਦੀਆਂ ਹਨ ਜਿਸ ਕਾਰਨ ਲੋਕਾਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਨਹੀਂ ਹੁੰਦਾ ਅਤੇ ਲੋਕ ਵਿਚਾਰੇ ਬੜੇ ਪ੍ਰੇਸ਼ਾਨ ਹੁੰਦੇ ਹਨ। ਇਸ ਲਈ ਸਰਕਾਰ ਕੋਈ ਇਹੋ ਜਿਹੀ ਪ੍ਰੋਵੀਜ਼ਨ ਲੈ ਕੇ ਆਵੇ ਤਾਂ ਕਿ ਲੋਕਾਂ ਨੂੰ ਦਿੱਕਤ ਨਾ ਆਵੇ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ ....

**ਮਾਨਯੋਗ ਸਪੀਕਰ :** ਚੰਨੀ ਜੀ, ਮੈਂ ਤੁਹਾਡਾ ਨਾਮ ਲਿਆ ਸੀ, ਤੁਸੀਂ ਉਠੇ ਹੀ ਨਹੀਂ, ਹੁਣ ਤੁਸੀਂ ਬੈਠ ਜਾਓ। ਹਾਂ ਜੀ, ਬੈਂਸ ਸਾਹਿਬ।

**ਸਰਦਾਰ ਬਲਵਿੰਦਰ ਸਿੰਘ ਬੈਂਸ :** ਸਪੀਕਰ ਸਾਹਿਬ, ਤੁਹਾਡਾ ਧੰਨਵਾਦ।ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਲੋਕਲ ਬਾਡੀਜ਼ ਮੰਤਰੀ ਅਤੇ

[ ਸਰਦਾਰ ਬਲਵਿੰਦਰ ਸਿੰਘ ਬੈਂਸ ]

ਮਾਨਯੋਗ ਮੁੱਖ ਮੰਤਰੀ ਸਾਹਿਬ ਜੀ ਦੇ ਧਿਆਨ ਲਿਆਉਣਾ ਚਾਹੁੰਦਾ ਹਾਂ ਕਿ ਲੁਧਿਆਣੇ ਵਿੱਚ ਢੰਡਾਰੀ-ਬੱਲੋਕੇ ਇੱਕ ਸੀਵਰੇਜ ਪ੍ਰੋਜੈਕਟ ਹੈ, ਜਿਹੜਾ ਢੰਡਾਰੀ ਤੋਂ ਲੈ ਕੇ ਬੱਲੋਕੇ ਤੱਕ ਹੈ, ਜਿਸ ਵਿੱਚ 80 ਪ੍ਰਤੀਸ਼ਤ ਕੰਮ ਹੋ ਚੁੱਕਿਆ ਹੈ। ਇਹ ਅੱਧੇ ਸ਼ਹਿਰ ਦੇ ਸੀਵਰੇਜ ਨੂੰ ਰੰਨ ਕਰਦਾ ਹੈ ਜਿਹੜਾ ਬਾਕੀ 20 ਪ੍ਰਤੀਸ਼ਤ ਕੰਮ ਰਹਿੰਦਾ ਹੈ ਉਸ ਬਾਰੇ ਮੈਂ ਬੇਨਤੀ ਕਰਦਾ ਹਾਂ ਕਿ ਜੇਕਰ ਉਹ ਛੇਤੀ ਕੰਪਲੀਟ ਹੋ ਜਾਵੇ ਤਾਂ ਅੱਧੇ ਸ਼ਹਿਰ ਨੂੰ ਉਸ ਦੀ ਬਹੁਤ ਸਹੂਲਤ ਹੋਵੇਗੀ। ਧੰਨਵਾਦ ਜੀ।

**ਮਾਨਯੋਗ ਸਪੀਕਰ :** ਹਾਂ ਜੀ, ਝੂੰਦਾਂ ਸਾਹਿਬ ਜੀ।

**ਸਰਦਾਰ ਇਕਬਾਲ ਸਿੰਘ ਝੂੰਦਾਂ :** ਮਾਨਯੋਗ ਸਪੀਕਰ ਸਾਹਿਬ, ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਬਹੁਤ ਵੱਡਾ ਇੱਕ ਅਹਿਮ ਇਤਿਹਾਸਕ ਯੋਗਦਾਨ ਪਾਇਆ ਹੈ ਕਿ ਜੋ ਵੱਡਾ ਘੱਲੂਘਾਰਾ ਦੀ ਯਾਦ ਕੁੱਪ ਰਹੀੜਾ ਵਿਖੇ ਯਾਦਗਾਰ ਬਣਾਈ ਗਈ, ਜੋ ਮਹਾਨ ਸ਼ਹੀਦਾਂ ਲਈ ਸ਼ਰਧਾ ਦੇ ਤੌਰ ਤੇ ਉਹ ਸਥਾਨ ਬਣਿਆ ਹੈ। ਉਸ ਦੀ ਇਮਾਰਤ ਬੜੀ ਸ਼ਾਨਦਾਰ ਮੁਕੰਮਲ ਹੋਈ ਹੈ। ਉਸ ਵਾਸਤੇ ਥੋੜ੍ਹੇ ਜਿਹੇ ਪੈਸਿਆਂ ਦੀ ਜ਼ਰੂਰਤ ਹੈ, ਉਸ ਦਾ ਕੰਮ ਅਧੂਰਾ ਹੈ। ਉਹ ਬਣਾ ਕੇ ਸੰਗਤਾਂ ਲਈ ਬੜੇ ਵਧੀਆ ਤਰੀਕੇ ਨਾਲ ਖੋਲ੍ਹੀ ਜਾ ਸਕਦੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਥੋੜ੍ਹੀ ਜਿਹੀ ਰਾਸ਼ੀ ਜਾਰੀ ਕਰਕੇ ਉਸ ਨੂੰ ਮੁਕੰਮਲ ਕੀਤਾ ਜਾਵੇ ਤਾਂ ਕਿ ਉਹ ਪ੍ਰੋਜੈਕਟ ਮੁਕੰਮਲ ਹੋ ਜਾਵੇ। ਮੈਂ ਇਹੀ ਗੱਲ ਕਹਿਣੀ ਹੈ। ਤੁਹਾਡਾ ਬਹੁਤ ਧੰਨਵਾਦ।

**ਸ੍ਰੀਮਤੀ ਰਜਿੰਦਰ ਕੌਰ ਭੱਠਲ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ.ਐਮ. ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦੀ ਹਾਂ ਕਿ ਦੋ ਪ੍ਰੋਜੈਕਟ ਯੂ.ਪੀ.ਏ. ਸਰਕਾਰ ਦੇ ਸਮੇਂ ਦੇ ਪੈਂਡਿੰਗ ਹਨ ਜਿਨ੍ਹਾਂ ਵਿਚੋਂ ਇੱਕ ਤਾਂ ਓਵਰ ਬਰਿਜ ਅਤੇ ਦੂਸਰਾ ਸਾਡੇ ਲਹਿਰਾਗਾਗਾ ਹਲਕੇ ਨਾਲ ਤਿੰਨ ਕਸਬਿਆਂ ਦੇ ਸੀਵਰੇਜ ਨਾਲ ਸਬੰਧਤ ਹੈ। ਇਸ ਸਬੰਧੀ ਸਾਰਾ ਕੁਝ ਮਨਜ਼ੂਰ ਹੋ ਕੇ, ਪੈਸਾ ਜਮ੍ਹਾਂ ਕਰਵਾ ਕੇ ਕੰਮ ਕਰਨ ਵਾਸਤੇ ਟੀਮ ਵੀ ਆ ਗਈ ਸੀ। ਮੈਨੂੰ ਨਹੀਂ ਪਤਾ, ਮੈਂ ਇਨ੍ਹਾਂ ਦੀ ਮੱਦਦ ਮੰਗਦੀ ਹਾਂ, ਕੀ ਇਹ ਪਤਾ ਕਰਨਗੇ ਕਿ ਕਿੱਥੇ ਰੁਕਾਵਟ ਹੈ, ਰੁਕਾਵਟ ਕਿਉਂ ਹੈ, ਸ਼ੁਰੂ ਹੋਇਆ ਕੰਮ ਕਿਉਂ ਰੁਕਿਆ ਹੈ? ਇੱਕ ਤਾਂ ਮੇਰੀ ਇਹ ਬੇਨਤੀ ਹੈ। ਮੇਰੀ ਦੂਸਰੀ ਬੇਨਤੀ ਸੀ.ਐਮ. ਸਾਹਿਬ ਨੂੰ ਹੈ ਕਿ ਹੋ ਸਕਦਾ ਹੈ ਇਹ ਪ੍ਰਾਬਲਮ ਸਾਰੇ ਪੰਜਾਬ ਵਿੱਚ ਹੀ ਹੋਵੇ ਪਰ ਮੇਰੇ ਹਲਕੇ ਵਿੱਚ ਮੈਨੂੰ ਸੈਂਕੜਿਆਂ ਦੀ ਤਦਾਦ ਵਿੱਚ ਲੋਕ ਮਿਲੇ ਹਨ, ਜਿਨ੍ਹਾਂ ਨੇ ਕਿਹਾ ਹੈ ਕਿ ਸਾਡੇ

ਨੀਲੇ ਕਾਰਡ ਬਣੇ ਤਾਂ ਹੋਏ ਹਨ,ਪਰ ਉਨ੍ਹਾਂ ਨੂੰ ਉਸ ਉਤੇ ਸਹੂਲਤ ਨਹੀਂ ਮਿਲ ਰਹੀ। ਉਹ ਲੋਕ ਤਾਂ ਕਹਿੰਦੇ ਸਨ ਕਿ ਮੈਂ ਕਾਰਡ ਨਾਲ ਲੈ ਜਾਵਾਂ। ਮੈਂ ਕਹਿਣਾ ਚਾਹੁੰਦੀ ਹਾਂ ਕਿ ਉਨ੍ਹਾਂ ਨੂੰ ਜਿਹੜੇ ਨੀਲੇ ਕਾਰਡਾਂ ਤੇ ਰਾਹਤ ਮਿਲਣੀ ਹੈ, ਉਹ ਨਹੀਂ ਮਿਲ ਰਹੀ। ਕੀ ਇਹ ਉਸ ਦੀ ਇਨਕੁਆਇਰੀ ਕਰਵਾਉਣਗੇ? ਜਾਂ ਮੈਂ ਆਪਣੇ ਹਲਕੇ ਦੇ ਉਹ ਪਰਟੀਕੁਲਰ ਦੇ ਦੇਵਾਂ। ਮੈਂ ਤਾਂ ਇਹ ਕਹਿੰਦੀ ਹਾਂ ਕਿ ਇਸ ਸਬੰਧੀ ਸਾਰੇ ਪੰਜਾਬ ਦੀ ਇਨਕੁਆਇਰੀ ਕਰਵਾ ਲੈਣ ਜਾਂ ਲਹਿਰਾਗਾਗਾ ਹਲਕੇ ਦੀਆਂ ਸਾਰੀਆਂ ਲਿਸਟਾਂ ਅਤੇ ਕਾਰਡ ਇਨ੍ਹਾਂ ਨੂੰ ਪੇਸ਼ ਕਰ ਦੇਈਏ ਤਾਂ ਕਿ ਉਨ੍ਹਾਂ ਨੂੰ ਰਾਹਤ ਮਿਲ ਸਕੇ ਜਿਸ ਦੇ ਉਹ ਹੱਕਦਾਰ ਹਨ।

**ਮੁੱਖ ਸੰਸਦੀ ਸਕੱਤਰ, ਸਿਹਤ ਅਤੇ ਪਰਿਵਾਰ ਭਲਾਈ (ਡਾਕਟਰ ਨਵਜੋਤ ਕੌਰ ਸਿੱਧੂ) :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਆਨਰੇਬਲ ਸੀ.ਐਮ. ਸਾਹਿਬ ਦੇ ਅੱਗੇ ਅਪੀਲ ਕਰਨੀ ਚਾਹੁੰਦੀ ਹਾਂ ਕਿ ਮੇਰੇ ਸ਼ਹਿਰ ਦੇ ਵਿੱਚ ਦੋ ਵਾਰਡ ਹਨ, ਉਹ ਕੋਈ ਪਿੰਡ ਨਹੀਂ ਹਨ ਪਰ ਉਥੇ ਪਿੰਡਾਂ ਤੋਂ ਵੀ ਬੁਰਾ ਹਾਲ ਸੀ। ਉਥੇ ਕੋਈ ਸੀਵਰੇਜ ਸਿਸਟਮ ਵੀ ਨਹੀਂ ਸੀ। ਹੁਣ ਉਥੇ ਜ਼ਾਇਕਾ ਅਧੀਨ ਕੰਮ ਚੱਲ ਰਿਹਾ ਹੈ ਪਰ ਉਥੇ ਅਜੇ 20 ਪ੍ਰਤੀਸ਼ਤ ਤੱਕ ਕੰਮ ਹੋਇਆ ਹੈ ਅਤੇ ਪੂਰਾ ਕੰਮ ਕੰਪਲੀਟ ਹੋਣ ਵਿਚ ਡੇਢ ਸਾਲ ਲੱਗੇਗਾ। ਉਥੇ ਫਲਾਈਓਵਰ ਬਣਿਆ ਹੈ ਅਤੇ ਉਥੇ ਰਾਊਂਡ ਅਬਾਊਟਸ ਬਣੇ, ਉਥੇ ਦੋਨੋਂ ਵਾਰਡਜ਼ ਦੇ 6 ਆਊਟ ਲੈੱਟ ਸੀ, ਉਥੇ 40,000 ਲੋਕ ਰਹਿੰਦੇ ਹਨ, ਉਹ 6 ਦੇ 6 ਆਊਟ ਲੈੱਟ ਬੰਦ ਕੀਤੇ ਗਏ। ਜੇ ਮੈਂ ਇਰੀਗੇਸ਼ਨ ਡਿਪਾਰਟਮੈਂਟ ਕੋਲ ਜਾਂਦੀ ਹਾਂ ਤਾਂ ਉਹ ਕਹਿੰਦੇ ਹਨ ਕਿ ਸਾਡਾ ਇਸ ਦੇ ਵਿੱਚ ਇੰਟਰਫੀਅਰੈਂਸ ਨਹੀਂ ਹੈ ਕਿਉਂਕਿ ਤੁਹਾਡਾ ਸੀਵਰੇਜ ਇਰੀਗੇਸ਼ਨ ਕੈਨਾਲ ਵਿਚੋਂ ਆ ਰਿਹਾ ਹੈ, ਅਸੀਂ ਇਸ ਨੂੰ ਸਾਫ ਕਰ ਸਕਦੇ ਹਾਂ। ਜੇ ਮੈਂ ਮਿਉਂਸਿਪਲ ਕਾਰਪੋਰੇਸ਼ਨ ਵਾਲਿਆਂ ਕੋਲ ਜਾਂਦੀ ਹਾਂ ਤਾਂ ਉਹ ਕਹਿੰਦੇ ਹਨ ਕਿ ਸਾਡੇ ਕੋਲ ਮਸ਼ੀਨਾਂ ਨਹੀਂ ਹਨ, ਜਿਨ੍ਹਾਂ ਨਾਲ ਸੱਕਸ਼ਨ ਨਾਲ ਅਸੀਂ ਬਾਹਰ ਕੱਢ ਦੇਈਏ। ਮੈਨੂੰ ਸਮਝ ਨਹੀਂ ਆ ਰਿਹਾ, ਉਥੇ 40,000 ਬੰਦੇ ਰਹਿੰਦੇ ਹਨ ਅਤੇ ਉਹ ਸੀਵਰੇਜ ਸਾਰੇ ਪਾਸਿਆਂ ਤੋਂ ਬਲਾਕ ਹੋ ਗਿਆ ਹੈ। ਉਨ੍ਹਾਂ ਦੀਆਂ ਸੜਕਾਂ ਤੇ ਸੀਵਰੇਜ ਚੱਲ ਰਿਹਾ ਹੈ। ਉਸ ਦੇ ਹੱਲ ਦੇ ਲਈ ਕੋਈ ਵੀ ਮੇਰੇ ਨਾਲ ਸਾਥ ਨਹੀਂ ਦੇ ਰਿਹਾ। ਇਸ ਗੱਲ ਨੂੰ ਮੈਨੂੰ ਢਾਈ ਸਾਲ ਹੋ ਗਏ ਹਨ। ਸੋ, ਮੈਂ ਅਪੀਲ ਕਰਦੀ ਹਾਂ ਕਿ ਇਸ ਵਿੱਚ ਇੰਟਰਫੀਅਰ ਕਰਕੇ ਇਨ੍ਹਾਂ 40,000 ਬੰਦਿਆਂ ਨੂੰ ਇਸ ਤੋਂ ਜ਼ਰੂਰ ਬਚਾ ਲਵੋ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਮਾਨਯੋਗ ਸੀ.ਐਮ. ਸਾਹਿਬ ਹੈ ਨਹੀਂ ਸੀ। ਉਨ੍ਹਾਂ ਦੀ ਐਬਸੈਂਸ ਵਿੱਚ ਮਸਲਾ ਉਠਿਆ ਸੀ। ਉਸ ਦੀ ਗੰਭੀਰਤਾ ਦੇਖੋਂ, ਸਪੀਕਰ ਸਾਹਿਬ, ਤੁਸੀਂ ਸਾਨੂੰ ਬੰਦ ਕਰਵਾ ਦਿੱਤਾ, ਐਕਸਪੰਜ ਕਰਵਾ ਦਿੱਤਾ। ਸੀਵਰੇਜ ਦੇ ਮਸਲੇ ਤੇ ਗੱਲ ਹੋਈ, ਜੋਸ਼ੀ ਜੀ ਨੇ ਕਿਹਾ ਕਿ 1200 ਕਰੋੜ ਰੁਪਿਆ ਯੂ.ਪੀ.ਏ. ਦੀ ਸਰਕਾਰ ਨੇ ਸੈਂਕਸ਼ਨ ਕੀਤਾ ਸੀ। ਬਜਟ 2014-15 ਦੇ ਵਿੱਚ ਪ੍ਰੋਵਾਈਡ ਤੁਸੀਂ ਕਰ ਦਿੱਤਾ, ਦਿਖਾ ਦਿੱਤਾ। ਹੁਣ ਮੰਤਰੀ ਜੀ ਕਹਿ ਰਹੇ ਹਨ ਕਿ ਇਹ ਰਿਜੈਕਟ ਹੋ ਗਿਆ।ਇਸ ਦੀ ਰਿਜੈਕਸ਼ਨ 10 ਜੂਨ ਨੂੰ ਹੋਈ ਹੈ, ਉਸ ਤੋਂ ਬਾਅਦ ਮੇਰੇ ਕੋਲ ਸੈਂਟਰ ਸਰਕਾਰ ਦੇ ਮਨਿਸਟਰ, ਵੈਂਕਈਆ ਨਾਇਡੂ ਸਾਹਿਬ ਜੀ ਦੀਆਂ ਸਟੇਟਮੈਂਟਸ ਹਨ, ਉਨ੍ਹਾਂ ਨੇ ਕਿਹਾ ਕਿ ਅਸੀਂ ਤੁਹਾਨੂੰ ਛੇਤੀ ਪੈਸਾ ਰਿਲੀਜ਼ ਕਰਦੇ ਹਾਂ। Based on that ਡਿਪਟੀ ਸੀ.ਐਮ. ਸਾਹਿਬ ਨੇ ਐਸ਼ੋਅਰ ਕੀਤਾ ਕਿ 15 ਫਰਵਰੀ ਤੱਕ ਹੋ ਜਾਵੇਗਾ। ਫਿਰ ਇਨ੍ਹਾਂ ਨੇ ਕਿਹਾ ਕਿ ਦਸੰਬਰ, 2015 ਤੱਕ ਸੀਵਰੇਜ ਦੇ ਸਾਰੇ ਕੰਮ ਹੋ ਜਾਣਗੇ। ਹੁਣ ਇੱਕ ਮੰਤਰੀ ਪ੍ਰੈਜ਼ੈਂਟ ਗੌਰਮਿੰਟ ਵਿੱਚ ਖੜ੍ਹੀ ਹੋ ਕੇ ਗੁਹਾਰ ਮਚਾ ਰਹੀ ਹੈ, ਤੁਸੀਂ ਸਾਨੂੰ ਬੋਲਣ ਦਾ ਸਮਾਂ ਨਹੀਂ ਦਿੰਦੇ .(ਵਿਘਨ)..ਦੇਖੋਂ, ਸਪੀਕਰ ਸਾਹਿਬ, ....

**ਮਾਨਯੋਗ ਸਪੀਕਰ :** ਮੈਂ ਤਾਂ ਹਮੇਸ਼ਾ ਤੁਹਾਨੂੰ ਮੈਕਸੀਮਮ ਟਾਈਮ ਦਿੱਤਾ ਹੈ ....(ਵਿਘਨ)....

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਹੁਣ ਜ਼ੀਰੋ ਆਵਰ ਹੈ। ਮਾਨਯੋਗ ਮਨਿਸਟਰ ਸਾਹਿਬ ਖੜ੍ਹੇ ਹੋਏ ਸਨ, I didn't objection ਕਿ ਚਲੋ ਬੋਲ ਲੈਣ ਦਿਓ, ਸਪੀਕਰ ਸਾਹਿਬ, ਇਹ ਸਾਰਿਆਂ ਦਾ ਮਸਲਾ ਹੈ । ਹਮੇਸ਼ਾ ਇਲਜ਼ਾਮ ਸਾਡੇ ਤੇ ਲੱਗ ਰਿਹਾ ਹੈ ਕਿ ਕਾਂਗਰਸ ਸਰਕਾਰ, ਯੂ.ਪੀ.ਏ.,ਦੀ ਜਿਹੜੀ ਗੌਰਮਿੰਟ ਹੈ ਉਹ ਪੰਜਾਬ ਮਾਰੂ ਹੈ। ਹੁਣ ਐਨ. ਡੀ. ਏ. ਗੌਰਮਿੰਟ ਨੇ 1200 ਕਰੋੜ ਰੁਪਏ ਦਾ ਸੈਂਕਸ਼ਨਡ ਪ੍ਰਾਜੈਕਟ ਜਾਣ ਬੁਝ ਕੇ ਵਿਦਡਰਾਅ ਕੀਤਾ ਹੈ ਜਿਸ ਦੇ ਨੀਂਹ ਪੱਥਰ ਰੱਖੇ ਗਏ ਸਨ, Can we move a motion telling the Central Government to stop this. ਮੈਂ ਸਮਝਦਾ ਹਾਂ ਕਿ ਇਹ ਇਕੱਲੇ ਬਾਦਲ ਸਾਹਿਬ ਦੀ ਹੀ ਨਹੀਂ, ਐਨ. ਡੀ. ਏ. ਗੌਰਮਿੰਟ ਨੇ ਸੀ.ਐਮ. ਪੰਜਾਬ ਦੀ ਤੌਹੀਨ ਕੀਤੀ ਹੈ, ਇਨ੍ਹਾਂ ਨੂੰ ਝੂਠ ਦੱਸਦੇ ਰਹੇ ਕਿ ਅਸੀਂ ਸੈਂਕਸ਼ਨ ਕਰ ਰਹੇ ਹਾਂ, ਸੈਂਕਸ਼ਨ ਕਰ ਰਹੇ ਹਾਂ I want a motion to be moved, we

should condemn such kind of moves, Punjab cannot be ridiculed in this way. ਸਪੀਕਰ ਸਾਹਿਬ, ਜਿਹੜੇ ਮਸਲੇ ਵਾਸਤੇ ਮੈਂ ਖੜ੍ਹਾ ਹੋਇਆ ਸੀ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਸੀ. ਐਮ. ਖਾਸ ਕਰਕੇ ਡਿਪਟੀ ਸੀ. ਐਮ. ਸਾਹਿਬ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਕਿਉਂਕਿ ਇਹ ਤੁਹਾਡੇ ਹਲਕੇ ਨਾਲ ਸਬੰਧਤ ਹੈ ਪਰ ਇਹ ਸਬੰਧਤ ਤਾਂ ਸਾਰੇ ਪੰਜਾਬ ਨਾਲ ਹੀ ਹੈ। ਸਪੀਕਰ ਸਾਹਿਬ, ਰੇਤੇ ਬਜਰੀ ਦਾ ਮਸਲਾ ਹੈ, ਇਸ ਪਾਸੇ ਅਸੀਂ 2012 ਤੋਂ ਲੱਗੇ ਹਾਂ। 2012 ਵਿਚ ਜਦੋਂ ਜੋਸ਼ੀ ਜੀ ਕੋਲ ਮਹਿਕਮਾ ਸੀ, ਉਦੋਂ ਮਸਲਾ ਉਠਿਆ ਸੀ ਤੇ ਕੰਗ ਸਾਹਿਬ ਨੇ ਸਵਾਲ ਲਵਾਇਆ ਸੀ ਤੇ ਫਿਰ ਅਸੀਂ ਤੁਹਾਡੇ ਚੈਂਬਰ ਵਿਚ ਬੈਠ ਕੇ ਮੀਟਿੰਗ ਕੀਤੀ ਸੀ, Speaker Sahib, you were there, Majithia Sahib was the mediator, ਮਿੱਤਲ ਸਾਹਿਬ ਬੈਠੇ ਸਨ, ਜੋਸ਼ੀ ਸਾਹਿਬ ਬੈਠੇ ਸਨ, ਕੰਗ ਸਾਹਿਬ ਤੇ ਮੈਂ ਵੀ ਸੀ । ਇਨ੍ਹਾਂ ਨੇ ਆ ਕੇ ਹਾਊਸ ਵਿਚ ਬਿਆਨ ਦਿੱਤਾ ਸੀ ਕਿ 15 ਅਗਸਤ, 2012 ਤੱਕ it will be done on regular government basis ਜਿਹੜਾ ਰੇਤੇ ਦਾ ਉਸ ਵੇਲੇ ਰੇਟ ਸੀ। ਸਰ, ਅੱਜ 2015 ਆ ਗਿਆ ਹੈ, ਅੱਜ ਵੀ ਉਹੋ ਹੀ ਹਾਲ ਹੈ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਬਜਰੀ ਵਾਲੇ ਮਸਲੇ ਉਤੇ ਬਾਹਲਾ ਰੌਲਾ ਪਿਆ ਤਾਂ ਸੀ.ਐਮ. ਸਾਹਿਬ ਨੇ ਇਸ ਤੇ ਐਸ. ਆਈ.ਟੀ. ਬਣਾਈ ਸੀ। ਮੇਰਾ ਖਿਆਲ ਹੈ ਕਿ ਤੁਸੀਂ ਢਿੱਲੋਂ ਸਾਹਿਬ ਦੀ ਸੁਪਰਵੀਜ਼ਨ ਦੇ ਥੱਲੇ ਬਣਾਈ ਸੀ where is that report of SIT. ਅੱਜ ਤੱਕ ਉਸ ਐਸ.ਆਈ.ਟੀ. ਦੀ ਰਿਪੋਰਟ ਨਹੀਂ ਆਈ। ਅੱਜ ਇਲੀਲੀਗਲ ਮਾਈਨਿੰਗ ਪੰਜਾਬ ਵਿਚ ਚੱਲ ਰਹੀ ਹੈ, ਗੁੰਡਾ ਪਰਚੀ ਜਾਂ ਡੰਡਾ ਪਰਚੀ ਅੱਜ ਵੀ ਚੱਲ ਰਹੀ ਹੈ। Even with the connivance of the department itself. ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਕਰੈਸ਼ਰ ਜਿਹੜੇ ਲੱਗੇ ਹਨ, ਇਸ ਵਿਚ ਸਿੰਪਲ ਲਾਜਿਕ ਹੈ ਇਸ ਵਿਚ ਨਾ ਕੋਈ ਐਸ.ਆਈ.ਟੀ. ਦੀ ਲੋੜ ਹੈ। ਤੁਸੀਂ ਹਾਊਸ ਦੀ ਕਮੇਟੀ ਬਣਾ ਕੇ ਦੋ ਬੰਦਿਆਂ ਦੇ ਜਿੰਮੇ ਲਗਾ ਦਿਉ। ਕਰੱਸ਼ਰ ਦਾ ਬਿਜਲੀ ਦਾ ਬਿੱਲ ਹੈ ਕੋਈ ਆਮ ਬੰਦੇ ਦਾ ਬਿੱਲ ਥੋੜ੍ਹਾ ਹੀ ਹੈ, 50-50 ਕਰੋੜ ਉਨ੍ਹਾਂ ਦੀ ਟਰਨ ਓਵਰ ਹੈ...

**ਸਿੱਖਿਆ ਮੰਤਰੀ (ਡਾਕਟਰ ਦਲਜੀਤ ਸਿੰਘ ਚੀਮਾ):** ਸਪੀਕਰ ਸਾਹਿਬ, ਇਹ ਜ਼ੀਰੋ ਆਵਰ ਹੈ, ਇਹ ਹਰੇਕ ਗੱਲ ਦੇ ਉਤੇ ਬਹਿਸ ਕਰਨ ਲੱਗ ਜਾਂਦੇ ਹਨ । ਸਰ, ਇਨ੍ਹਾਂ ਦਾ ਪੁਆਇੰਟ ਆ ਗਿਆ ਹੈ, ਇਸ ਤੋਂ ਵੱਧ ਹੋਰ ਕੀ

[ ਸਿੱਖਿਆ ਮੰਤਰੀ ]

ਹੋ ਸਕਦਾ ਹੈ। (ਵਿਘਨ) ਜਦੋਂ ਤਾਂ ਡਿਸਕਸਨ ਹੋਣੀ ਹੁੰਦੀ ਹੈ ਤਾਂ ਉਦੋਂ ਤਾਂ ਤਿਆਰ ਹੋ ਕੇ ਨਹੀਂ ਆਉਂਦੇ ।

**Mr. Speaker :** Please, this is not discussion.

**ਸਿੱਖਿਆ ਮੰਤਰੀ :** ਸਪੀਕਰ ਸਾਹਿਬ, ਬਜਟ ਦੇ ਉਤੇ ਬਹਿਸ ਹੋਣੀ ਹੈ, ਇਨ੍ਹਾਂ ਨੂੰ ਟਾਈਮ ਮਿਲੇਗਾ ਤੇ ਜਿਹੜੀ ਇਨ੍ਹਾਂ ਨੇ ਗੱਲ ਕਰਨੀ ਹੈ ਤਾਂ ਉਹ ਬਜਟ ਦੇ ਉਤੇ ਕਹਿ ਲੈਣਗੇ । (ਵਿਘਨ) ਇਹ ਤਾਂ ਆਪਣੀ ਮਰਜ਼ੀ ਨਾਲ ਹਾਊਸ ਚਲਾਉਣਗੇ? (ਵਿਘਨ ਸ਼ੋਰ)

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਮੈਂ ਪਰੂਫ ਦੇ ਰਿਹਾ ਹਾਂ (ਵਿਘਨ) ਇਹ ਪਹਿਲਾਂ ਮਿੱਤਲ ਸਾਹਿਬ ਦੀ ਕਲਾਸ ਲਗਾ ਰਹੇ ਸੀ ਪਹਿਲਾਂ ਇਨ੍ਹਾਂ ਦੀ ਕਲਾਸ ਅਟੈਂਡ ਕਰ ਲਵੋ ।

**ਸਿੱਖਿਆ ਮੰਤਰੀ :** ਜਾਖੜ ਸਾਹਿਬ, ਤੁਸੀਂ ਬੜੇ ਸੀਨੀਅਰ ਹੋ, ਇਹ ਤਾਂ ਰੋਜ਼ ਦਾ ਹਾਊਸ ** ** ** ਹੈ, ਹੋਰ ਕੋਈ ਕੰਮ ਨਹੀਂ ਰਹਿ ਗਿਆ । (ਵਿਘਨ)

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਮੇਰਾ ਮਾਈਕ ਤਾਂ ਬੰਦ ਹੈ (ਵਿਘਨ)

**ਮਾਨਯੋਗ ਸਪੀਕਰ** : ਚੀਮਾ ਜੀ, ਤੁਸੀਂ ਬੈਠ ਜਾਉ।ਕੋਈ ਨਹੀਂ, ਤੁਸੀਂ ਬੈਠ ਜਾਉ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਡਿਪਾਰਟਮੈਂਟ ਦੀ ਪਰਚੀ ਹੈ । ਇਸ ਦੇ ਉਤੇ ਕੀਮਤ ਨਹੀਂ ਲਿਖੀ ਹੋਈ ਕਿਉਂਕਿ ਜਿਹੜੀ ਕੀਮਤ ਚਾਰਜ ਕਰਦੇ ਹਨ, ਉਹ ਲਿਖਦੇ ਨਹੀਂ ਹਨ । ਉਥੇ ਤੁਹਾਡਾ ਅਮੀਰ ਖਾਸ ਜਿਹੜਾ ਹੈ ਇਹ ਉਸ ਦੀ ਪਰਚੀ ਹੈ ਅਤੇ ਇਹ ਤੁਹਾਡੇ ਹਲਕੇ ਦਾ ਹੈ। ਉਸ ਤੋਂ ਅੱਗੇ ਦੋ ਕਿਲੋਮੀਟਰ ਜਾ ਕੇ ਪਿੰਡ ਦੁਲੋਕੇ ਵਿਖੇ ਓਵਰ ਐਕਸਪਲਾਇਟੇਸ਼ਨ ਆਫ ਮਾਈਨਜ਼ ਚਲ ਰਹੀ ਹੈ। ਮੇਰੀ ਇਕ ਹੰਬਲ ਸਬਮਿਸ਼ਨ ਹੈ ਕਿ ਐਸ.ਆਈ.ਟੀ. ਪਾਸੇ ਰੱਖ ਦਿਉ, ਬਿਜਲੀ ਦੇ ਬਿਲ ਪਾਸੇ ਰਖ ਦਿਉ, can we rent your chopper, ਤੁਸੀਂ ਜਿਹੜੀ ਤਨਖਾਹ ਵਧਾਈ ਹੈ, ਮੇਰੀ ਇਕ ਮਹੀਨੇ ਦੀ

---

**Expunged as ordered by the Chair.

ਤਨਖਾਹ ਇਸ ਖਾਤੇ ਵਿਚ, ਹੈਲੀਕਾਪਟਰ ਵਾਲੇ ਲਈ ਪਾ ਦਿਉ। ਚਾਰ ਬੰਦਿਆਂ ਨੂੰ ਇਥੋਂ ਭੇਜ ਦਿਉ, ਮਿੱਤਲ ਸਾਹਿਬ, ਕਾਲੀਆ ਸਾਹਿਬ ਨੂੰ ਭੇਜ ਦਿਉ because he was also in that meeting. ਜੋਸ਼ੀ ਸਾਹਿਬ ਨੂੰ ਤੇ ਦੋ ਸਾਡੇ ਬੰਦੇ ਭੇਜ ਦਿਉ।ਉਥੇ ਜਾ ਕੇ ਡਿਪਟੀ ਸੀ. ਐਮ. ਸਾਹਿਬ ਅੱਜ ਤੁਹਾਡੇ ਹਲਕੇ ਵਿਚ ਤੁਹਾਨੂੰ ਇਲਲੀਗਲ ਮਾਈਨਿੰਗ ਚਲਦੀ ਵਿਖਾ ਦੇਈਏ would you believe it. ਹਰੇਕ ਹਲਕੇ ਵਿਚ ਇਲਲੀਗਲ ਮਾਈਨਿੰਗ ਚਲ ਰਹੀ ਹੈ।ਲੋਕਾਂ ਨਾਲ ਸ਼ਰੇਆਮ ਠੱਗੀ ਹੋ ਰਹੀ ਹੈ। (ਆਪੋਜ਼ੀਸ਼ਨ ਪਾਰਟੀ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜਾਂ) ਸਪੀਕਰ ਸਾਹਿਬ, ਰੇਤਾ ਸੀਮਿੰਟ ਨਾਲੋਂ ਮਹਿੰਗਾ ਹੋਇਆ ਪਿਆ ਹੈ।

**ਮਾਨਯੋਗ ਸਪੀਕਰ :** ਤੁਹਾਡਾ ਪੁਆਇੰਟ ਆ ਗਿਆ ਹੈ। ਤੁਸੀਂ ਬੈਠ ਜਾਉ।

**ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) :** ਜਾਖੜ ਸਾਹਿਬ, ਪਹਿਲੀ ਗੱਲ ਜਿਹੜੀ ਤੁਸੀਂ ਐਸ.ਆਈ.ਟੀ. ਦੀ ਕੀਤੀ ਹੈ that is reporting to the High Court and they are submitting its report to the High Court. It is directly reporting to the High Court and we are not hiding anything. ਤਕਰੀਬਨ ਦੋ ਤਿੰਨ ਹਜ਼ਾਰ ਪਰਚੇ ਵੀ ਹੋ ਗਏ ਹਨ ਤੇ ਟਿੱਪਰ ਵੀ ਫੜ੍ਹੇ ਗਏ ਹਨ ਪਰ ਹੁਣ ਕਾਨੂੰਨ ਵਿਚ ਪ੍ਰਾਬਲਮ ਕੀ ਹੈ as per the Motor Vehicle Act ਆਪਾਂ ਨੂੰ ਉਨ੍ਹਾਂ ਨੂੰ ਥੋੜ੍ਹੇ ਸਮੇਂ ਬਾਅਦ ਛੱਡਣਾ ਪੈਂਦਾ ਹੈ, that is the problem. ਜਦੋਂ ਮੈਂ ਕੱਲ੍ਹ ਹਾਊਸ ਵਿਚ ਹਾਜ਼ਰ ਨਹੀਂ ਸੀ । ਮੈਨੂੰ ਕਿਸੇ ਨੇ ਇਨਫਰਮੇਸ਼ਨ ਦਿੱਤੀ ਤੇ ਜਦੋਂ ਮੈਂ ਬਠਿੰਡਾ ਵਿਖੇ ਲੈਂਡ ਕੀਤਾ ਤਾਂ ਮੈਂ ਪਹਿਲਾ ਕੰਮ ਇਹੋ ਹੀ ਕੀਤਾ, ਆਪਣੀ ਇੰਟੈਲੀਜੈਂਸ ਨੂੰ ਕਿਹਾ ਕਿ ਪਤਾ ਕਰੋ ਕਿ ਕਿਥੇ ਕਿਥੇ ਇਲਲੀਗਲ ਮਾਈਨਿੰਗ ਹੋ ਰਹੀ ਹੈ, ਮੇਰੇ ਕੋਲ ਇਨਫਰਮੇਸ਼ਨ ਆਈ ਹੈ and by today he is going to give me a report on it. I am very particular on it. ਬਾਇ ਚਾਂਸ ਜੇ ਕਿਤੇ ਸ਼ੁਰੂ ਹੋ ਜਾਂਦੀ ਹੈ we go after them, ਮੈਂ ਖਾਸ ਕਰਕੇ ਫਿਰੋਜ਼ਪੁਰ ਅਤੇ ਫਾਜ਼ਿਲਕਾ ਦੇ ਐਸ.ਐਸ.ਪੀ. ਨੂੰ ਇੰਸਟ੍ਰਕਸ਼ਨਾਂ ਦਿੱਤੀਆਂ ਹਨ। ਮੈਨੂੰ ਕੋਈ ਮਹੀਨਾ ਪਹਿਲਾਂ ਇਨਫਰਮੇਸ਼ਨ ਆਈ ਸੀ, ਮੈਂ ਫਿਰੋਜ਼ਪੁਰ ਦੇ ਐਸ.ਐਸ.ਪੀ. ਦੀ ਡਿਊਟੀ ਲਗਾਈ। ਗੁਰੂ ਹਰ ਸਹਾਏ ਹਲਕੇ ਬਾਰੇ ਕਿਸੇ ਨੇ ਮੈਨੂੰ ਇਨਫਰਮੇਸ਼ਨ ਦਿੱਤੀ ਸੀ। ਮੈਂ ਐਸ.ਐਸ.ਪੀ. ਦੀ ਡਿਊਟੀ ਲਗਾਈ ਕਿ ਜਿੱਥੇ ਬੰਦਾ ਹੈ ਉਸ ਨੂੰ ਫੜ੍ਹ

[ ਉਪ ਮੁੱਖ ਮੰਤਰੀ ]

ਕੇ ਉਸ ਤੇ ਕੇਸ ਰਜਿਸਟਰ ਕੀਤਾ ਜਾਵੇ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਰੇਤਾ-ਬਜਰੀ ਦੀ ਸਮੱਸਿਆ ਕਿਉਂ ਹੈ। ਇਹ ਸਮੱਸਿਆ ਕਾਂਗਰਸ ਨੇ ਖੜ੍ਹੀ ਕੀਤੀ ਹੈ।(ਵਿਘਨ, ਸ਼ੋਰ) ਹੁਣ ਸੁਣ ਤਾਂ ਲਓ। ਸਾਡੀਆਂ ਤਕਰੀਬਨ 300 ਮਾਈਨਜ਼ ਹਨ, ਜਿੱਥੇ ਮਾਈਨਿੰਗ ਕੀਤੀ ਜਾਂਦੀ ਸੀ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦਾ 10 ਸਾਲ ਰਾਜ ਰਿਹਾ ਹੈ, ਅਸੀਂ ਪਿਛਲੇ ਪੰਜ ਸਾਲਾਂ ਤੋਂ ਇਸ ਪਾਸੇ ਲੱਗੇ ਹਾਂ। ਮੈਨੂੰ ਐਗਜ਼ੈਕਟਲੀ ਨੰਬਰ ਤਾਂ ਪਤਾ ਨਹੀਂ ਹੈ, 30-40 ਮਾਈਨਜ਼ ਤੋਂ ਵੱਧ ਉਨ੍ਹਾਂ ਦੀ ਗਿਣਤੀ ਨਹੀਂ ਹੈ, ਜਿਨ੍ਹਾਂ ਦੀ ਗੌਰਮਿੰਟ ਆਫ਼ ਇੰਡੀਆ ਨੇ ਸੈਂਕਸ਼ਨ ਦਿੱਤੀ ਹੈ ਵਰਨਾ ਸੈਂਕਸ਼ਨ ਦਿੰਦੇ ਹੀ ਨਹੀਂ ਸਨ। ਤੁਹਾਡੀ ਇਨਵਾਇਰਨਮੈਂਟਲ ਮਨਿਸਟਰੀ ਸੀ, ਤੁਹਾਨੂੰ ਪਤਾ ਹੋਵੇਗਾ ਟੈਕਸ ਕਿੰਨਾ ਲਗਦਾ ਸੀ। Jakhar Sahib, within six months, I think we have got more than 100 mines cleared and within next one month or one and a half month, balance will be cleared. Just because the government has denied and now we have been able to get ਵਰਨਾ ਉਹ ਕਰਦੇ ਹੀ ਨਹੀਂ ਸਨ। ਅਸੀਂ ਮਗਰ ਪਏ, ਪਤਾ ਨਹੀਂ ਤੁਸੀਂ ਉਥੇ ਕਿਹਾ ਹੋਵੇਗਾ ਕਿ ਅਜਿਹਾ ਨਾ ਕਰੋ ਅਤੇ ਸਾਡੇ ਲਈ ਰੇਤੇ ਦਾ ਇਸ਼ੂ ਬਣਦਾ ਰਹੇ I do not want to say that but we have been working day and night and you will not be happy, because you will be sad, ਉਹ ਜਿਹੜੀਆਂ ਸਾਰੀਆਂ ਮਾਈਨਜ਼ ਸਨ, ਉਹ ਚੱਲ ਪਈਆਂ ਹਨ ਜਿਸ ਨਾਲ the whole problem will be solved.

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਮੈਂ ਬੜਾ ਸਪੈਸੇਫਿਕ ਪੁਆਇੰਟ ਕਹਿਣਾ ਚਾਹੁੰਦਾ ਹਾਂ....

**ਮਾਨਯੋਗ ਸਪੀਕਰ :** ਜਾਖੜ ਜੀ, ਨਹੀਂ। ਤੁਹਾਡਾ ਪੁਆਇੰਟ ਆ ਗਿਆ ਹੈ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਇਨ੍ਹਾਂ ਨੇ ਕਾਂਗਰਸ ਪਾਰਟੀ ਤੇ ਪਰਸਨਲ ਐਲੀਗੇਸ਼ਨ ਲਗਾਏ ਹਨ...**

**Mr. Speaker :** Jakhar Sahib, you are going beyond your

---

**Expunged as ordered by the Chair.

limits. No. ਜੋ ਇਨ੍ਹਾਂ ਨੇ ਕਿਹਾ ਹੈ ਉਹ ਐਕਸਪੰਜ ਕਰ ਦਿੱਤਾ ਜਾਵੇ। ਹਾਂ ਜੀ, ਕਾਲ ਅਟੈਂਨਸ਼ਨ, ਜਗਮੋਹਨ ਸਿੰਘ ਕੰਗ।

----

## CALLING ATTENTION NOTICES UNDER RULE 66

### (ਕ੍ਰਮ ਨੰ: 20)

**ਸਰਦਾਰ ਜਗਮੋਹਨ ਸਿੰਘ ਕੰਗ :** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਤਿ ਜ਼ਰੂਰੀ ਮਾਮਲੇ ਅਰਥਾਤ, ਸਿਵਲ ਹਸਪਤਾਲ, ਕੁਰਾਲੀ ਅਤੇ ਖਰੜ, ਜ਼ਿਲ੍ਹਾ ਐਸ.ਏ.ਐਸ.ਨਗਰ ਵਿੱਚ ਡਾਕਟਰਾਂ, ਮਾਹਿਰਾਂ, ਅਮਲਾ, ਦਵਾਈਆਂ ਅਤੇ ਡਾਕਟਰੀ ਸਾਜ਼ੋ-ਸਮਾਨ ਦੀ ਕਮੀ ਵੱਲ ਦਿਵਾਉਂਦਾ ਹਾਂ। ਇਹ ਹਸਪਤਾਲ ਹੁਣ ਬੰਦ ਹੋਣ ਦੀ ਹਾਲਤ ਵਿੱਚ ਹੈ। ਇਸ ਖੇਤਰ ਦੇ ਲੋਕ ਸਿਹਤ ਸੇਵਾਵਾਂ ਸਬੰਧੀ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ। ਇਸ ਮਾਮਲੇ ਤੇ ਇਸ ਖੇਤਰ ਦੇ ਲੋਕਾਂ ਵਿੱਚ ਬਹੁਤ ਬੇਚੈਨੀ ਅਤੇ ਭਾਰੀ ਰੋਸ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਤ ਮੰਤਰੀ ਜੀ ਕਿਰਪਾ ਕਰਕੇ ਸਦਨ ਵਿਚ ਬਿਆਨ ਦੇਣ ਦੀ ਖੇਚਲ ਕਰਨ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** ਸ਼੍ਰੀਮਾਨ ਜੀ, ਕੁਰਾਲੀ, ਜ਼ਿਲ੍ਹਾ ਐਸ.ਏ.ਐਸ. ਨਗਰ ਵਿਖੇ 30 ਬਿਸਤਰਿਆਂ ਵਾਲਾ ਕਮਿਊਨਿਟੀ ਹੈਲਥ ਸੈਂਟਰ ਅਤੇ ਖਰੜ ਵਿਖੇ 50 ਬਿਸਤਰਿਆਂ ਵਾਲਾ ਸਬ ਡਵੀਜ਼ਨਲ ਹਸਪਤਾਲ ਕੰਮ ਕਰ ਰਿਹਾ ਹੈ। ਜੋ ਕਿ ਕੁਰਾਲੀ, ਖਰੜ ਅਤੇ ਇਸ ਦੇ ਆਲੇ ਦੁਆਲੇ ਦੇ ਇਲਾਕੇ ਨੂੰ ਸਿਹਤ ਸਹੂਲਤਾਂ ਪ੍ਰਦਾਨ ਕਰ ਰਹੇ ਹਨ।

ਕਮਿਊਨਿਟੀ ਹੈਲਥ ਸੈਂਟਰ, ਕੁਰਾਲੀ ਅਤੇ ਸਬ ਡਵੀਜ਼ਨਲ ਹਸਪਤਾਲ, ਖਰੜ ਵਿਖੇ ਡਾਕਟਰਾਂ, ਮਾਹਿਰ ਡਾਕਟਰਾਂ ਅਤੇ ਹੋਰ ਸਟਾਫ਼ ਦੀਆਂ ਮਨਜੂਰਸ਼ੁਦਾ, ਭਰੀਆਂ ਅਤੇ ਖਾਲੀ ਅਸਾਮੀਆਂ ਦਾ ਵੇਰਵਾ ਝੰਡੀ ੳ* ਤੇ ਉਪਲਬਧ ਹੈ। ਇਨ੍ਹਾਂ ਸੰਸਥਾਵਾਂ ਵਿਖੇ ਉਪਲਬਧ ਦਵਾਈਆਂ ਅਤੇ ਮੈਡੀਕਲ ਸਾਜ਼ੋ ਸਮਾਨ ਦਾ ਵੇਰਵਾ ਝੰਡੀ ਅ* ਅਤੇ ੲ* ਤੇ ਉਪਲਬਧ ਹੈ।

ਰਾਜ ਸਰਕਾਰ ਵੱਲੋਂ ਸਿਹਤ ਵਿਭਾਗ ਵਿੱਚ ਡਾਕਟਰਾਂ ਅਤੇ ਮਾਹਿਰ ਡਾਕਟਰਾਂ ਦੀਆਂ ਖਾਲੀ ਅਸਾਮੀਆਂ ਨੂੰ ਭਰਨ ਲਈ ਪਹਿਲਾਂ ਹੀ ਕਦਮ ਚੁੱਕੇ

**Placed in the Revisor Branch.

[ ਸੰਸਦੀ ਮਾਮਲੇ ਮੰਤਰੀ ]

ਗਏ ਹਨ। ਸਾਲ 2014 ਦੌਰਾਨ 328 ਮੈਡੀਕਲ ਅਫ਼ਸਰ (ਜਨਰਲ) ਦੀ ਭਰਤੀ ਕੀਤੀ ਗਈ ਸੀ ਅਤੇ 404 ਮੈਡੀਕਲ ਅਫ਼ਸਰ (ਜਨਰਲ) ਦੀ ਹੋਰ ਭਰਤੀ ਕਰਨ ਲਈ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਵੱਲੋਂ ਪ੍ਰਕ੍ਰਿਆ ਜਾਰੀ ਹੈ, ਜੋ ਕਿ ਜਲਦੀ ਹੀ ਭਰੀਆਂ ਜਾ ਰਹੀਆਂ ਹਨ। ਮਿਤੀ 17.9.12 ਤੋਂ ਵਾਕ ਇਨ ਇੰਟਰਵਿਊ ਰਾਹੀਂ ਮਾਹਿਰ ਡਾਕਟਰਾਂ ਦੀ ਭਰਤੀ ਕੀਤੀ ਜਾ ਰਹੀ ਹੈ। ਸਾਲ 2012 ਤੋਂ 2015 ਤੱਕ ਵਾਕ ਇਨ ਇੰਟਰਵਿਊ ਰਾਹੀਂ 378 ਮਾਹਿਰ ਡਾਕਟਰਾਂ ਦੀ ਭਰਤੀ ਕੀਤੀ ਗਈ ਹੈ। ਮਾਹਿਰ ਡਾਕਟਰਾਂ ਦੀਆਂ 276 ਖਾਲੀ ਅਸਾਮੀਆਂ ਵਾਕ ਇਨ ਇੰਟਰਵਿਊ ਰਾਹੀਂ ਭਰਤੀ ਕਰਨ ਲਈ ਪ੍ਰਕ੍ਰਿਆ ਅੱਗੇ ਵੀ ਜਾਰੀ ਹੈ।

**ਸਰਦਾਰ ਜਗਮੋਹਨ ਸਿੰਘ ਕੰਗ :** ਸਪੀਕਰ ਸਾਹਿਬ, ਮੈਂ ਬੇਨਤੀ ਕਰ ਰਿਹਾ ਸੀ ਕਿ ਮੇਰੇ ਵਿਧਾਨ ਸਭਾ ਹਲਕਾ, ਖਰੜ ਵਿੱਚ ਕੁਰਾਲੀ ਅਤੇ ਖਰੜ ਹਾਈਵੇਅ ਤੇ ਦੋਵੇਂ ਸਬੰਧਤ ਹਸਪਤਾਲ ਪੈਂਦੇ ਹਨ। ਪਿਛਲੇ 15 ਦਿਨਾਂ ਤੋਂ ਉਥੇ ਕੁਰਾਲੀ ਵਿਖੇ ਧਰਨਾ ਚੱਲ ਰਿਹਾ ਹੈ । ਜਦੋਂ ਮੈਂ ਦਖ਼ਲ ਦਿੱਤਾ ਅਤੇ ਮੈਂ, ਪ੍ਰਮੁੱਖ ਸਕੱਤਰ, ਹੈਲਥ ਵਿਭਾਗ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਇਸ ਬਾਬਤ ਥੋੜ੍ਹੀ-ਬਹੁਤ ਕਾਰਵਾਈ ਕੀਤੀ। ਅੱਜ ਵੀ ਉਥੇ ਧਰਨਾ ਚੱਲ ਰਿਹਾ ਹੈ। ਉਥੇ ਇਨ੍ਹਾਂ ਨੇ ਜਿਹੜੀ ਡਾ. ਲਵਲੀਨ ਲਗਾਈ ਸੀ ਉਹ ਮੈਟਰਨਿਟੀ ਛੁੱਟੀ ਲੈ ਕੇ ਚਲੀ ਗਈ।ਫਿਰ ਬਨੂੜ ਤੋਂ ਡਾਕਟਰ ਰੁਚੀ ਬਾਂਸਲ ਦੀ ਡਿਊਟੀ ਲਗਾਈ ਗਈ, ਉਹ ਵੀ ਲੌਂਗ ਲੀਵ ਪ੍ਰੋਸੀਡ ਕਰ ਗਈ ਹੈ। ਮੇਰੇ ਕਹਿਣ ਦਾ ਭਾਵ ਹੈ ਕਿ ਟੈਂਪਰੇਰੀ ਅਰੇਂਜਮੈਂਟ ਹੀ ਵਾਰ ਵਾਰ ਕੀਤੇ ਜਾ ਰਹੇ ਹਨ। ਜਿਹੜਾ ਟੈਕਨੀਸ਼ੀਅਨ ਰੇਡੀਓਲੋਜਿਸਟ ਹੈ, ਉਹ ਸਾਰੇ ਜ਼ਿਲ੍ਹੇ ਵਿੱਚ ਇਕ ਹੈ। ਉਹ ਕਦੇ ਇਧਰ ਭੱਜਦਾ ਹੈ, ਕਦੇ ਉਧਰ ਭੱਜਦਾ ਹੈ। ਸਿਵਲ ਹਸਪਤਾਲ, ਖਰੜ ਵਿੱਚ ਐਮਰਜੰਸੀ ਚਲਾਉਣ ਵਾਸਤੇ ਪੰਜ ਡਾਕਟਰਾਂ ਦੀ ਘਾਟ ਹੈ। ਲੋਕਾਂ ਨੂੰ ਮੁਸ਼ਕਿਲ ਆਉਂਦੀ ਹੈ। ਮੈਂ ਕਈ ਵਾਰ ਲਿਖ ਕੇ ਭੇਜ ਚੁੱਕਿਆ ਹਾਂ। ਬਹੁਤ ਕੁਝ ਕਰ ਚੁੱਕਿਆ ਹਾਂ। ਮੇਰੀ ਬੇਨਤੀ ਹੈ ਕਿ ਮੰਤਰੀ ਜੀ ਤੇ ਸਰਕਾਰ ਆਸ਼ਵਾਸ਼ਨ ਦੇਣ ਕਿ ਜਿਹੜਾ ਕੁਰਾਲੀ ਵਿਖੇ ਕਮਿਊਨਟੀ ਹੈਲਥ ਸੈਂਟਰ ਹੈ, ਉਸ ਨੂੰ ਅੱਪਗ੍ਰੇਡ ਕਰਕੇ ਸਿਵਲ ਹਸਪਤਾਲ ਬਣਾ ਦੇਣਗੇ ਅਤੇ ਕੀ ਜਿਹੜੀਆਂ ਅਸਾਮੀਆਂ ਦੀ ਘਾਟ ਹੈ ਇਸ ਨੂੰ ਮਿਤੀ-ਬੱਧ ਤਰੀਕੇ ਨਾਲ ਉਸ ਘਾਟ ਨੂੰ ਪੂਰੀ ਕਰਨ ਦੀ ਖੇਚਲ ਕਰਨਗੇ?

**ਮੰਤਰੀ :** ਸਪੀਕਰ ਸਾਹਿਬ, ਜੋ ਕਮਿਊਨਿਟੀ ਹੈਲਥ ਸੈਂਟਰ ਕੁਰਾਲੀ ਦੀ

ਪੁਜ਼ੀਸ਼ਨ ਹੈ, ਉਥੇ ਐਕਸਰੇ ਮਸ਼ੀਨ ਦੀ ਕੰਡੀਸ਼ਨ ਤੇ ਡਾਕਟਰ ਦੀ ਗਿਣਤੀ ਪੂਰੀ ਹੈ, ਜੇ ਕਿਤੇ ਕਮੀ ਸੀ ਤਾਂ ਉਹ ਐਨ.ਆਰ.ਐਚ.ਐਮ.ਮਿਸ਼ਨ ਦੇ ਜ਼ਰੀਏ ਉਥੇ ਪੂਰੀ ਕੀਤੀ ਗਈ ਹੈ। ਮੈਨੂੰ ਸਮਝ ਨਹੀਂ ਆਇਆ ਕਿਉਂਕਿ ਕੁਰਾਲੀ ਵਿੱਚ ਸੀਨੀਅਰ ਮੈਡੀਕਲ ਅਫ਼ਸਰ ਦੀ ਇਕ ਪੋਸਟ ਹੈ, ਉਹ ਭਰੀ ਗਈ ਹੈ। ਸਪੈਸ਼ੇਲਿਸਟ ਮੈਡੀਕਲ ਅਫਸਰਾਂ ਦੀਆਂ ਚਾਰ ਪੋਸਟਾਂ ਹਨ, ਤਿੰਨ ਭਰੀਆਂ ਗਈਆਂ ਹਨ। ਮੈਡੀਕਲ ਅਫਸਰ ਜਨਰਲ ਦੀ ਇਕ ਪੋਸਟ ਹੈ, ਉਹ ਭਰੀ ਹੋਈ ਹੈ। ਡੈਂਟਲ ਦੀ ਇਕੋ ਹੀ ਪੋਸਟ ਹੈ ਜੋ ਕਿ ਭਰੀ ਹੋਈ ਹੈ। ਨਰਸਿੰਗ ਸਿਸਟਰ ਦੀ ਇਕੋ ਹੀ ਪੋਸਟ ਹੈ ਉਹ ਵੀ ਭਰੀ ਗਈ ਹੈ। ਸਟਾਫ ਨਰਸਾਂ ਦੀਆਂ 6 ਪੋਸਟਾਂ ਹਨ ਜੋ ਕਿ ਭਰੀਆਂ ਹੋਈਆਂ ਹਨ। ਚੀਫ ਫਾਰਮਾਸਿਸਟ ਗ੍ਰੇਡ-2 ਦੀ ਕੋਈ ਪੋਸਟ ਸੈਂਕਸ਼ਨਡ ਨਹੀਂ ਹੈ। ਫਾਰਮਾਸਿਸਟ ਦੀਆਂ ਦੋ ਪੋਸਟਾਂ ਹਨ, ਜੋ ਕਿ ਭਰੀਆਂ ਹੋਈਆਂ ਹਨ। ਅਪਥਾਲਮਿਕ ਅਫਸਰ ਦੀ ਪੋਸਟ ਸੈਂਕਸ਼ਨਡ ਨਹੀਂ ਹੈ। ਐਮ.ਐਲ.ਟੀ. ਗ੍ਰੇਡ-1 ਦੀ ਕੋਈ ਪੋਸਟ ਨਹੀਂ ਹੈ। ਐਮ.ਐਲ.ਟੀ. ਗ੍ਰੇਡ -2 ਦੀਆਂ ਪੋਸਟਾਂ ਹਨ ਜੋ ਕਿ ਭਰੀਆਂ ਹੋਈਆਂ ਹਨ। ਰੇਡੀਓਗਰਾਫਰ ਦੀਆਂ ਦੋ ਪੋਸਟਾਂ ਹਨ, ਇਹ ਵੀ ਭਰੀਆਂ ਹੋਈਆਂ ਹਨ। ਟ੍ਰੇਂਡ ਦਾਈ ਦੀ ਕੋਈ ਪੋਸਟ ਨਹੀਂ ਹੈ। ਮਲਟੀਪਰਪਜ਼ ਹੈਲਥ ਵਰਕਰ (ਮੇਲ) ਅਤੇ ਡਰਾਈਵਰ ਦੀ ਕੋਈ ਪੋਸਟ ਨਹੀਂ ਹੈ। ਇਥੇ ਕੁੱਲ 20 ਸੈਂਕਸ਼ਨਡ ਪੋਸਟਾਂ ਹਨ ਜਿਨ੍ਹਾਂ ਵਿਚੋਂ 19 ਭਰੀਆਂ ਹੋਈਆਂ ਹਨ। ਇਸ ਤੋਂ ਇਲਾਵਾ ਕੁਰਾਲੀ ਵਿਖੇ ਐਨ.ਆਰ.ਐਚ.ਐਮ. ਵੱਲੋਂ ਵੀ ਸਟਾਫ ਉਥੇ ਲਗਾਇਆ ਗਿਆ ਹੈ।

ਸਬ-ਡਵੀਜ਼ਨਲ ਹਸਪਤਾਲ, ਖਰੜ ਵਿੱਚ ਸੀਨੀਅਰ ਮੈਡੀਕਲ ਅਫਸਰ ਦੀ ਇਕ ਪੋਸਟ ਹੈ ਜੋ ਕਿ ਭਰੀ ਹੋਈ ਹੈ। ਮੈਡੀਕਲ ਅਫਸਰ (ਸਪੈਸ਼ੇਲਿਸਟ) ਦੀਆਂ 9 ਪੋਸਟਾਂ ਹਨ, ਜੋ ਕਿ ਭਰੀਆਂ ਹੋਈਆਂ ਹਨ। ਮੈਡੀਕਲ ਅਫਸਰ (ਜਨਰਲ) ਦੀਆਂ 6 ਪੋਸਟਾਂ ਹਨ ਜੋ ਕਿ ਭਰੀਆਂ ਹੋਈਆਂ ਹਨ। ਮੈਡੀਕਲ ਅਫਸਰ (ਡੈਂਟਲ) ਦੀ ਇਕ ਪੋਸਟ ਹੈ ਜੋ ਕਿ ਭਰੀ ਹੋਈ ਹੈ। ਨਰਸਿੰਗ ਸਿਸਟਰ ਦੀ ਇਕ ਪੋਸਟ ਹੈ, ਉਹ ਵੀ ਭਰੀ ਹੋਈ ਹੈ। ਸਟਾਫ ਨਰਸ ਦੀਆਂ 10 ਪੋਸਟਾਂ ਹਨ ਜੋ ਕਿ ਭਰੀਆਂ ਹੋਈਆਂ ਹਨ। ਚੀਫ ਫਾਰਮਾਸਿਸਟ ਗ੍ਰੇਡ -2 ਦੀ ਇਕ ਪੋਸਟ ਹੈ ਉਹ ਭਰੀ ਹੋਈ ਹੈ। ਫਾਰਮਾਸਿਸਟ ਦੀਆਂ ਦੋ ਪੋਸਟਾਂ ਹਨ, ਦੋਵੇਂ ਭਰੀਆਂ ਹੋਈਆਂ ਹਨ। ਅਪਥਾਲਮਿਕ ਅਫਸਰ ਦੀ ਇਕ ਪੋਸਟ ਹੈ, ਉਹ ਭਰੀ ਹੋਈ ਹੈ। ਐਮ.ਐਲ.ਟੀ. ਗ੍ਰੇਡ-1 ਦੀ ਇਕ ਪੋਸਟ ਹੈ ਜੋ ਕਿ ਭਰੀ ਹੋਈ ਹੈ। ਐਮ.ਐਲ.ਟੀ. ਗ੍ਰੇਡ-2 ਦੀਆਂ ਤਿੰਨ ਪੋਸਟਾਂ ਹਨ ਜੋ ਕਿ ਭਰੀਆਂ

[ ਸੰਸਦੀ ਮਾਮਲੇ ਮੰਤਰੀ ]

ਹੋਈਆਂ ਹਨ। ਰੇਡੀਓਗ੍ਰਾਫਰ ਦੀਆਂ ਤਿੰਨ ਵਿਚੋਂ ਦੋ ਪੋਸਟਾਂ ਭਰੀਆਂ ਹੋਈਆਂ ਹਨ। ਟ੍ਰੇਂਡ ਦਾਈ ਦੀਆਂ ਦੋ ਪੋਸਟਾਂ ਹਨ ਜੋ ਕਿ ਭਰੀਆਂ ਹੋਈਆਂ ਹਨ। ਮ:ਪ:ਵ: (ਮੇਲ) ਦੀ ਇਕ ਪੋਸਟ ਹੈ ਜੋ ਕਿ ਖਾਲੀ ਹੈ। ਡਰਾਈਵਰ ਦੀਆਂ ਦੋ ਪੋਸਟਾਂ ਹਨ, ਦੋਵੇਂ ਹੀ ਭਰੀਆਂ ਹੋਈਆਂ ਹਨ। ਸਿਰਫ ਰੇਡੀਓਗ੍ਰਾਫਰ ਦੀਆਂ ਹੀ ਤਿੰਨ ਪੋਸਟਾਂ ਦੀ ਬਜਾਏ ਦੋ ਭਰੀਆਂ ਹੋਈਆਂ ਹਨ। ਇਸ ਤੋਂ ਇਲਾਵਾ ਚਾਈਲਡ ਸਪੈਸ਼ਲਿਸਟ ਦੀ ਇਕ ਦੀ ਪੋਸਟ ਭਰੀ ਹੋਈ ਹੈ, ਤਿੰਨ ਸਟਾਫ ਨਰਸਾਂ ਤੇ ਦੋ ਮਲਟੀਪਰਪਜ਼ ਹੈਲਥ ਵਰਕਰ (ਮੇਲ) are working under NRHM at Community Centre Kurali and ਇਕ ਗਾਇਨੀ ਦੀ ਡਾਕਟਰ ਤੇ 6 ਮਲਟੀ ਪਰਪਜ਼ ਹੈਲਥ ਵਰਕਰ (ਫੀਮੇਲ) ਐਨ.ਆਰ.ਐਚ.ਐਮ. ਅਧੀਨ ਕੰਮ ਕਰ ਰਹੀਆਂ ਹਨ। ਜੇ ਫਿਰ ਵੀ ਕੋਈ ਕਮੀ ਸਬੰਧੀ ਸ਼ਿਕਾਇਤ ਹੈ ਤਾਂ ਆਨਰੇਬਲ ਮੈਂਬਰ ਸਾਹਿਬ ਦੱਸ ਦੇਣ ਤਾਂ ਅਸੀਂ ਪੂਰਾ ਕਰ ਦੇਵਾਂਗੇ।

**ਸਰਦਾਰ ਜਗਮੋਹਨ ਸਿੰਘ ਕੰਗ :** ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਦੋਂ ਮੇਰਾ ਧਿਆਨ ਦਿਵਾਊ ਮਤਾ ਲਗਿਆ, ਸਰਕਾਰ ਨੂੰ ਨੱਠ-ਭੱਜ ਪੈ ਗਈ ਅਤੇ ਡਾਕਟਰਾਂ ਆਦਿ ਦੇ ਟੈਂਪਰੇਰੀ ਅਰੇਂਜਮੈਂਟ ਕਰ ਦਿੱਤੇ ਗਏ ਹਨ।

**ਮਾਨਯੋਗ ਸਪੀਕਰ :** ਤੁਹਾਨੂੰ ਇਨ੍ਹਾਂ ਦਾ ਧੰਨਵਾਦ ਕਰਨਾ ਚਾਹੀਦਾ ਹੈ।

**ਸਰਦਾਰ ਜਗਮੋਹਨ ਸਿੰਘ ਕੰਗ :** ਸਪੀਕਰ ਸਾਹਿਬ, ਸ਼ੰਕਾ ਇਹ ਹੈ ਕਿ ਸਰਕਾਰ ਨੇ ਬਾਅਦ ਵਿਚ ਇਹ ਫਿਰ ਹਟਾ ਦੇਣੇ ਹਨ।

**ਮਾਨਯੋਗ ਸਪੀਕਰ :** ਤੁਸੀਂ ਸ਼ੱਕ ਨਾ ਕਰੋ।

**ਸਰਦਾਰ ਜਗਮੋਹਨ ਸਿੰਘ ਕੰਗ :** ਮੈਂ ਕਹਿਣਾ ਚਾਹੁੰਦਾ ਹਾਂ ਕਿ please mind it, ਡਾਕਟਰ ਰੁਚੀ ਬਾਂਸਲ ਅਤੇ ਡਾਕਟਰ ਲਵਲੀਨ ਤਾਂ ਛੁੱਟੀ ਤੇ ਜਾ ਚੁੱਕੀਆਂ ਹਨ, ਫਿਰ ਦੁਬਾਰਾ ਪੋਸਟਾਂ ਖਾਲੀ ਹੋ ਗਈਆਂ।

**ਮਾਨਯੋਗ ਸਪੀਕਰ :** ਨਹੀਂ ਜੀ, ਇਹ ਖਾਲੀ ਨਹੀਂ ਹੁੰਦੀਆਂ। ਹਾਂ ਜੀ, ਸ਼੍ਰੀਮਤੀ ਅਰੁਨਾ ਚੌਧਰੀ ਜੀ।

**ਸਰਦਾਰ ਜਗਮੋਹਨ ਸਿੰਘ ਕੰਗ :** ਕੀ ਇਸ ਕਮਿਊਨਿਟੀ ਹੈਲਥ ਸੈਂਟਰ, ਕੁਰਾਲੀ ਨੂੰ ਅੱਪਗ੍ਰੇਡ ਕੀਤਾ ਜਾਵੇਗਾ? ਕੀ ਇਸ ਨੂੰ ਅੱਪਗ੍ਰੇਡ ਕਰਨਗੇ? ਕੀ ਮੰਤਰੀ ਜੀ ਅੱਪਗ੍ਰੇਡ ਕਰਨ ਦਾ ਆਸ਼ਵਾਸਨ ਦੇਣਗੇ?

**Mr. Speakar :** At present ਤਾਂ ਪੋਸਟਾਂ ਭਰੀਆਂ ਹੋਈਆਂ ਹਨ। (ਵਿਘਨ)(ਸ਼ੋਰ) ਕੰਗ ਸਾਹਿਬ ਹੁਣ ਬੈਠ ਜਾਉ। ਸ਼੍ਰੀਮਤੀ ਅਰੁਨਾ ਚੌਧਰੀ ਜੀ।

---

**(ਕ੍ਰਮ ਨੰ: 24)**

**ਸ਼੍ਰੀਮਤੀ ਅਰੁਨਾ ਚੌਧਰੀ :** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਤਿ ਜ਼ਰੂਰੀ ਮਾਮਲੇ ਅਰਥਾਤ, ਰਾਵੀ ਦਰਿਆ ਤੇ ਉਸਾਰੇ ਗਏ ਪਨਟੂਨ ਪੁਲ ਦੇ ਵਹਿ ਜਾਣ ਵੱਲ ਦਿਵਾਉਂਦੀ ਹਾਂ। ਸਾਲ 2006-07 ਦੌਰਾਨ ਬਣਾਇਆ ਗਿਆ ਇਹ ਪੁਲ ਦਰਿਆ ਵਿਚ ਹੜ੍ਹ ਆਉਣ ਕਾਰਨ ਮਿਤੀ 16.3.2015 ਨੂੰ ਵਹਿ ਗਿਆ ਸੀ ।ਇੰਡੋ-ਪਾਕਿ ਸਰਹੱਦ ਦੇ ਨਾਲ ਲਗਦੇ ਰਾਵੀ ਦਰਿਆ ਦੇ ਦੂਜੇ ਪਾਸੇ 12 ਪਿੰਡ ਹਨ, ਜਿਨ੍ਹਾਂ ਦਾ ਇਸ ਪੁਲ ਨੂੰ ਛੱਡ ਕੇ ਕਿਸੇ ਅਪਾਤਕਾਲੀਨ ਸਥਿਤੀ ਦਾ ਸਾਹਮਣਾ ਕਰਨ ਲਈ ਬਾਕੀ ਦੇ ਖੇਤਰ ਨਾਲ ਹੋਰ ਲਿੰਕ ਨਹੀਂ ਰਹਿ ਗਿਆ ਹੈ। ਇਸ ਮਾਮਲੇ ਉਤੇ ਖੇਤਰ ਦੇ ਲੋਕਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਜੀ ਕਿਰਪਾ ਕਰਕੇ ਸਦਨ ਵਿਚ ਬਿਆਨ ਦੇਣ ਦੀ ਖੇਚਲ ਕਰਨ।

**ਲੋਕ ਨਿਰਮਾਣ (ਭ ਤੇ ਮ) ਮੰਤਰੀ (ਸਰਦਾਰ ਜਨਮੇਜਾ ਸਿੰਘ ਸੇਖੋਂ) :** ਸਪੀਕਰ ਸਾਹਿਬ, ਇਹ ਪਨਟੂਨ ਬੇੜੀ ਪੁਲ ਰਾਵੀ ਦਰਿਆ ਉਪਰ ਲਿੰਕ ਸੜਕ ਚੱਕ ਰਾਮ ਸਹਾਇ ਪਿੰਡ ਲਸਿਆਣ ਵਾਇਆ ਮਕੌੜ ਪੱਤਣ ਕੋਡ ਨੰ: 04267 ਦੀ ਆਰ.ਡੀ. 0.6 ਕਿਲੋਮੀਟਰ ਤੇ ਲੱਗਿਆ ਹੋਇਆ ਹੈ। ਇਸ ਸੜਕ ਦੀ ਕੁੱਲ ਲੰਬਾਈ 8.43 ਕਿਲੋਮੀਟਰ ਹੈ ਅਤੇ ਇਹ ਸੜਕ ਮਾਰਕੀਟ ਕਮੇਟੀ ਦੀਨਾ ਨਗਰ ਵਿੱਚ ਪੈਂਦੀ ਹੈ। ਇਹ ਇਕ ਆਰਜ਼ੀ ਪੁਲ ਹੈ, ਇਸ ਪੁਲ ਦੀ ਲੰਬਾਈ 540 ਫੁੱਟ ਹੈ। ਮਾਰਚ, 2015 ਦੌਰਾਨ ਮਿਤੀ 14,15 ਅਤੇ 16 ਮਾਰਚ ਨੂੰ ਲਗਾਤਾਰ ਬਾਰਸ਼ ਹੋਣ ਕਾਰਨ ਅਤੇ ਅਚਾਨਕ ਹੜ੍ਹ ਆਉਣ ਕਾਰਨ ਇਹ ਪੁਲ ਆਂਸ਼ਿਕ ਤੌਰ ਤੇ ਟੁੱਟ ਗਿਆ ਹੈ।ਇਸ ਪੁਲ ਨੂੰ ਚਾਲੂ ਕਰਨ ਲਈ ਕੰਮ ਪ੍ਰਗਤੀ ਅਧੀਨ ਹੈ। ਇਸ ਤੇ ਲਗਭਗ 4.5 ਲੱਖ ਰੁਪਏ ਦਾ ਖਰਚਾ ਆਵੇਗਾ। ਇਸ ਪੁਲ ਨੂੰ ਮਿਤੀ 31.03.2015 ਤੱਕ ਮੁਰੰਮਤ ਕਰਕੇ ਟਰੈਫਿਕ ਦੀ ਆਵਾਜਾਈ ਲਈ ਖੋਲ੍ਹ ਦਿੱਤਾ ਜਾਵੇਗਾ।

**ਸ਼੍ਰੀਮਤੀ ਅਰੁਨਾ ਚੌਧਰੀ :** ਸਪੀਕਰ ਸਾਹਿਬ, ਪਹਿਲਾਂ ਤਾਂ ਮੈਂ ਮੰਤਰੀ ਜੀ ਦਾ ਧੰਨਵਾਦ ਕਰਦੀ ਹਾਂ ਕਿ ਇਸ ਪੁਲ ਦੀ ਮੁਰੰਮਤ ਕਰਨ ਦਾ ਕੰਮ ਸ਼ੁਰੂ ਕਰਵਾ ਦਿੱਤਾ ਗਿਆ ਹੈ। ਪਰ, ਸਪੀਕਰ ਸਾਹਿਬ, ਅੱਜ ਦੇਸ਼ ਨੂੰ ਅਜ਼ਾਦ ਹੋਇਆਂ ਨੂੰ 68 ਸਾਲ ਹੋ ਗਏ ਹਨ ਪਰ ਇਨ੍ਹਾਂ 12 ਪਿੰਡਾਂ ਵਿਚ ਅੱਜ ਤੱਕ ਕੋਈ ਵੀ ਰਸਤਾ ਨਹੀਂ ਹੈ। ਜੇਕਰ ਕੋਈ ਰਾਤ ਨੂੰ ਬਿਮਾਰ ਹੋ ਜਾਵੇ ਤਾਂ ਸਿੱਧੇ ਬਾਹਰ ਜਾਣ ਦਾ ਕੋਈ ਰਸਤਾ ਨਹੀਂ ਹੈ। ਇਕ ਪਾਸੇ ਤਾਂ ਕੰਡਿਆਲੀ ਤਾਰ ਹੈ ਅਤੇ ਦੂਜੇ ਪਾਸੇ ਰਾਵੀ ਦਰਿਆ ਹੈ। ਸੋ, ਬਰਸਾਤਾਂ ਵਿਚ ਜਦੋਂ ਦਰਿਆ ਮਾਰ ਕਰਦਾ ਹੈ ਤਾਂ ਸਾਰੀਆਂ ਫਸਲਾਂ ਤਬਾਹ ਹੋ ਜਾਂਦੀਆਂ ਹਨ। ਜੇਕਰ ਇਸ ਇਲਾਕੇ ਵਿਚ ਰਾਤ ਨੂੰ ਕੋਈ ਐਮਰਜੈਂਸੀ ਹੋ ਜਾਵੇ ਤਾਂ ਬਾਹਰ ਜਾਣ ਦਾ ਸਿੱਧਾ ਕੋਈ ਰਸਤਾ ਨਹੀਂ ਹੈ।

**ਮਾਨਯੋਗ ਸਪੀਕਰ :** ਧੰਨਵਾਦ ਜੀ।

**ਸ਼੍ਰੀਮਤੀ ਅਰੁਨਾ ਚੌਧਰੀ :** ਸਪੀਕਰ ਸਾਹਿਬ, ਮੇਰਾ ਇਕ ਸਵਾਲ ਹੈ ਕਿ ਇਸ ਤੇ ਕੋਈ ਪੱਕਾ ਪੁਲ ਬਣਾਉਣ ਦਾ ਕੋਈ ਵਿਚਾਰ ਹੈ?

**ਮਾਨਯੋਗ ਸਪੀਕਰ :** ਨਹੀਂ, ਬੀਬੀ ਜੀ, ਇਹ ਕੋਈ ਲੈਕਚਰ ਕਰਨ ਦਾ ਸਮਾਂ ਨਹੀਂ ਹੈ।ਹਾਂ ਜੀ, ਅਗਲੀ ਕਾਲ ਅਟੈਨਸ਼ਨ।

----

**(ਕ੍ਰਮ ਨੰ: 25)**

(ਸਬੰਧਿਤ ਮਾਨਯੋਗ ਮੈਂਬਰ ਦੇ ਹਾਜ਼ਰ ਨਾ ਹੋਣ ਕਾਰਨ ਇਹ ਧਿਆਨ ਦਿਵਾਊ ਮਤਾ ਪੇਸ਼ ਨਹੀਂ ਹੋਇਆ।)

----

## PAPERS TO BE LAID ON THE TABLE OF THE HOUSE

**ਮਾਨਯੋਗ ਸਪੀਕਰ :** ਸ੍ਰੀ ਮਦਨ ਮੋਹਨ ਮਿੱਤਲ, ਸੰਸਦੀ ਮਾਮਲਿਆਂ ਬਾਰੇ ਮੰਤਰੀ ਮੇਜ਼ ਤੇ ਰੱਖਣ ਵਾਲੇ ਕਾਗਜ਼ ਪੇਸ਼ ਕਰਨ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** ਸ਼੍ਰੀਮਾਨ ਜੀ, ਮੈਂ ਅੱਜ ਦੀ ਕਾਰਜ ਸੂਚੀ ਵਿੱਚ ਲੜੀ ਨੰ: III ਅਧੀਨ ਹੇਠ ਦਰਸਾਏ ਗਏ ਲੜੀ

ਨੰਬਰ (i) ਤੋਂ (vii) ਤੱਕ ਦੇ ਕਾਗਜ਼ ਸਦਨ ਦੀ ਮੇਜ਼ ਤੇ ਰੱਖਦਾ ਹਾਂ:-

(i) ਸਾਲ 2013-2014 ਲਈ ਰਾਜ ਦੀ ਵਿੱਤੀ ਵਿਵਸਥਾ ਤੇ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ;

(ii) ਸਾਲ 2013-2014 ਲਈ ਸਰਕਾਰੀ ਖੇਤਰ ਦੇ ਅਦਾਰਿਆਂ (ਸਮਾਜਿਕ, ਆਮ ਅਤੇ ਆਰਥਿਕ ਖੇਤਰਾਂ) ਤੇ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ;

(iii) ਸਾਲ 2013-2014 ਲਈ ਗੈਰ ਸਰਕਾਰੀ ਖੇਤਰ ਦੇ ਅਦਾਰਿਆਂ (ਸਮਾਜਿਕ, ਆਮ ਅਤੇ ਆਰਥਿਕ ਖੇਤਰਾਂ) ਤੇ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ;

(iv) ਸਾਲ 2013-2014 ਲਈ ਮਾਲੀਆ ਖੇਤਰ ਤੇ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ;

(v) ਸਾਲ 2013-2014 ਲਈ ਪੰਜਾਬ ਸਰਕਾਰ ਦੇ ਵਿੱਤੀ ਲੇਖੇ (ਭਾਗ I ਅਤੇ II);

(vi) ਸਾਲ 2013-2014 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖੇ ; ਅਤੇ

(vii) 31 ਮਾਰਚ, 2013 ਨੂੰ ਖਤਮ ਹੋਏ ਸਾਲ ਲਈ ਪੰਚਾਇਤੀ ਰਾਜ ਇਕਾਈਆਂ ਅਤੇ ਸ਼ਹਿਰੀ ਸਥਾਨਕ ਇਕਾਈਆਂ ਤੇ ਸਾਲਾਨਾ ਤਕਨੀਕੀ ਜਾਂਚ ਰਿਪੋਰਟ;

ਜਿਵੇਂ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 151(2) ਅਧੀਨ ਲੋੜੀਂਦਾ ਹੈ।

----

## PRESENTATION OF REPORTS OF THE COMMITTEES

**ਮਾਨਯੋਗ ਸਪੀਕਰ:** ਸਰਦਾਰ ਜਗਮੋਹਨ ਸਿੰਘ ਕੰਗ, ਚੇਅਰਮੈਨ, ਲੋਕ ਲੇਖਾ ਕਮੇਟੀ ਰਿਪੋਰਟ ਪੇਸ਼ ਕਰਨ।

**ਸਭਾਪਤੀ, ਲੋਕ ਲੇਖਾ ਕਮੇਟੀ (ਸਰਦਾਰ ਜਗਮੋਹਨ ਸਿੰਘ ਕੰਗ):** ਮਾਨਯੋਗ ਸਪੀਕਰ ਸਾਹਿਬ, ਮੈਂ:-

(i) ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਨਾਲ ਸਬੰਧਿਤ ਸਾਲਾਂ 2009-10 ਅਤੇ 2010-11 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆਂ ਅਤੇ ਸਾਲਾਂ 2009-10 ਅਤੇ 2010-11 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਸਿਵਲ) ਤੇ ਲੋਕ ਲੇਖਾ ਕਮੇਟੀ ਦੀ 190ਵੀਂ ਰਿਪੋਰਟ;

(ii) ਵਿੱਤ ਵਿਭਾਗ ਨਾਲ ਸਬੰਧਤ ਸਾਲ 2011-12 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆਂ ਅਤੇ ਸਾਲ 2011-12 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਸਿਵਲ) ਤੇ ਲੋਕ ਲੇਖਾ ਕਮੇਟੀ ਦੀ 191ਵੀਂ ਰਿਪੋਰਟ;

(iii) ਡਾਕਟਰੀ ਸਿੱਖਿਆ ਅਤੇ ਖੋਜ ਵਿਭਾਗ ਨਾਲ ਸਬੰਧਿਤ ਸਾਲ 2010-11 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆਂ ਅਤੇ ਸਾਲ 2010-11 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਸਿਵਲ) ਤੇ ਲੋਕ ਲੇਖਾ ਕਮੇਟੀ ਦੀ 192ਵੀਂ ਰਿਪੋਰਟ;

(iv) ਟ੍ਰਾਂਸਪੋਰਟ ਵਿਭਾਗ ਨਾਲ ਸਬੰਧਿਤ ਸਾਲ 2010-11 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆਂ ਅਤੇ ਸਾਲ 2010-11 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਮਾਲੀਆ ਪ੍ਰਾਪਤੀਆਂ) ਤੇ ਲੋਕ ਲੇਖਾ ਕਮੇਟੀ ਦੀ 193ਵੀਂ ਰਿਪੋਰਟ ; ਅਤੇ

(v) ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀਆਂ ਰਿਪੋਰਟਾਂ (ਸਿਵਲ ਅਤੇ ਮਾਲੀਆਂ ਪ੍ਰਾਪਤੀਆਂ) ਵਿਚ ਵੱਖ-ਵੱਖ ਪੈਰ੍ਹਿਆਂ ਦੇ ਸਬੰਧ ਵਿਚ ਵੱਖ-ਵੱਖ ਵਿਭਾਗਾਂ ਤੋਂ ਪ੍ਰਾਪਤ ਉੱਤਰਾਂ ਦੀ ਛਾਣ-ਬੀਣ ਕਰਨ ਦੇ ਸਬੰਧ ਵਿਚ ਲੋਕ ਲੇਖਾ ਕਮੇਟੀ ਦੀ 194ਵੀਂ ਰਿਪੋਰਟ ਪੇਸ਼ ਕਰਦਾ ਹਾਂ।

**ਮਾਨਯੋਗ ਸਪੀਕਰ :** ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ, ਚੇਅਰਮੈਨ, ਅਨੁਮਾਨ ਕਮੇਟੀ ਰਿਪੋਰਟ ਪੇਸ਼ ਕਰਨ।

**ਸਭਾਪਤੀ, ਅਨੁਮਾਨ ਕਮੇਟੀ (ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ):** ਮਾਨਯੋਗ ਸਪੀਕਰ ਸਾਹਿਬ, ਮੈਂ ਸਹਿਕਾਰਤਾ ਵਿਭਾਗ ਪੰਜਾਬ ਦੇ ਸਬੰਧ ਵਿਚ ਸਾਲ 2013-2014 ਲਈ ਬਜਟ ਅਨੁਮਾਨਾਂ ਤੇ ਅਨੁਮਾਨ ਕਮੇਟੀ ਦੀ ਰਿਪੋਰਟ ਪੇਸ਼ ਕਰਦਾ ਹਾਂ।

**ਮਾਨਯੋਗ ਸਪੀਕਰ :** ਸਰਦਾਰ ਪਰਗਟ ਸਿੰਘ, ਚੇਅਰਮੈਨ, ਸਰਕਾਰੀ ਕਾਰੋਬਾਰ ਕਮੇਟੀ ਰਿਪੋਰਟ ਪੇਸ਼ ਕਰਨ।

**ਸਭਾਪਤੀ, ਸਰਕਾਰੀ ਕਾਰੋਬਾਰ ਕਮੇਟੀ (ਸਰਦਾਰ ਪਰਗਟ ਸਿੰਘ):** ਮਾਨਯੋਗ ਸਪੀਕਰ ਸਾਹਿਬ, ਮੈਂ:-

(i) ਪੰਜਾਬ ਰਾਜ ਲਘੂ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਟਿਡ ਨਾਲ ਸਬੰਧਿਤ ਸਾਲ 2011-12 ਲਈ ਸਰਕਾਰੀ ਖੇਤਰ ਦੇ ਅਦਾਰਿਆਂ (ਸਮਾਜਿਕ, ਆਮ ਅਤੇ ਆਰਥਿਕ ਖੇਤਰਾਂ) ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ ਵਿਚ ਆਉਂਦੇ ਆਡਿਟ ਪੈਰ੍ਹਿਆਂ ਤੇ ਸਰਕਾਰੀ ਕਾਰੋਬਾਰ ਕਮੇਟੀ ਦੀ 109ਵੀਂ ਰਿਪੋਰਟ;

(ii) ਪੰਜਾਬ ਐਗਰੋ ਫੂਡ ਗ੍ਰੇਨ ਕਾਰਪੋਰੇਸ਼ਨ ਲਿਮਟਿਡ, ਪੰਜਾਬ ਰਾਜ ਮਾਲ ਗੋਦਾਮ ਕਾਰਪੋਰੇਸ਼ਨ ਅਤੇ ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਿਡ ਨਾਲ ਸਬੰਧਿਤ ਸਾਲ 2010-11 (ਵਪਾਰਕ) ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ ਵਿਚ ਆਉਂਦੇ ਆਡਿਟ ਪੈਰ੍ਹਿਆਂ ਤੇ ਸਰਕਾਰੀ ਕਾਰੋਬਾਰ ਕਮੇਟੀ ਦੀ 110ਵੀਂ ਰਿਪੋਰਟ;

(iii) ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ, (ਵਪਾਰਕ) ਨਾਲ ਸਬੰਧਿਤ ਸਾਲ 2010-11 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ ਵਿਚ ਆਉਂਦੇ ਆਡਿਟ ਪੈਰ੍ਹਿਆਂ ਤੇ ਸਰਕਾਰੀ ਕਾਰੋਬਾਰ ਕਮੇਟੀ ਦੀ 111ਵੀਂ ਰਿਪੋਰਟ ਪੇਸ਼ ਕਰਦਾ ਹਾਂ।

**ਮਾਨਯੋਗ ਸਪੀਕਰ :** ਸ਼੍ਰੀ ਮਨੋਰੰਜਨ ਕਾਲੀਆ, ਚੇਅਰਮੈਨ, ਅਧੀਨ ਵਿਧਾਨ ਕਮੇਟੀ ਦੀ ਰਿਪੋਰਟ ਪੇਸ਼ ਕਰਨ।

**ਸਭਾਪਤੀ, ਅਧੀਨ ਵਿਧਾਨ ਕਮੇਟੀ (ਸ਼੍ਰੀ ਮਨੋਰੰਜਨ ਕਾਲੀਆ):** ਮਾਨਯੋਗ ਸਪੀਕਰ ਸਾਹਿਬ, ਮੈਂ ਸਾਲ 2014-15 ਲਈ ਅਧੀਨ ਵਿਧਾਨ ਕਮੇਟੀ ਦੀ 39ਵੀਂ ਰਿਪੋਰਟ ਪੇਸ਼ ਕਰਦਾ ਹਾਂ।ਸਪੀਕਰ ਸਾਹਿਬ, ਮੈਂ ਇਸ ਵਿਚੋ ਕੁਝ ਰਿਕੁਮੈਂਡੇਸ਼ਨਜ਼ ਹਾਊਸ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ :** ਨਹੀਂ ਜੀ, ਤੁਸੀਂ ਰਿਪੋਰਟ ਲੇਅ ਕਰ ਦਿੱਤੀ ਹੈ। ਅਗਲਾ, ਵਿੱਤੀ ਕੰਮ ਕਾਰ।

-----

## FINANCIAL BUSINESS

### 1. (i) PRESENTATION OF THE EXCESS DEMANDS OVER GRANTS AND APPROPRIATIONS FOR THE YEARS 2007-08, 2008-09, 2009-10 AND 2010-11.

**ਮਾਨਯੋਗ ਸਪੀਕਰ :** ਵਿੱਤ ਮੰਤਰੀ ਸਾਲਾਂ 2007-2008, 2008-09, 2009-10 ਅਤੇ 2010-11 ਲਈ ਗਰਾਂਟਾਂ ਅਤੇ ਨਮਿੱਤਣਾਂ ਤੋਂ ਵਾਧੂ ਮੰਗਾਂ ਪੇਸ਼ ਕਰਨ।

**ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ (ਸਰਦਾਰ ਪਰਮਿੰਦਰ ਸਿੰਘ ਢੀਂਡਸਾ):** ਮਾਨਯੋਗ ਸਪੀਕਰ ਸਾਹਿਬ, ਮੈਂ ਸਾਲ 2007-2008, 2008-09, 2009-10 ਤੇ 2010-11 ਲਈ ਗਰਾਂਟਾਂ ਅਤੇ ਨਮਿੱਤਣਾਂ ਤੇ ਵਾਧੂ ਮੰਗਾਂ ਪੇਸ਼ ਕਰਦਾ ਹਾਂ।

**ਮਾਨਯੋਗ ਸਪੀਕਰ :** ਸਾਲ 2007-08, 2008-09, 2009-10 ਤੇ 2010-11 ਲਈ ਗਰਾਂਟਾਂ ਅਤੇ ਨਮਿੱਤਣਾਂ ਤੋਂ ਵਾਧੂ ਮੰਗਾਂ ਤੇ ਬਹਿਸ ਅਤੇ ਵੋਟਿੰਗ।

## (ii) DISCUSSION AND VOTING ON EXCESS DEMANDS OVER GRANTS AND APPROPRIATIONS FOR THE YEARS 2007-08, 2008-09, 2009-10 and 2010-11.

**ਮਾਨਯੋਗ ਸਪੀਕਰ :** ਸਦਨ ਦੀ ਬਹਿਸ ਅਤੇ ਵੋਟਿੰਗ ਲਈ ਸਾਲਾਂ 2007-08, 2008-09, 2009-10 ਅਤੇ 2010-11 ਲਈ ਗਰਾਂਟਾਂ ਅਤੇ ਨਮਿੱਤਣਾਂ ਤੋਂ ਵਾਧੂ ਮੰਗਾਂ ਹਨ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸਾਲਾਂ 2007-08, 2008-09, 2009-10 ਅਤੇ 2010-11 ਲਈ ਗਰਾਂਟਾਂ ਅਤੇ ਨਮਿੱਤਣਾਂ ਤੋਂ ਵਾਧੂ ਮੰਗਾਂ, ਜੋ ਅੱਜ ਦੀ ਕਾਰਜ ਸੂਚੀ ਵਿੱਚ ਦਰਜ ਹਨ, ਪੜ੍ਹੀਆਂ ਅਤੇ ਪ੍ਰਸਤਾਵ ਕੀਤੀਆਂ ਸਮਝੀਆਂ ਜਾਣ ਅਤੇ ਇਹ ਮੰਗਾਂ ਇਕੱਠੀਆਂ ਹੀ ਬਹਿਸ ਲਈ ਲੈ ਲਈਆਂ ਜਾਣ।

(**ਅਵਾਜ਼ਾਂ :** ਹਾਂ ਜੀ, ਹਾਂ ਜੀ)

### ਸਾਲ 2007-08 ਲਈ ਗ੍ਰਾਂਟਾਂ ਅਤੇ ਨਮਿੱਤਣਾਂ ਤੋਂ ਵਾਧੂ ਮੰਗਾਂ

### ਮੰਗ ਨੰ:8

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 1,70,40,30,000 ਰੁਪਏ ਅਤੇ ਪੂੰਜੀਗਤ ਲੇਖੇ ਤੇ 4,28,12,46,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2008 ਨੂੰ ਖਤਮ ਹੋਣ ਵਾਲੇ ਸਾਲ ਲਈ ਵਿੱਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

### ਮੰਗ ਨੰ:9

ਕਿ ਇਕ ਵਾਧੂ ਰਕਮ ਜੋ ਪੂੰਜੀਗਤ ਲੇਖੇ ਤੇ 39,15,410 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2008 ਨੂੰ ਖਤਮ ਹੋਣ ਵਾਲੇ ਸਾਲ ਲਈ ਖੁਰਾਕ ਅਤੇ ਸਪਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

### ਮੰਗ ਨੰ: 12

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 2,84,06,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2008 ਨੂੰ ਖਤਮ ਹੋਣ ਵਾਲੇ ਸਾਲ ਲਈ ਗ੍ਰਹਿ ਮਾਮਲੇ ਅਤੇ ਨਿਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:15**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 25,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,76,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2008 ਨੂੰ ਖਤਮ ਹੋਣ ਵਾਲੇ ਸਾਲ ਲਈ ਸਿੰਜਾਈ ਅਤੇ ਬਿਜਲੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:19**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 60,79,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2008 ਨੂੰ ਖਤਮ ਹੋਣ ਵਾਲੇ ਸਾਲ ਲਈ ਯੋਜਨਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:21**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 2,92,96,20,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2008 ਨੂੰ ਖਤਮ ਹੋਣ ਵਾਲੇ ਸਾਲ ਲਈ ਲੋਕ ਨਿਰਮਾਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਸਾਲ 2008-09 ਲਈ ਗ੍ਰਾਂਟਾਂ ਅਤੇ ਨਮਿੱਤਣਾਂ ਤੋਂ ਵਾਧੂ ਮੰਗਾਂ**

**ਮੰਗ ਨੰ: 3**

ਕਿ ਇਕ ਵਾਧੂ ਰਕਮ ਜੋ ਪੂੰਜੀਗਤ ਲੇਖੇ ਤੇ 13,86,42,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਸਹਿਕਾਰਤਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:8**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 2,04,57,94,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਵਿੱਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:12**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 4,06,01,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਗ੍ਰਹਿ ਮਾਮਲਿਆਂ ਅਤੇ ਨਿਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

## ਮੰਗ ਨੰ:21

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 2,83,63,59,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਲੋਕ ਨਿਰਮਾਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

## ਸਾਲ 2009-10 ਲਈ ਗ੍ਰਾਂਟਾਂ ਅਤੇ ਨਮਿੱਤਣਾਂ ਤੋਂ ਵਾਧੂ ਮੰਗਾਂ

## ਮੰਗ ਨੰ: 3

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 7,29,34,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2010 ਨੂੰ ਖਤਮ ਹੋਣ ਵਾਲੇ ਸਾਲ ਲਈ ਸਹਿਕਾਰਤਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

## ਮੰਗ ਨੰ: 5

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 2,45,91,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2014 ਨੂੰ ਖਤਮ ਹੋਣ ਵਾਲੇ ਸਾਲ ਲਈ ਸਿੱਖਿਆ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

## ਮੰਗ ਨੰ: 8

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 1,23,65,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2010 ਨੂੰ ਖਤਮ ਹੋਣ ਵਾਲੇ ਸਾਲ ਲਈ ਵਿੱਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

## ਮੰਗ ਨੰ:21

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 4,49,77,97,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2010 ਨੂੰ ਖਤਮ ਹੋਣ ਵਾਲੇ ਸਾਲ ਲਈ ਲੋਕ ਨਿਰਮਾਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

[ ਮਾਨਯੋਗ ਸਪੀਕਰ ]

## ਸਾਲ 2010–11 ਲਈ ਗ੍ਰਾਂਟਾਂ ਅਤੇ ਨਮਿੱਤਣਾਂ ਤੋਂ ਵਾਧੂ ਮੰਗਾਂ

### ਮੰਗ ਨੰ: 8

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 12,76,40,83,000 ਰੁਪਏ ਅਤੇ ਪੂੰਜੀਗਤ ਲੇਖੇ ਤੇ 12,44,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2011 ਨੂੰ ਖਤਮ ਹੋਣ ਵਾਲੇ ਸਾਲ ਲਈ ਵਿੱਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

### ਮੰਗ ਨੰ:11

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 23,87,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2011 ਨੂੰ ਖਤਮ ਹੋਣ ਵਾਲੇ ਸਾਲ ਲਈ ਸਿਹਤ ਅਤੇ ਪਰਿਵਾਰ ਭਲਾਈ ਦੇ ਸਬੰਧ ਵਿਚ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ।

### ਮੰਗ ਨੰ:18

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 2,03,15,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2011 ਨੂੰ ਖਤਮ ਹੋਣ ਵਾਲੇ ਸਾਲ ਲਈ ਪਰਸੋਨਲ ਅਤੇ ਪ੍ਰਬੰਧਕੀ ਸੁਧਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

### ਮੰਗ ਨੰ: 21

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 4,73,92,97000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2011 ਨੂੰ ਖਤਮ ਹੋਣ ਵਾਲੇ ਸਾਲ ਲਈ ਲੋਕ ਨਿਰਮਾਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

### ਮੰਗ ਨੰ: 22

ਕਿ ਇਕ ਵਾਧੂ ਰਕਮ ਜੋ ਪੂੰਜੀਗਤ ਲੇਖੇ ਤੇ 23,86,98,978 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2011 ਨੂੰ ਖਤਮ ਹੋਣ ਵਾਲੇ ਸਾਲ ਲਈ ਮਾਲ ਅਤੇ ਮੁੜ ਵਸੇਬਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 28**

ਕਿ ਇਕ ਵਾਧੂ ਰਕਮ ਜੋ ਪੂੰਜੀਗਤ ਲੇਖੇ ਤੇ 52,36,18,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2011 ਨੂੰ ਖਤਮ ਹੋਣ ਵਾਲੇ ਸਾਲ ਲਈ ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਬਹਿਸ, ਜੇਕਰ ਕੋਈ ਹੋਵੇ।

(ਇਸ ਸਮੇਂ ਕੋਈ ਵੀ ਮਾਨਯੋਗ ਮੈਂਬਰ ਬਹਿਸ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ :** ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਸਾਰੀਆਂ ਵਾਧੂ ਮੰਗਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ।

**(ਅਵਾਜ਼ਾਂ :** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

**ਸਾਲ 2007–08 ਲਈ ਗ੍ਰਾਂਟਾਂ ਅਤੇ ਨਮਿੱਤਣਾਂ ਤੋਂ ਵਾਧੂ ਮੰਗਾਂ**

**ਮੰਗ ਨੰ:8**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 1,70,40,30,000 ਰੁਪਏ ਅਤੇ ਪੂੰਜੀਗਤ ਲੇਖੇ ਤੇ 4,28,12,46,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2008 ਨੂੰ ਖਤਮ ਹੋਣ ਵਾਲੇ ਸਾਲ ਲਈ ਵਿੱਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:9**

ਕਿ ਇਕ ਵਾਧੂ ਰਕਮ ਜੋ ਪੂੰਜੀਗਤ ਲੇਖੇ ਤੇ 39,15,410 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2008 ਨੂੰ ਖਤਮ ਹੋਣ ਵਾਲੇ ਸਾਲ ਲਈ ਖੁਰਾਕ ਅਤੇ ਸਪਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:12**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 2,84,06,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2008 ਨੂੰ ਖਤਮ ਹੋਣ ਵਾਲੇ ਸਾਲ ਲਈ ਗ੍ਰਹਿ ਮਾਮਲੇ ਅਤੇ ਨਿਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

[ ਮਾਨਯੋਗ ਸਪੀਕਰ ]

**ਮੰਗ ਨੰ:15**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 25,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,76,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2008 ਨੂੰ ਖਤਮ ਹੋਣ ਵਾਲੇ ਸਾਲ ਲਈ ਸਿੰਜਾਈ ਅਤੇ ਬਿਜਲੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:19**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 60,79,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2008 ਨੂੰ ਖਤਮ ਹੋਣ ਵਾਲੇ ਸਾਲ ਲਈ ਯੋਜਨਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:21**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 2,92,96,20,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2008 ਨੂੰ ਖਤਮ ਹੋਣ ਵਾਲੇ ਸਾਲ ਲਈ ਲੋਕ ਨਿਰਮਾਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਸਾਲ 2008-09 ਲਈ ਗ੍ਰਾਂਟਾਂ ਅਤੇ ਨਮਿੱਤਣਾਂ ਤੋਂ ਵਾਧੂ ਮੰਗਾਂ**

**ਮੰਗ ਨੰ: 3**

ਕਿ ਇਕ ਵਾਧੂ ਰਕਮ ਜੋ ਪੂੰਜੀਗਤ ਲੇਖੇ ਤੇ 13,86,42,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਸਹਿਕਾਰਤਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:8**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 2,04,57,94,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਵਿੱਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:12**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 4,06,01,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਗ੍ਰਹਿ ਮਾਮਲਿਆਂ ਅਤੇ ਨਿਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:21**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 2,83,63,59,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਲੋਕ ਨਿਰਮਾਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਸਾਲ 2009-10 ਲਈ ਗ੍ਰਾਂਟਾਂ ਅਤੇ ਨਮਿੱਤਣਾਂ ਤੋਂ ਵਾਧੂ ਮੰਗਾਂ**

**ਮੰਗ ਨੰ: 3**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 7,29,34,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2010 ਨੂੰ ਖਤਮ ਹੋਣ ਵਾਲੇ ਸਾਲ ਲਈ ਸਹਿਕਾਰਤਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 5**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 2,45,91,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2014 ਨੂੰ ਖਤਮ ਹੋਣ ਵਾਲੇ ਸਾਲ ਲਈ ਸਿੱਖਿਆ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 8**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 1,23,65,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2010 ਨੂੰ ਖਤਮ ਹੋਣ ਵਾਲੇ ਸਾਲ ਲਈ ਵਿੱਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:21**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 4,49,77,97,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2010 ਨੂੰ ਖਤਮ ਹੋਣ ਵਾਲੇ ਸਾਲ ਲਈ ਲੋਕ ਨਿਰਮਾਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਸਾਲ 2010-11 ਲਈ ਗ੍ਰਾਂਟਾਂ ਅਤੇ ਨਮਿੱਤਣਾਂ ਤੇ ਵਾਧੂ ਮੰਗਾਂ**

**ਮੰਗ ਨੰ: 8**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 12,76,40,83,000 ਰੁਪਏ ਅਤੇ ਪੂੰਜੀਗਤ ਲੇਖੇ ਤੇ 12,44,000 ਰੁਪਏ ਤੋਂ ਵੱਧ ਨਾ ਹੋਵੇ, 31

[ ਮਾਨਯੋਗ ਸਪੀਕਰ ]

ਮਾਰਚ, 2011 ਨੂੰ ਖਤਮ ਹੋਣ ਵਾਲੇ ਸਾਲ ਲਈ ਵਿੱਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:11**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 23,87,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2011 ਨੂੰ ਖਤਮ ਹੋਣ ਵਾਲੇ ਸਾਲ ਲਈ ਸਿਹਤ ਅਤੇ ਪਰਿਵਾਰ ਭਲਾਈ ਦੇ ਸਬੰਧ ਵਿਚ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ।

**ਮੰਗ ਨੰ:18**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 2,03,15,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2011 ਨੂੰ ਖਤਮ ਹੋਣ ਵਾਲੇ ਸਾਲ ਲਈ ਪਰਸੋਨਲ ਅਤੇ ਪ੍ਰਬੰਧਕੀ ਸੁਧਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 21**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 4,73,92,97000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2011 ਨੂੰ ਖਤਮ ਹੋਣ ਵਾਲੇ ਸਾਲ ਲਈ ਲੋਕ ਨਿਰਮਾਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 22**

ਕਿ ਇਕ ਵਾਧੂ ਰਕਮ ਜੋ ਪੂੰਜੀਗਤ ਲੇਖੇ ਤੇ 23,86,98,978 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2011 ਨੂੰ ਖਤਮ ਹੋਣ ਵਾਲੇ ਸਾਲ ਲਈ ਮਾਲ ਅਤੇ ਮੁੜ ਵਸੇਬਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 28**

ਕਿ ਇਕ ਵਾਧੂ ਰਕਮ ਜੋ ਪੂੰਜੀਗਤ ਲੇਖੇ ਤੇ 52,36,18,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2011 ਨੂੰ ਖਤਮ ਹੋਣ ਵਾਲੇ ਸਾਲ ਲਈ ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ :**ਸਾਲ 2007-2008 ਲਈ ਪੰਜਾਬ ਸਰਕਾਰ ਦੇ

ਖਰਚੇ ਲਈ ਗਰਾਂਟਾਂ ਤੋਂ ਵਾਧੂ ਮੰਗ ਨੰਬਰ 8, 9, 12, 15, 19 ਅਤੇ 21, ਜੋ ਮਾਲੀਆ ਅਤੇ ਪੂੰਜੀਗਤ ਲੇਖੇ ਤੇ 895 ਕਰੋੜ 34 ਲੱਖ 97 ਹਜ਼ਾਰ 410 ਰੁਪਏ ਤੋਂ ਵੱਧ ਨਾ ਹੋਣ ਅਤੇ 31 ਮਾਰਚ 2008 ਨੂੰ ਖਤਮ ਹੋਣ ਵਾਲੇ ਸਾਲ ਲਈ, ਸਾਲ 2008-09 ਲਈ ਗਰਾਂਟਾਂ ਤੋਂ ਵਾਧੂ ਮੰਗ ਨੂੰ 3, 8, 12 ਅਤੇ 21 ਜੋ ਮਾਲੀਆ ਅਤੇ ਪੂੰਜੀਗਤ ਲੇਖੇ ਤੇ 506 ਕਰੋੜ 13 ਲੱਖ 96 ਹਜ਼ਾਰ ਰੁਪਏ ਤੋਂ ਵੱਧ ਨਾ ਹੋਣ ਅਤੇ 31 ਮਾਰਚ 2009 ਨੂੰ ਖਤਮ ਹੋਣ ਵਾਲੇ ਸਾਲ ਲਈ, ਸਾਲ 2009-2010 ਲਈ ਗਰਾਂਟਾਂ ਤੋਂ ਵਾਧੂ ਮੰਗ ਨੰਬਰ 3, 5, 8 ਅਤੇ 21 ਜੋ ਮਾਲੀਆ ਅਤੇ ਪੂੰਜੀਗਤ ਲੇਖੇ ਤੇ 460 ਕਰੋੜ 76 ਲੱਖ 87 ਹਜ਼ਾਰ ਰੁਪਏ ਤੋਂ ਵੱਧ ਨਾ ਹੋਣ ਅਤੇ 31 ਮਾਰਚ 2010 ਨੂੰ ਖਤਮ ਹੋਣ ਵਾਲੇ ਸਾਲ ਲਈ ਅਤੇ ਸਾਲ 2010-2011 ਲਈ ਗਰਾਂਟਾਂ ਤੋਂ ਵਾਧੂ ਮੰਗ ਨੰਬਰ 8,11,18,21,22 ਅਤੇ 28 ਜੋ ਮਾਲੀਆ ਅਤੇ ਪੂੰਜੀਗਤ ਲੇਖੇ ਤੇ 1828 ਕਰੋੜ 96 ਲੱਖ 42 ਹਜ਼ਾਰ ਅਤੇ 978 ਰੁਪਏ ਤੋਂ ਵੱਧ ਨਾ ਹੋਣ ਅਤੇ 31 ਮਾਰਚ 2011 ਨੂੰ ਖਤਮ ਹੋਣ ਵਾਲੇ ਸਾਲ ਲਈ ਵੱਖ ਵੱਖ ਵਿਭਾਗਾਂ ਦੇ ਸਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀਆਂ ਜਾਣ।

***ਪ੍ਰਸਤਾਵ ਪ੍ਰਵਾਨ ਹੋਇਆ।***

----

## (iii) THE PUNJAB APPROPRIATION BILL, 2015

**ਮਾਨਯੋਗ ਸਪੀਕਰ :** ਹੁਣ ਵਿੱਤ ਮੰਤਰੀ ਜੀ ਪੰਜਾਬ ਨਮਿੱਤਣ ਬਿਲ, 2015 ਪੇਸ਼ ਕਰਨਗੇ।

**ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ (ਸਰਦਾਰ ਪਰਮਿੰਦਰ ਸਿੰਘ ਢੀਂਡਸਾ) :** ਸ਼੍ਰੀਮਾਨ ਜੀ, ਮੈਂ ਪੰਜਾਬ ਨਮਿੱਤਣ ਬਿਲ, 2015 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਨਮਿੱਤਣ ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਪੰਜਾਬ ਨਮਿੱਤਣ ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ:** ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਪੰਜਾਬ ਨਮਿੱਤਣ ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ਾਂ 2 ਤੋਂ 4**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 4 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ।

(**ਅਵਾਜ਼ਾਂ :** ਹਾਂ ਜੀ, ਹਾਂ ਜੀ।)

***ਪ੍ਰਸਤਾਵ ਪ੍ਰਵਾਨ ਹੋਇਆ।***

**ਸ਼ਡਿਊਲ 1 ਤੋਂ 4**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਸ਼ਡਿਊਲ 1 ਤੋਂ 4 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 1 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਵਿੱਤ ਮੰਤਰੀ ਜੀ ਬਿਲ ਪਾਸ ਕਰਨ ਲਈ ਪ੍ਰਸਤਾਵ ਕਰਨਗੇ।

**ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ (ਸਰਦਾਰ ਪਰਮਿੰਦਰ ਸਿੰਘ ਢੀਂਡਸਾ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ–

ਕਿ ਪੰਜਾਬ ਨਮਿੱਤਣ ਬਿਲ, 2015 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਪੰਜਾਬ ਨਮਿੱਤਣ ਬਿਲ, 2015 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਪੰਜਾਬ ਨਮਿੱਤਣ ਬਿਲ, 2015 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

----

## (2) (i) PRESENTATION OF SUPPLEMENTARY DEMANDS FOR GRANTS FOR EXPENDITURE OF THE GOVERNMENT OF PUNJAB FOR THE YEAR 2014-15

**ਮਾਨਯੋਗ ਸਪੀਕਰ :** ਹੁਣ ਵਿੱਤ ਮੰਤਰੀ ਸਾਲ 2014–15 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗਰਾਂਟਾਂ ਲਈ ਅਨੁਪੂਰਕ ਮੰਗਾਂ ਪੇਸ਼ ਕਰਨਗੇ।

**ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ (ਸਰਦਾਰ ਪਰਮਿੰਦਰ ਸਿੰਘ ਢੀਂਡਸਾ) :** ਸ਼੍ਰੀਮਾਨ ਜੀ, ਮੈਂ ਸਾਲ 2014-15 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗਰਾਂਟਾਂ ਲਈ ਅਨੁਪੂਰਕ ਮੰਗਾਂ ਪੇਸ਼ ਕਰਦਾ ਹਾਂ।

**(ii) PRESENTATION OF THE REPORT OF THE COMMITTEE ON ESTIMATES ON THE SUPPLEMENTARY DEMANDS FOR GRANTS FOR EXPENDITURE OF THE GOVERNMENT OF PUNJAB FOR THE YEAR 2014-15**

**ਮਾਨਯੋਗ ਸਪੀਕਰ :** ਹੁਣ ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ, ਸਭਾਪਤੀ, ਅਨੁਮਾਨ ਕਮੇਟੀ, ਸਾਲ 2014-15 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗਰਾਂਟਾਂ ਲਈ ਅਨੁਪੂਰਕ ਮੰਗਾਂ ਸਬੰਧੀ ਅਨੁਮਾਨ ਕਮੇਟੀ ਦੀ ਰਿਪੋਰਟ ਪੇਸ਼ ਕਰਨ।

**ਸਭਾਪਤੀ, ਅਨੁਮਾਨ ਕਮੇਟੀ (ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ):** ਮਾਨਯੋਗ ਸਪੀਕਰ ਸਾਹਿਬ, ਮੈਂ 2014-15 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗਰਾਂਟਾਂ ਲਈ ਅਨੁਪੂਰਕ ਮੰਗਾਂ ਸਬੰਧੀ ਅਨੁਮਾਨ ਕਮੇਟੀ ਦੀ ਰਿਪੋਰਟ ਪੇਸ਼ ਕਰਦਾ ਹਾਂ।

**(iii) SUPPLEMENTARY DEMANDS FOR GRANTS FOR EXPENDITURE OF THE GOVERNMENT OF PUNJAB FOR THE YEAR 2014-15**

**(1) Discussion on the Estimates of the Expenditure Charged on revenue of the State.**

**ਮਾਨਯੋਗ ਸਪੀਕਰ :** ਜੇਕਰ ਕੋਈ ਮੈਂਬਰ ਕਿਸੇ ਚਾਰਜਡ ਆਈਟਮ ਤੇ ਬਹਿਸ ਕਰਨਾ ਚਾਹੁੰਦਾ ਹੈ ਤਾਂ ਕਰ ਸਕਦਾ ਹੈ।

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

**(2) Voting on the Demands for Supplementary Grants.**

**ਮਾਨਯੋਗ ਸਪੀਕਰ :** ਅੱਜ ਦੀ ਕਾਰਜ ਸੂਚੀ ਵਿਚ ਸਦਨ ਦੀ ਬਹਿਸ

ਅਤੇ ਵੋਟਿੰਗ ਲਈ 27 ਅਨੁਪੂਰਕ ਗਰਾਂਟਾਂ ਲਈ ਮੰਗਾਂ ਹਨ , ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਸਾਰੀਆਂ ਮੰਗਾਂ ਪੜ੍ਹੀਆਂ ਅਤੇ ਪ੍ਰਸਤਾਵ ਕੀਤੀਆਂ ਗਈਆਂ ਸਮਝੀਆਂ ਜਾਣ ਅਤੇ ਇਕੱਠੀਆਂ ਹੀ ਬਹਿਸ ਲਈ ਲੈ ਲਈਆਂ ਜਾਣ?

(**ਅਵਾਜ਼ਾਂ :** ਹਾਂ ਜੀ, ਹਾਂ ਜੀ।)

**ਮੰਗ ਨੰ: 1**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 204790000 ਰੁਪਏ ਅਤੇ ਪੂੰਜੀਗਤ ਲੇਖੇ ਤੇ 320000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਖੇਤੀਬਾੜੀ ਅਤੇ ਜੰਗਲਾਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 2**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 349723000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 3**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 6252000 ਰੁਪਏ ਅਤੇ ਪੂੰਜੀਗਤ ਲੇਖੇ ਤੇ 1089000000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਸਹਿਕਾਰਤਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 4**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 14486000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਰੱਖਿਆ ਸੇਵਾਵਾਂ ਦੀ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 5**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 5495175000 ਰੁਪਏ ਅਤੇ ਪੂੰਜੀਗਤ ਲੇਖੇ ਤੇ 502000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ,

[ ਮਾਨਯੋਗ ਸਪੀਕਰ ]

2015 ਨੂੰ ਖਤਮ ਹੋਣ ਵਾਲੇ ਸਾਲ ਲਈ ਸਿੱਖਿਆ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 6**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 308648000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਚੋਣਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 8**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 4291504000 ਰੁਪਏ ਅਤੇ ਪੂੰਜੀਗਤ ਲੇਖੇ ਤੇ 35910242000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਵਿੱਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 9**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 4264000 ਰੁਪਏ ਅਤੇ ਪੂੰਜੀਗਤ ਲੇਖੇ ਤੇ 1000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਖੁਰਾਕ ਤੇ ਸਿਵਲ ਸਪਲਾਈਜ਼ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 10**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 85957000 ਰੁਪਏ ਅਤੇ ਪੂੰਜੀਗਤ ਲੇਖੇ ਤੇ 35900000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਆਮ ਪ੍ਰਸ਼ਾਸਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 11**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1922480000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਸਿਹਤ ਤੇ ਪਰਿਵਾਰ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

## ਮੰਗ ਨੰ: 12

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 4602947000 ਰੁਪਏ ਅਤੇ ਪੂੰਜੀਗਤ ਲੇਖੇ ਤੇ 820573000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਗ੍ਰਹਿ ਮਾਮਲੇ ਅਤੇ ਨਿਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

## ਮੰਗ ਨੰ: 13

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 436000 ਰੁਪਏ ਅਤੇ ਪੂੰਜੀਗਤ ਲੇਖੇ ਤੇ 9800000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਉਦਯੋਗ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

## ਮੰਗ ਨੰ: 14

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 158800000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਸੂਚਨਾ ਅਤੇ ਲੋਕ ਸੰਪਰਕ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

## ਮੰਗ ਨੰ: 15

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 17440697000 ਰੁਪਏ ਅਤੇ ਪੂੰਜੀਗਤ ਲੇਖੇ ਤੇ 309017000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਸਿੰਜਾਈ ਅਤੇ ਬਿਜਲੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

## ਮੰਗ ਨੰ: 16

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 12142000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਕਿਰਤ ਅਤੇ ਰੋਜ਼ਗਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

[ ਮਾਨਯੋਗ ਸਪੀਕਰ ]

**ਮੰਗ ਨੰ:17**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2428789000 ਰੁਪਏ ਅਤੇ ਪੂੰਜੀਗਤ ਲੇਖੇ ਤੇ 1950000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਸਥਾਨਕ ਸਰਕਾਰ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 18**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 5440000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਪ੍ਰਸੋਨਲ ਅਤੇ ਪ੍ਰਬੰਧਕੀ ਸੁਧਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 19**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 33520000 ਰੁਪਏ ਅਤੇ ਪੂੰਜੀਗਤ ਲੇਖੇ ਤੇ 129233000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਯੋਜਨਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 21**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 20202000 ਰੁਪਏ ਅਤੇ ਪੂੰਜੀਗਤ ਲੇਖੇ ਤੇ 600737000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਲੋਕ ਨਿਰਮਾਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:22**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1988696000 ਰੁਪਏ ਅਤੇ ਪੂੰਜੀਗਤ ਲੇਖੇ ਤੇ 10918000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਮਾਲ ਅਤੇ ਮੁੜ ਵਸੇਬਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:24**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਸਾਇੰਸ, ਤਕਨਾਲੋਜੀ ਅਤੇ ਵਾਤਾਵਰਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:25**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 3160687000 ਰੁਪਏ ਅਤੇ ਪੂੰਜੀਗਤ ਲੇਖੇ ਤੇ 1000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਭਲਾਈ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:26**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 4709000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਰਾਜ ਵਿਧਾਨ ਮੰਡਲ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:27**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 396110000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:28**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 5086000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲਿਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:29**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 242055000 ਰੁਪਏ ਅਤੇ ਪੂੰਜੀਗਤ ਲੇਖੇ ਤੇ 5130000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਟ੍ਰਾਂਸਪੋਰਟ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:30**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 4692000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਚੌਕਸੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਅੱਜ ਦੀ ਕਾਰਜ ਸੂਚੀ ਵਿਚ ਸਦਨ ਦੀ ਬਹਿਸ ਅਤੇ ਵੋਟਿੰਗ ਲਈ 27 ਅਨੁਪੂਰਕ ਗਰਾਂਟਾਂ ਲਈ ਮੰਗਾਂ ਹਨ , ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਸਾਰੀਆਂ ਮੰਗਾਂ ਪੜ੍ਹੀਆਂ ਅਤੇ ਪ੍ਰਸਤਾਵ ਕੀਤੀਆਂ ਗਈਆਂ ਸਮਝੀਆਂ ਜਾਣ ਅਤੇ ਇਕੱਠੀਆਂ ਹੀ ਬਹਿਸ ਲਈ ਲੈ ਲਈਆਂ ਜਾਣ?

**(ਅਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

**ਮੰਗ ਨੰ: 1**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 204790000 ਰੁਪਏ ਅਤੇ ਪੂੰਜੀਗਤ ਲੇਖੇ ਤੇ 320000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਖੇਤੀਬਾੜੀ ਅਤੇ ਜੰਗਲਾਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 2**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 349723000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 3**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 6252000 ਰੁਪਏ ਅਤੇ ਪੂੰਜੀਗਤ ਲੇਖੇ ਤੇ 1089000000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਸਹਿਕਾਰਤਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 4**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 14486000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਰੱਖਿਆ ਸੇਵਾਵਾਂ ਦੀ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 5**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 5495175000 ਰੁਪਏ ਅਤੇ ਪੂੰਜੀਗਤ ਲੇਖੇ ਤੇ 502000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਸਿੱਖਿਆ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 6**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 308648000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਚੋਣਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 8**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 4291504000 ਰੁਪਏ ਅਤੇ ਪੂੰਜੀਗਤ ਲੇਖੇ ਤੇ 35910242000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਵਿੱਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

[ ਮਾਨਯੋਗ ਸਪੀਕਰ ]

**ਮੰਗ ਨੰ: 9**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 4264000 ਰੁਪਏ ਅਤੇ ਪੂੰਜੀਗਤ ਲੇਖੇ ਤੇ 1000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਖੁਰਾਕ ਤੇ ਸਿਵਲ ਸਪਲਾਈਜ਼ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 10**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 85957000 ਰੁਪਏ ਅਤੇ ਪੂੰਜੀਗਤ ਲੇਖੇ ਤੇ 35900000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਆਮ ਪ੍ਰਸ਼ਾਸਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 11**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1922480000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਸਿਹਤ ਤੇ ਪਰਿਵਾਰ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 12**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 4602947000 ਰੁਪਏ ਅਤੇ ਪੂੰਜੀਗਤ ਲੇਖੇ ਤੇ 820573000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਗ੍ਰਹਿ ਮਾਮਲੇ ਅਤੇ ਨਿਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 13**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 436000 ਰੁਪਏ ਅਤੇ ਪੂੰਜੀਗਤ ਲੇਖੇ ਤੇ 9800000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਉਦਯੋਗ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 14**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 158800000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਸੂਚਨਾ ਅਤੇ ਲੋਕ ਸੰਪਰਕ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 15**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 17440697000 ਰੁਪਏ ਅਤੇ ਪੂੰਜੀਗਤ ਲੇਖੇ ਤੇ 309017000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਸਿੰਜਾਈ ਅਤੇ ਬਿਜਲੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 16**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 12142000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਕਿਰਤ ਅਤੇ ਰੋਜ਼ਗਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:17**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2428789000 ਰੁਪਏ ਅਤੇ ਪੂੰਜੀਗਤ ਲੇਖੇ ਤੇ 1950000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਏ ਸਾਲ ਲਈ ਸਥਾਨਕ ਸਰਕਾਰ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 18**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 5440000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਪ੍ਰਸੋਨਲ ਅਤੇ ਪ੍ਰਬੰਧਕੀ ਸੁਧਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

[ ਮਾਨਯੋਗ ਸਪੀਕਰ ]

**ਮੰਗ ਨੰ: 19**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 33520000 ਰੁਪਏ ਅਤੇ ਪੂੰਜੀਗਤ ਲੇਖੇ ਤੇ 129233000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਏ ਸਾਲ ਲਈ ਯੋਜਨਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 21**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 20202000 ਰੁਪਏ ਅਤੇ ਪੂੰਜੀਗਤ ਲੇਖੇ ਤੇ 600737000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਏ ਸਾਲ ਲਈ ਲੋਕ ਨਿਰਮਾਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:22**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1988696000 ਰੁਪਏ ਅਤੇ ਪੂੰਜੀਗਤ ਲੇਖੇ ਤੇ 10918000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਏ ਸਾਲ ਲਈ ਮਾਲ ਅਤੇ ਮੁੜ ਵਸੇਬਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:24**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਸਾਇੰਸ, ਤਕਨਾਲੋਜੀ ਅਤੇ ਵਾਤਾਵਰਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:25**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 3160687000 ਰੁਪਏ ਅਤੇ ਪੂੰਜੀਗਤ ਲੇਖੇ ਤੇ 1000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਏ ਸਾਲ ਲਈ ਸਮਾਜਿਕ ਸੁਰੱਖਿਆ,ਇਸਤਰੀ ਅਤੇ ਬਾਲ ਭਲਾਈ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:26**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 4709000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਰਾਜ ਵਿਧਾਨ ਮੰਡਲ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:27**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 396110000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:28**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 5086000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲਿਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:29**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 242055000 ਰੁਪਏ ਅਤੇ ਪੂੰਜੀਗਤ ਲੇਖੇ ਤੇ 5130000 ਰੁਪਏਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਟ੍ਰਾਂਸਪੋਰਟ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:30**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 4692000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਚੌਕਸੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਜੋ ਮਾਲੀਆ ਅਤੇ ਪੂੰਜੀਗਤ ਲੇਖੇ ਤੇ 82,11,16,12,000/- ਰੁਪਏ ਤੋਂ ਵੱਧ ਨਾ ਹੋਣ, 31 ਮਾਰਚ 2015 ਨੂੰ ਖਤਮ ਹੋਣ ਵਾਲੇ ਸਾਲ ਲਈ ਵੱਖ-ਵੱਖ ਵਿਭਾਗਾਂ ਦੇ ਸਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਜੀ ਨੂੰ ਦਿੱਤੀਆਂ ਜਾਣ।

**(ਅਵਾਜ਼ਾਂ :** ਹਾਂ ਜੀ, ਹਾਂ ਜੀ।)

***ਪ੍ਰਸਤਾਵ ਪ੍ਰਵਾਨ ਹੋਇਆ।***

---

## (iv) THE PUNJAB APPROPRIATION (No.2) BILL, 2015

**ਮਾਨਯੋਗ ਸਪੀਕਰ :** ਵਿੱਤ ਮੰਤਰੀ ਜੀ ਹੁਣ ਪੰਜਾਬ ਨਮਿੱਤਣ (ਨੰ: 2) ਬਿਲ, 2015 ਪੇਸ਼ ਕਰਨਗੇ।

**ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ (ਸਰਦਾਰ ਪਰਮਿੰਦਰ ਸਿੰਘ ਢੀਂਡਸਾ) :** ਸ਼੍ਰੀਮਾਨ ਜੀ, ਮੈਂ ਪੰਜਾਬ ਨਮਿੱਤਣ (ਨੰ: 2) ਬਿਲ, 2015 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

> ਕਿ ਪੰਜਾਬ ਨਮਿੱਤਣ (ਨੰ: 2) ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

> ਕਿ ਪੰਜਾਬ ਨਮਿੱਤਣ (ਨੰ: 2) ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

> ਕਿ ਪੰਜਾਬ ਨਮਿੱਤਣ (ਨੰ:2) ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ਾਂ 2 ਤੋਂ 4**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 4 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ।

(**ਅਵਾਜ਼ਾਂ :** ਹਾਂ ਜੀ, ਹਾਂ ਜੀ)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ਾਂ 2 ਤੋਂ 4 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸ਼ਡਿਊਲ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਸ਼ਡਿਊਲ ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 1 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਵਿੱਤ ਮੰਤਰੀ ਜੀ ਬਿਲ ਪਾਸ ਕਰਨ ਲਈ ਪ੍ਰਸਤਾਵ ਕਰਨਗੇ।

**ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ (ਸਰਦਾਰ ਪਰਮਿੰਦਰ ਸਿੰਘ ਢੀਂਡਸਾ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ–

ਕਿ ਪੰਜਾਬ ਨਮਿੱਤਣ (ਨੰ:2) ਬਿਲ, 2015 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਪੰਜਾਬ ਨਮਿੱਤਣ (ਨੰ:2) ਬਿਲ, 2015 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਪੰਜਾਬ ਨਮਿੱਤਣ (ਨੰ: 2) ਬਿਲ, 2015 ਪਾਸ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

----

## GENERAL DISCUSSION ON THE BUDGET ESTIMATES FOR THE YEAR 2015-16

**ਮਾਨਯੋਗ ਸਪੀਕਰ :** ਹੁਣ ਸਾਲ 2015–16 ਲਈ ਬਜਟ ਅਨੁਮਾਨਾਂ ਤੇ ਆਮ ਬਹਿਸ ਹੋਵੇਗੀ। ਇਸ ਤੋਂ ਪਹਿਲਾਂ ਕਿ ਮੈਂ ਬਹਿਸ ਲਈ ਕਹਾਂ, ਪਾਰਟੀ–ਵਾਈਜ਼ ਸਮਾਂ ਹੇਠ ਲਿਖੇ ਅਨੁਸਾਰ ਹੈ:

| | |
|---|---|
| ਸ਼੍ਰੋਮਣੀ ਅਕਾਲੀ ਦਲ | 1 ਘੰਟਾ 30 ਮਿੰਟ |
| ਭਾਰਤੀ ਜਨਤਾ ਪਾਰਟੀ | 19 ਮਿੰਟ |
| ਇੰਡੀਅਨ ਨੈਸ਼ਨਲ ਕਾਂਗਰਸ | 1 ਘੰਟਾ 06 ਮਿੰਟ |
| ਅਜ਼ਾਦ ਮੈਂਬਰ | 05 ਮਿੰਟ |
| ਕੁੱਲ | 3 ਘੰਟੇ |

ਹਾਂ ਜੀ, ਸਰਦਾਰ ਲਾਲ ਸਿੰਘ ਜੀ।

**ਸਰਦਾਰ ਲਾਲ ਸਿੰਘ (ਸਨੌਰ):** ਸਪੀਕਰ ਸਾਹਿਬ, ਮੈਂ ਆਪ ਜੀ ਦਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਸਰਦਾਰ ਪਰਮਿੰਦਰ ਸਿੰਘ ਢੀਂਡਸਾ ਜੀ ਵਿੱਤ ਮੰਤਰੀ ਨੇ ਮਿਤੀ 18.3.2015 ਨੂੰ ਜੋ ਬਜਟ ਇਸ ਸਦਨ ਵਿਚ ਪੇਸ਼ ਕੀਤਾ ਹੈ, ਉਸ ਉਤੇ ਆਪਣੇ ਵਿਚਾਰ ਰੱਖਣ ਦਾ ਮੌਕਾ ਦਿੱਤਾ ਹੈ। ਸਰਦਾਰ ਪਰਮਿੰਦਰ ਸਿੰਘ ਢੀਂਡਸਾ ਜੀ ਇਕ ਬਹੁਤ ਵਧੀਆ ਇਨਸਾਨ ਹਨ ਅਤੇ ਮੈਂ ਉਨ੍ਹਾਂ ਦਾ ਬਹੁਤ ਸਤਿਕਾਰ

ਕਰਦਾ ਹਾਂ ਪਰ ਉਨ੍ਹਾਂ ਵੱਲੋਂ ਜਿਹੜਾ ਬਜਟ ਪੇਸ਼ ਕੀਤਾ ਗਿਆ ਹੈ, ਮੈਂ ਉਸ ਤੋਂ ਸੰਤੁਸ਼ਟ ਨਹੀਂ ਹਾਂ। ਮੈਨੂੰ ਇਸ ਗੱਲ ਦਾ ਮਾਣ ਹੈ ਕਿ ਪਿਛਲੇ 38 ਸਾਲਾਂ ਵਿਚ ਮੈਨੂੰ ਬਹੁਤ ਸਾਰੇ ਬਜਟਾਂ ਉਪਰ ਹੋਈ ਬਹਿਸ ਵਿਚ ਹਿੱਸਾ ਲੈਣ ਦਾ ਮੌਕਾ ਮਿਲਿਆ ਹੈ। ਜਿੰਨੀ ਮਾਯੂਸੀ ਮੈਨੂੰ ਇਸ ਬਜਟ ਵਿਚ ਹੋਈ ਹੈ, ਮੈਂ ਉਸ ਨੂੰ ਬਿਆਨ ਨਹੀਂ ਕਰ ਸਕਦਾ। ਇਸ ਬਜਟ ਤੋਂ ਕੋਈ ਵੀ ਵਰਗ ਸੰਤੁਸ਼ਟ ਨਹੀਂ ਹੈ। ਭਾਵੇਂ ਕਿਸਾਨਾਂ ਨਾਲ ਗੱਲ ਕਰੋ, ਵਪਾਰੀਆਂ ਨਾਲ ਕਰੋ, ਇੰਪਲਾਈਜ਼ ਨਾਲ ਕਰੋ, ਗਰੀਬਾਂ ਨਾਲ ਕਰੋ ਜਾਂ ਅਮੀਰਾਂ ਨਾਲ ਗੱਲ ਕਰਕੇ ਵੇਖ ਲਵੋ,ਇਸ ਬਜਟ ਤੋਂ ਕੋਈ ਵੀ ਸੰਤੁਸ਼ਟ ਨਹੀਂ ਹੈ। ਨਾ ਇਧਰ ਵਾਲੇ ਸੰਤੁਸ਼ਟ ਹਨ, ਸੰਤੁਸ਼ਟ ਇਹ ਵੀ ਨਹੀਂ ਹਨ (ਟਰੇਜ਼ਰੀ ਬੈਂਚਾਂ ਵੱਲ ਇਸ਼ਾਰਾ) ਪਰ ਇਨ੍ਹਾਂ ਦੀ ਮਜਬੂਰੀ ਹੈ ਕਿ ਇਨ੍ਹਾਂ ਨੂੰ ਮਿੱਠਾ ਭਾਣਾ ਮੰਨਣਾ ਹੀ ਪੈਣਾ ਹੈ। ਸਤਿਕਾਰਯੋਗ ਸਪੀਕਰ ਸਾਹਿਬ, ਬਜਟ ਸਾਰ ਮੇਰੇ ਸਾਹਮਣੇ ਹੈ। ਬਜਟ ਦਾ ਅਕਾਰ 79314 ਕਰੋੜ ਰੁਪਏ ਦਾ ਹੈ। ਪਰ ਅਸਲ ਵਿਚ ਇਸ ਦੇ ਵਿਚ ਇਕ ਕਲਾਜ਼ ਵੇਜ਼ ਐਂਡ ਮੀਨਜ਼ ਰੱਖੀ ਹੈ ਇਸ ਵਿਚ 17500 ਕਰੋੜ ਰੁਪਏ ਦਿਖਾਏ ਗਏ ਹਨ, ਮੈਂ ਸਮਝਦਾ ਹਾਂ ਕਿ ਇਨ੍ਹਾਂ ਦਾ ਕੋਈ ਮੂੰਹ-ਮੱਥਾ ਨਹੀਂ ਹੈ। ਮੈਂ ਮੰਤਰੀ ਜੀ ਨੂੰ ਅਪੀਲ ਕਰਾਂਗਾ ਕਿ ਉਹ ਆਪਣੇ ਜਵਾਬ ਵਿਚ ਦੱਸਣ ਕਿ ਇਹ ਪੈਸਾ ਕਿਥੋਂ ਆਵੇਗਾ? ਅਸਲ ਬਜਟ ਤਾਂ 61,814 ਕਰੋੜ ਰੁਪਏ ਦਾ ਹੈ ਅਤੇ ਘਾਟਾ 125 ਕਰੋੜ ਰੁਪਏ ਦਿਖਾਇਆ ਗਿਆ ਹੈ। ਸਵਾਲ ਇਹ ਹੈ ਕਿ 17,500 ਕਰੋੜ ਰੁਪਿਆ ਜਿਹੜਾ ਕਿ ਬਜਟ ਦਾ ਚੌਥਾ ਹਿੱਸਾ ਹੈ, ਇਹ ਅੱਖਾਂ ਵਿਚ ਧੂੜ ਪਾਉਣ ਤੋਂ ਇਲਾਵਾ ਹੋਰ ਕੋਈ ਗੱਲ ਨਹੀਂ ਹੈ। ਐਨੂਅਲ ਪਲਾਨ 21,174 ਕਰੋੜ ਰੁਪਏ ਦੀ ਹੈ। ਜਿਹੜਾ ਰੈਵੈਨਿਊ ਡੈਫੀਸਿਟ ਹੈ, ਸਪੀਕਰ ਸਾਹਿਬ, ਰੈਵੇਨਿਊ ਡੈਫੀਸਿਟ ਦਾ ਇਕ ਪੈਮਾਨਾ ਹੁੰਦਾ ਹੈ।ਜਦੋਂ ਅਸੀਂ ਸਾਲ 2007 ਵਿਚ ਛੱਡ ਕੇ ਗਏ ਸੀ, ਉਸ ਵੇਲੇ ਇਹ ਡੈਫੀਸਿਟ 1748 ਕਰੋੜ ਰੁਪਏ ਸੀ। ਹੁਣ ਇਹ ਵੱਧ ਕੇ 6393 ਕਰੋੜ ਰੁਪਏ ਹੋ ਗਿਆ ਹੈ ਜੋ ਕਿ ਖਤਰੇ ਦੀ ਘੰਟੀ ਹੈ। ਫਿਸਕਲ ਡੈਫੀਸਿਟ ਸਾਲ 2007 ਵਿਚ ਅਸੀਂ 4604 ਕਰੋੜ ਰੁਪਏ ਤੇ ਛੱਡ ਕੇ ਗਏ ਸਨ ਜਿਹੜਾ ਕਿ ਹੁਣ ਵੱਧ ਕੇ 11895 ਕਰੋੜ ਰੁਪਿਆ ਹੋ ਗਿਆ ਹੈ, ਜਿਸ ਨੂੰ ਅਸੀਂ ਵਿੱਤੀ ਘਾਟਾ ਕਹਿੰਦੇ ਹਾਂ। ਪ੍ਰਾਪਤੀ 78085 ਕਰੋੜ ਰੁਪਏ ਅਤੇ ਖਰਚਾ 79313 ਕਰੋੜ ਰੁਪਏ ਹੈ। ਸਪੀਕਰ ਸਾਹਿਬ, ਇਹ ਜਿਹੜਾ 7885 ਕਰੋੜ ਰੁਪਿਆ ਦਿਖਾਇਆ ਗਿਆ ਹੈ, ਉਸ ਵਿਚ 17500 ਕਰੋੜ ਰੁਪਿਆ ਸ਼ਾਮਲ ਹੈ, ਜਿਸ ਦਾ ਕੋਈ ਵਜੂਦ ਹੀ ਨਹੀਂ ਹੈ। ਆਮਦਨ ਖਰਚ ਦਾ ਘਾਟਾ 125 ਕਰੋੜ ਰੁਪਏ ਹੈ। ਸਪੀਕਰ

[ ਸਰਦਾਰ ਲਾਲ ਸਿੰਘ ]

ਸਾਹਿਬ, ਮੇਰੀ ਬੇਨਤੀ ਹੈ ਕਿ ਜਿੱਥੇ 17500 ਕਰੋੜ ਰੁਪਿਆ ਜਿਹੜਾ ਦਿਖਾਇਆ ਹੈ, ਇਸ ਵਿੱਚ ਹੀ 125 ਕਰੋੜ ਵੀ ਪਾ ਦਿੰਦੇ । ਇਸ ਲਈ ਨਾ ਇਹ ਕੀਤੇ ਹਨ ਤੇ ਨਾ ਹੀ ਉਹ ਕੀਤੇ ਹਨ । ਇਸ ਲਈ ਲੋਕਾਂ ਨੂੰ ਗੁੰਮਰਾਹ ਕਰਨ ਦਾ ਕੋਈ ਫਾਇਦਾ ਨਹੀਂ । ਸਪੀਕਰ ਸਾਹਿਬ, ਸਾਡਾ ਚਿੰਤਾ ਦਾ ਵਿਸ਼ਾ ਕਰਜ਼ਾ ਹੈ ਜਿਹੜਾ ਪਿਛਲੇ ਸਾਲ ਇੱਕ ਲੱਖ ਤੇਰਾਂ ਹਜ਼ਾਰ ਕਰੋੜ ਰੁਪਿਆ ਸੀ ਤੇ ਹੁਣ ਇਹ ਵੱਧ ਕੇ ਇੱਕ ਲੱਖ ਚੌਵੀ ਹਜ਼ਾਰ ਪੰਜ ਸੌ ਕਰੋੜ ਰੁਪਿਆ ਹੋ ਗਿਆ ਹੈ । 11500 ਕਰੋੜ ਰੁਪਏ ਦਾ ਵਾਧਾ ਇੱਕ ਸਾਲ ਵਿੱਚ ਹੋਇਆ ਸੀ । ਇਸ ਦਾ ਕਾਰਨ, ਸਪੀਕਰ ਸਾਹਿਬ, ਇਹ ਹੈ ਕਿ ਇਨ੍ਹਾਂ ਦੀ ਮਜਬੂਰੀ ਹੈ । ਇਨ੍ਹਾਂ ਨੇ ਹੋਰ ਕਰਜ਼ਾ ਲਿਆ ਹੈ ਤੇ ਇਸ ਕਰਜ਼ੇ ਦਾ ਜਿਹੜਾ ਵਿਆਜ ਹੈ, ਉਹ ਪਿਛਲੇ ਸਾਲ 8882 ਕਰੋੜ ਰੁਪਏ ਸੀ ਤੇ ਜਿਹੜਾ ਕਿ ਹੁਣ ਵੱਧ ਕੇ 9900 ਕਰੋੜ ਰੁਪਿਆ ਹੋ ਗਿਆ ਹੈ । ਇਸ ਤਰ੍ਹਾਂ ਵਿਆਜ ਵਿੱਚ ਇੰਨਾ ਜ਼ਿਆਦਾ ਵਾਧਾ ਹੋਇਆ ਹੈ, ਇੰਨਾ ਵੱਡਾ ਬੋਝ ਪੰਜਾਬ ਤੇ ਪੈ ਗਿਆ ਹੈ । ਸਵਾਲ ਇਹ ਹੈ ਕਿ ਸਾਲ ਵਿੱਚ 365 ਦਿਨ ਹੁੰਦੇ ਹਨ । ਜੇ 9900 ਕਰੋੜ ਰੁਪਏ ਨੂੰ ਵੰਡ ਲਈਏ ਤਾਂ ਇੱਕ ਦਿਨ ਦਾ 28 ਕਰੋੜ ਰੁਪਏ ਦਾ ਮੀਟਰ ਚਲਦਾ ਹੈ । ਸਵੇਰੇ 28 ਕਰੋੜ ਰੁਪਿਆ ਸਾਡੇ ਤੇ ਵਿਆਜ ਚੜ੍ਹ ਜਾਂਦਾ ਹੈ । ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਚਿੰਤਾ ਨਹੀਂ ਹੈ । ਸਪੀਕਰ ਸਾਹਿਬ, ਮੇਰਾ ਇੱਕ ਸਵਾਲ ਹੈ । ਸਵਾਲ ਇਹ ਹੈ ਕਿ ਸਾਡੀ ਹਾਲਤ ਜਿਹੜੀ ਹੈ, ਉਹ ਕੋਈ ਬਹੁਤੀ ਚੰਗੀ ਨਹੀਂ ਪਰ ਜੇ ਤੁਸੀਂ ਸਮਝਦੇ ਹੋ ਕਿ ਇਹ ਚੰਗੀ ਹੈ ਤਾਂ ਮੈਨੂੰ ਇੱਕ ਗੱਲ ਦੱਸ ਦਿਓ, ਇਹ ਚੌਥਾ ਬਜਟ ਪੇਸ਼ ਹੋਇਆ ਹੈ । ਤੁਸੀਂ ਆਪਣੇ ਮੈਨੀਫੈਸਟੋ ਵਿੱਚ ਲੋਕਾਂ ਨਾਲ ਬੜੇ ਵਾਅਦੇ ਕੀਤੇ ਸਨ ਔਰ ਇੱਕ ਵੀ ਵਾਅਦਾ ਜਿਹੜਾ ਹੈ, ਇਸ ਵਿੱਚ ਕਿਤੇ ਨਜ਼ਰ ਨਹੀਂ ਆਉਂਦਾ ਜਿਸ ਵਾਸਤੇ ਤੁਸੀਂ ਪ੍ਰਾਜੈਕਟ ਕੀਤਾ ਹੋਵੇ ਤੇ ਬਜਟ ਵਿੱਚ ਹਿੱਸਾ ਰੱਖਿਆ ਹੋਵੇ। ਕੋਈ ਵਾਅਦਾ ਪੂਰਾ ਨਹੀਂ ਹੋਇਆ। ਇਹ ਚੌਥਾ ਬਜਟ ਹੈ । ਤੁਸੀਂ ਵਾਅਦਾ ਕੀਤਾ ਸੀ ਕਿ ਅਸੀਂ ਬੇਰੁਜ਼ਗਾਰੀ ਭੱਤਾ ਇੱਕ ਹਜ਼ਾਰ ਰੁਪਿਆ ਦਿਆਂਗੇ ਪਰ ਇਹ ਕਿਤੇ ਵੀ ਨਜ਼ਰ ਨਹੀਂ ਆਉਂਦਾ । ਤੁਸੀਂ ਵਾਅਦਾ ਕੀਤਾ ਸੀ ਕਿ ਅਸੀਂ ਲੈਪਟਾਪ ਦਿਆਂਗੇ ਪਰ ਇਹ ਵੀ ਕਿਤੇ ਨਜ਼ਰ ਨਹੀਂ ਆਉਂਦਾ। ਕਿਤੇ ਵੀ ਤੁਸੀਂ ਕੋਈ ਪੈਸਾ ਕਿਸੇ ਮਕਸਦ ਵਾਸਤੇ ਰੱਖਿਆ ਹੈ, ਉਹ ਨਜ਼ਰ ਨਹੀਂ ਆਉਂਦਾ ਕਿਉਂਕਿ ਤੁਹਾਡੀ ਮਜਬੂਰੀ ਹੈ । ਤੁਸੀਂ ਵੀ ਚਾਹੁੰਦੇ ਹੋ ਕਿ ਇਹ ਆਵੇ ਪਰ ਤੁਹਾਡੇ ਹਾਲਾਤ ਹੀ ਇਜਾਜ਼ਤ ਨਹੀਂ ਦਿੰਦੇ। ਤੁਹਾਡੇ ਕੋਲ ਸਾਧਨ ਵੀ

ਨਹੀਂ ਹਨ । ਤੁਹਾਨੂੰ ਵੀ ਚਿੰਤਾ ਹੈ ਕਿ ਸਾਲ-ਡੇਢ ਸਾਲ ਬਾਅਦ ਇਲੈਕਸ਼ਨ ਹੋਣੀ ਹੈ ਤੇ ਕਿਹੜੇ ਮੂੰਹ ਨਾਲ ਲੋਕਾਂ ਕੋਲ ਜਾਵਾਂਗੇ । ਇਹ ਤੁਹਾਡੇ ਸਾਹਮਣੇ ਹੈ। ਬੇਸ਼ਕ ਤੁਸੀਂ ਕਹੋ ਜਾਂ ਨਾ ਕਹੋ ਪਰ ਤੁਹਾਨੂੰ ਵੀ ਘਬਰਾਹਟ ਹੈ।

ਸਪੀਕਰ ਸਾਹਿਬ, ਦੂਜੀ ਗੱਲ ਮੈਂ ਕਹਿਣੀ ਚਾਹੁੰਦਾ ਹਾਂ ਕਿ ਨਸ਼ਿਆਂ ਦਾ ਮੁੱਦਾ ਪੰਜਾਬ ਵਿੱਚ ਬਹੁਤ ਹੀ ਅਹਿਮ ਮੁੱਦਾ ਹੈ । ਪਿਛਲੇ ਇੱਕ ਸਾਲ ਤੋਂ ਇਸ ਬਾਰੇ ਪੰਜਾਬ ਵਿੱਚ ਹਾਹਾਕਾਰ ਮਚੀ ਹੋਈ ਹੈ । ਮੇਰਾ ਸਵਾਲ ਹੈ ਕਿ ਇਨ੍ਹਾਂ ਨਸ਼ਿਆਂ ਨੂੰ ਰੋਕਣ ਵਾਸਤੇ ਸਰਕਾਰ ਗੰਭੀਰ ਹੈ ਜਾਂ ਨਹੀਂ ਹੈ । ਸਵਾਲ ਇਹ ਹੈ ਕਿ ਹੁਣ ਤੱਕ ਨਸ਼ਾ ਰੋਕਣ ਵਾਸਤੇ ਅਸੀਂ ਕੀ ਉਪਾਅ ਕੀਤੇ ਹਨ । ਇਸ ਬਜਟ ਅੰਦਰ ਕਿਤੇ ਇਸ ਗੱਲ ਦਾ ਜ਼ਿਕਰ ਹੈ ਕਿ ਨਸ਼ਿਆਂ ਨੂੰ ਰੋਕਣ ਵਾਸਤੇ ਅਸੀਂ ਕੀ ਪ੍ਰਬੰਧ ਕਰਾਂਗੇ ? ਨਹੀਂ ਹੈ। (...ਵਿਘਨ) ਮੇਰੀ ਗੱਲ ਧਿਆਨ ਨਾਲ ਸੁਣ ਲਓ। ਤੁਸੀਂ ਆਪਣੇ ਜਵਾਬ ਵਿੱਚ ਦੱਸ ਦੇਣਾ । ਮੈਂ ਸਵਾਲ ਕੀਤਾ ਸੀ ਕਿ ਪੰਜਾਬ ਵਿੱਚ ਨਸ਼ਾ ਛੁਡਾਊ ਕੇਂਦਰ ਸਰਕਾਰੀ ਅਤੇ ਗੈਰ ਸਰਕਾਰੀ ਮਾਨਤਾ ਪ੍ਰਾਪਤ ਕਿੰਨੇ ਹਨ? ਉਸ ਦਾ ਜਵਾਬ ਮੈਨੂੰ ਮਿਲਿਆ ਹੈ ਕਿ ਸਰਕਾਰੀ 24 ਹਨ, ਸਰਕਾਰ ਦੁਆਰਾ ਮਾਨਤਾ ਪ੍ਰਾਪਤ 6, ਰੈੱਡ ਕਰਾਸ ਦੇ 10 ਤੇ ਪੰਜ ਮਾਡਲ ਡੀ-ਐਡਿਕਸ਼ਨ ਸੈਂਟਰ ਜੋ ਮੈਡੀਕਲ ਕਾਲਜਾਂ ਦੇ ਅੰਦਰ ਹਨ । ਸਿਰਫ ਇਹ ਗਿਣਤੀ 45 ਬਣਦੀ ਹੈ। ਤੁਸੀਂ ਹੀ ਦੱਸੋ ਕਿ ਪ੍ਰਧਾਨ ਮੰਤਰੀ ਜੀ ਵੀ ਜਿਨ੍ਹਾਂ ਨੇ ਚਿੰਤਾ ਪ੍ਰਗਟਾਈ ਹੈ ਤੇ ਉਨ੍ਹਾਂ ਦੇ ਮੁਤਾਬਕ ਕਰੋੜਾਂ ਨੌਜਵਾਨ ਅਰਥਾਤ ਪੰਜਾਬ ਦੀ ਅਬਾਦੀ ਦਾ ਤਕਰੀਬਨ ਸੱਤਰ ਪਰਸੈਂਟ ਹਿੱਸਾ ਜਿਹੜਾ ਹੈ, ਉਹ ਨਸ਼ਿਆਂ ਵਿੱਚ ਗਲਤਾਨ ਹੋ ਚੁੱਕਾ ਹੈ। ਇਹ ਜਿਹੜਾ ਤੁਸੀਂ ਪ੍ਰਬੰਧ ਕੀਤਾ ਹੈ, ਇਹ ਤਿੰਨ ਸਾਲਾਂ ਦਾ ਹੈ ਤੇ ਜਿਹੜੇ ਇਹ 45 ਡੀ-ਐਡਿਕਸ਼ਨ ਸੈਂਟਰ ਹਨ, ਕੀ ਇਨ੍ਹਾਂ ਨਾਲ ਮਸਲਾ ਹੱਲ ਹੋ ਸਕਦਾ ਹੈ ? ਨਹੀਂ ਹੋ ਸਕਦਾ । ਸਪੀਕਰ ਸਾਹਿਬ, ਮੇਰੇ ਕੋਲ ਫਿਗਰਜ਼ ਹਨ, ਅੰਕੜੇ ਹਨ ਕਿ ਸਾਲ 2012, 2013 ਅਤੇ 2014 ਵਿੱਚ ਇਨ੍ਹਾਂ ਡੀ-ਐਡਿਕਸ਼ਨ ਸੈਂਟਰਾਂ ਵਿਚ ਕਰੋੜਾਂ ਨੌਜਵਾਨਾਂ ਵਿੱਚੋਂ 28665 ਨੌਜਵਾਨਾਂ ਦਾ ਇਲਾਜ ਹੋਇਆ ਹੈ ਜਿਹੜੇ ਨਸ਼ਿਆਂ ਦਾ ਸ਼ਿਕਾਰ ਹਨ । ਫਿਰ ਮੈਂ ਕਿਸ ਤਰ੍ਹਾਂ ਉਮੀਦ ਕਰ ਸਕਦਾ ਹਾਂ ਕਿ ਤੁਸੀਂ ਇਸ ਮਾਮਲੇ ਪ੍ਰਤੀ ਸੰਜੀਦਾ ਹੋ ? ਤੁਸੀਂ ਸੰਜੀਦਾ ਹੀ ਨਹੀਂ ਹੋ । ਇਸ ਗਲਤਾਨ ਵਿੱਚੋਂ ਪੰਜਾਬ ਦੇ ਨੌਜਵਾਨਾਂ ਨੂੰ ਕਿਸ ਤਰ੍ਹਾਂ ਕੱਢਾਂਗੇ, ਇਸ ਤੇ ਸਾਨੂੰ ਪੂਰੀ ਤਰ੍ਹਾਂ ਵਿਚਾਰ ਕਰਨੀ ਚਾਹੀਦੀ ਹੈ, ਇਹ ਬੜਾ ਹੀ ਚਿੰਤਾ ਦਾ ਵਿਸ਼ਾ ਹੈ ।

ਸਪੀਕਰ ਸਾਹਿਬ, ਤੀਜਾ ਮੇਰਾ ਮਸਲਾ ਓਵਰ ਡਰਾਫਟ ਹੈ। ਮੈਂ ਮਹਿਸੂਸ

[ ਸਰਦਾਰ ਲਾਲ ਸਿੰਘ ]

ਕਰਦਾ ਹਾਂ ਕਿ ਪੰਜਾਬ ਦੇ ਇਤਿਹਾਸ ਵਿੱਚ ਇੰਨਾ ਵੱਡਾ ਓਵਰ ਡਰਾਫਟ ਕਦੇ ਨਹੀਂ ਹੋਇਆ, ਜਿੰਨਾ ਇਸ ਸਾਲ ਹੋਇਆ ਹੈ। ਇਸ ਸਾਲ ਵਿੱਚ 126 ਦਿਨ ਓਵਰ ਡਰਾਫਟ ਰਿਹਾ ਹੈ, ਸਰਕਾਰ ਸਵਾ ਚਾਰ ਮਹੀਨੇ ਲਗਾਤਾਰ ਓਵਰ ਡਰਾਫਟ ਵਿੱਚ ਰਹੀ ਔਰ ਸਾਲ ਦੇ ਵਿੱਚ ਸਾਨੂੰ 20 ਵਾਰ ਓਵਰ ਡਰਾਫਟ ਵਿੱਚ ਜਾਣਾ ਪਿਆ, ਇਸ ਤੋਂ ਵੱਡੀ ਖਤਰੇ ਦੀ ਘੰਟੀ ਕੋਈ ਹੋ ਨਹੀਂ ਸਕਦੀ। ਸਪੀਕਰ ਸਾਹਿਬ, ਸਰਕਾਰ ਨੂੰ ਚਲਾਉਣ ਵਾਸਤੇ ਇਹ ਇੱਕ ਆਖਰੀ ਹਥਿਆਰ ਹੈ। ਇਹ ਇੱਕ ਆਖਰੀ ਦਵਾਈ ਹੈ। ਇਸ ਤੇ ਖਰਚਾ ਬਹੁਤ ਪੈਂਦਾ ਹੈ। ਮੈਨੂੰ ਵਜ਼ੀਰ ਸਾਹਿਬ ਦੱਸਣ ਕਿ ਇਸ ਓਵਰ ਡਰਾਫਟ ਨਾਲ ਪੰਜਾਬ ਤੇ ਕਿੰਨਾ ਵਾਧੂ ਵਿਆਜ ਦਾ ਬੋਝ ਪਿਆ ਹੈ, ਉਹ ਵੀ ਆਪਣੇ ਜਵਾਬ ਵਿੱਚ ਜ਼ਰੂਰ ਦੱਸਣ ਕਿ ਸਾਡਾ ਕਿੰਨਾ ਵੱਡਾ ਨੁਕਸਾਨ ਹੋਇਆ ਹੈ। ਸਪੀਕਰ ਸਾਹਿਬ, ਜੇਕਰ ਕਿਸੇ ਬਿਮਾਰ ਆਦਮੀ ਦਾ ਕੋਈ ਇਲਾਜ ਨਾ ਹੋਵੇ ਤਾਂ ਅਸੀਂ ਫਿਰ ਉਸ ਨੂੰ ਆਈ.ਸੀ.ਯੂ. ਵਿੱਚ ਦਾਖਲ ਕਰਵਾਉਂਦੇ ਹਾਂ। ਜਦੋਂ ਐਮਰਜੰਸੀ ਵਿੱਚ ਲੈ ਕੇ ਜਾਈਏ ਤਾਂ ਡਾਕਟਰ ਕਹਿੰਦਾ ਹੈ ਕਿ ਹਾਲਤ ਬਹੁਤ ਮਾੜੀ ਹੈ, ਇਸ ਨੂੰ ਆਈ.ਸੀ.ਯੂ. ਵਿੱਚ ਲੈ ਕੇ ਜਾਓ। ਮੈਂ ਸਮਝਦਾ ਹਾਂ ਕਿ ਜਿਹੜੀ ਸਰਕਾਰ ਸਵਾ ਚਾਰ ਮਹੀਨੇ ਸਾਲ ਵਿੱਚ ਆਈ.ਸੀ.ਯੂ. ਵਿੱਚ ਰਹੀ ਹੋਵੇ, ਉਹ ਕਿਸ ਤਰ੍ਹਾਂ ਗਰੀਬਾਂ ਦਾ ਭਲਾ ਕਰੇਗੀ, ਕਿਸ ਤਰ੍ਹਾਂ ਪੰਜਾਬ ਨੂੰ ਬਚਾਏਗੀ? ਤੁਹਾਡੀ ਤਾਂ ਆਪਣੀ ਸੁਰਤ ਟਿਕਾਣੇ ਨਹੀਂ, ਤੁਸੀਂ ਕਿਸ ਤਰ੍ਹਾਂ ਕਰੋਗੇ। ਇਹ ਇੱਕ ਬਹੁਤ ਵੱਡਾ ਚਿੰਤਾ ਦਾ ਵਿਸ਼ਾ ਹੈ। ਸਪੀਕਰ ਸਾਹਿਬ, ਅਖਬਾਰਾਂ ਵਿੱਚ ਬੜੀਆਂ ਖਬਰਾਂ ਛਪਦੀਆਂ ਰਹੀਆਂ। ਹਰ ਵੇਲੇ ਛਪਦੀਆਂ ਰਹੀਆਂ। ਮੈਂ ਉਨ੍ਹਾਂ ਦਾ ਜ਼ਿਕਰ ਨਹੀਂ ਕਰਦਾ ਕਿਉਂਕਿ ਉਹ ਮੇਰੇ ਕੋਲ ਬਹੁਤ ਲੰਬੀ ਲਿਸਟ ਹੈ। ਅਖਬਾਰਾਂ ਦੀਆਂ ਕਟਿੰਗਾਂ ਹਨ-ਇੰਗਲਿਸ਼ ਟ੍ਰਿਬਿਊਨ 15.10.2014 ਕਹਿੰਦਾ ਹੈ-Black Diwali for 28 lac elderly or widows. ਤੁਸੀਂ ਦੱਸੋ, ਤੁਸੀਂ ਤਾਂ ਵਾਇਦਾ ਕੀਤਾ ਸੀ ਕਿ ਇਨ੍ਹਾਂ ਦੀਆਂ ਪੈਨਸ਼ਨਾਂ ਵਧਾਵਾਂਗੇ ਪਰੰਤੂ ਇਨ੍ਹਾਂ ਦੀਆਂ ਪੈਨਸ਼ਨਾਂ ਤਾਂ ਵਧੀਆਂ ਨਹੀਂ ਪਰ ਇਨ੍ਹਾਂ ਦੀ ਦੀਵਾਲੀ ਸੁੱਕੀ ਚਲੀ ਗਈ। ਸਪੀਕਰ ਸਾਹਿਬ, ਹਾਈ ਕੋਰਟ ਦਾ ਹੁਕਮ ਹੈ ਕਿ ਹਰ ਮਹੀਨੇ ਪੈਨਸ਼ਨਾਂ ਦਿਓ। ਤੁਸੀਂ ਤਾਂ ਦੇ ਹੀ ਨਹੀਂ ਰਹੇ, ਵਧਾਉਣੀਆਂ ਤਾਂ ਇੱਕ ਪਾਸੇ। ਇਥੇ ਹੀ ਬੱਸ ਨਹੀਂ। ਮੈਂ ਅੱਗੇ ਕਹਿਣਾ ਚਾਹੁੰਦਾ ਹਾਂ ਇਸ ਵਿੱਚ 14,00,108 ਬੁਢਾਪਾ ਪੈਨਸ਼ਨਰ, 3,05,577 ਵਿਧਵਾਵਾਂ, ਡਿਪੈਂਡੈਂਟ ਚਿਲਡਰਿਨ 1,26,000, ਹੈਂਡੀਕੈਪਡ 1,50,000 ਤਕਰੀਬਨ 20 ਲੱਖ ਲੋਕ ਸਫਰਰ ਹਨ, ਜਿਨ੍ਹਾਂ ਨੂੰ ਨਹੀਂ ਮਿਲਿਆ।

ਹੁਣ ਇਹ ਕਹਿੰਦੇ ਹਨ ਕਿ ਕੁਝ ਕੀਤਾ ਹੈ ਪਰ ਮੈਨੂੰ ਨਹੀਂ ਪਤਾ ਕਿ ਕੀ ਹੋਇਆ ਹੈ, ਕੀ ਨਹੀਂ ਪਰ ਇਹ "ਟ੍ਰਿਬਿਊਨ" ਅਖਬਾਰ ਦੀ ਖਬਰ ਹੈ, ਤੁਸੀਂ ਇਸ ਵੱਲ ਧਿਆਨ ਦਿਓ। ਦੂਜੀ ਗੱਲ, ਸ਼ਗਨ ਸਕੀਮ ਨੂੰ ਲਗਾਈਆਂ ਬਰੇਕਾਂ। ਇਹ ਪੰਜਾਬੀ ਟ੍ਰਿਬਿਊਨ 21.11.2014 ਦੀ ਖਬਰ ਹੈ। "10,000 ਬੀਬੀਆਂ ਨੂੰ ਨਹੀਂ ਮਿਲਿਆ ਸਰਕਾਰੀ ਸ਼ਗਨ"। ਸਪੀਕਰ ਸਾਹਿਬ, ਇਥੇ ਹੀ ਬੱਸ ਨਹੀਂ। ਕਾਲਜਾਂ ਦੇ ਇੰਪਲਾਈਜ਼ ਹਨ ਅਤੇ ਪ੍ਰਾਈਵੇਟ ਕਾਲਜਾਂ ਦੇ ਇੰਪਲਾਈਜ਼ ਨੂੰ ਇੱਕ ਸਾਲ ਤੋਂ ਤਨਖਾਹ ਨਹੀਂ ਮਿਲੀ। ਸਰਕਾਰੀ ਕਾਲਜਾਂ ਦੇ ਇੰਪਲਾਈਜ਼ ਨੂੰ ਤਿੰਨ ਮਹੀਨੇ ਤੋਂ ਤਨਖਾਹ ਨਹੀਂ ਮਿਲੀ। ਇਸ ਤੋਂ ਵੱਡੀ ਗੱਲ ਹੋਰ ਕੀ ਹੋ ਸਕਦੀ ਹੈ। ਸਾਡੀ ਹਾਲਤ ਇਹ ਹੈ । ਮੈਂ ਸਰਦਾਰ ਤੋਤਾ ਸਿੰਘ ਜੀ ਦਾ ਸਤਿਕਾਰ ਕਰਦਾ ਹਾਂ ਇਹ ਬੜੇ ਵਧੀਆ ਇਨਸਾਨ ਹਨ। ਮੈਂ ਦੇਖਿਆ ਹੈ ਕਿ ਜਦ ਸੱਚਾਈ ਸਾਹਮਣੇ ਆਉਂਦੀ ਹੈ ਤਾਂ ਉਹ ਸੱਚਾਈ ਬੋਲਣ ਤੋਂ ਰੁਕਦੇ ਨਹੀਂ। ਉਨ੍ਹਾਂ ਦਿਨਾਂ ਦੀ ਗੱਲ ਹੈ, ਜਦੋਂ ਮੰਡੀਆਂ ਵਿੱਚ ਹਾਹਾਕਾਰ ਮਚੀ ਹੋਈ ਸੀ। ਉਸ ਵੇਲੇ ਸੀ.ਸੀ. ਲਿਮਿਟ ਦਾ ਰੌਲਾ ਸੀ। ਇਨ੍ਹਾਂ ਕੋਲ ਮਹਿਕਮਾ ਖੇਤੀਬਾੜੀ ਦਾ ਹੈ। ਇਨ੍ਹਾਂ ਨੂੰ ਆੜ੍ਹਤੀ ਪ੍ਰੇਸ਼ਾਨ ਕਰਦੇ ਸੀ। ਇਨ੍ਹਾਂ ਨੂੰ ਕਿਸਾਨ ਪ੍ਰੇਸ਼ਾਨ ਕਰਦੇ ਸੀ। ਉਨ੍ਹਾਂ ਨੂੰ ਕਿਤੇ ਗਲਤੀ ਨਾਲ ਸਕੂਲਾਂ ਦੇ ਮਾਸਟਰ ਮਿਲਣ ਵਾਸਤੇ ਚਲੇ ਗਏ। ਸਰਦਾਰ ਤੋਤਾ ਸਿੰਘ ਜੀ ਦਾ ਉਨ੍ਹਾਂ ਨੂੰ ਜਵਾਬ ਕੀ ਸੀ, ਉਹ ਕਹਿੰਦੇ ਸਾਡਾ ਬੇੜਾ ਤਾਂ ਪਹਿਲਾਂ ਹੀ ਡੁੱਬਿਆ ਹੋਇਆ ਹੈ ਤੇ ਮੇਰੇ ਤੋਂ ਤੁਸੀਂ ਤਨਖਾਹਾਂ ਭਾਲਦੇ ਹੋ। ਇਸ ਨੂੰ ਤਾਂ ਤੁਸੀਂ ਸੱਚ ਮੰਨੋ। ਮੈਂ ਸਮਝਦਾ ਹਾਂ ਕਿ ਉਨ੍ਹਾਂ ਨੇ ਗਲਤ ਗੱਲ ਨਹੀਂ ਕਹੀ। ਮੈਂ ਵੀ ਉਸ ਹਾਲਤ ਵਿੱਚ ਹੋਵਾਂ ਤਾਂ ਮੇਰੇ ਕੋਲ ਕੋਈ ਜਵਾਬ ਨਹੀਂ। ਸਪੀਕਰ ਸਾਹਿਬ, ਇਹ ਗੱਲਾਂ ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਸੀ। ਹੁਣ ਮੈਂ ਅਗਲੀ ਗੱਲ ਤੁਹਾਡੇ ਧਿਆਨ ਵਿੱਚ ਲਿਆਉਣੀ ਚਾਹੁੰਦਾ ਹਾਂ। ਸਪੀਕਰ ਸਾਹਿਬ, ਜਿਹੜੀ ਆਰਥਿਕ ਤੰਗੀ ਹੈ, ਉਸ ਦਾ ਸਭ ਤੋਂ ਵੱਡਾ ਕਾਰਨ, ਜਿਹੜੀ ਪੁਆੜੇ ਦੀ ਜੜ੍ਹ ਹੈ, ਉਹ ਹੈ ਇਹ ਕਰਜ਼ਾ। ਇਹ ਕਰਜ਼ਾ ਸਾਡਾ 13 ਹਜ਼ਾਰ ਕਰੋੜ ਰੁਪਏ ਤੋਂ ਵੱਧ ਕੇ 1,24,500 ਕਰੋੜ ਰੁਪਏ ਦਾ ਹੋ ਚੁੱਕਿਆ ਹੈ। ਬਾਦਲ ਸਾਹਿਬ ਤੋਂ ਸਾਨੂੰ ਬੜੀਆਂ ਉਮੀਦਾਂ ਸੀ। ਬਾਦਲ ਸਾਹਿਬ ਨੇ ਕੋਸ਼ਿਸ਼ ਵੀ ਕੀਤੀ। ਬਾਦਲ ਸਾਹਿਬ ਨੇ ਚੋਣਾਂ ਵਿੱਚ ਲੋਕਾਂ ਨਾਲ ਵਾਇਦੇ ਵੀ ਬੜੇ ਕੀਤੇ ਕਿ ਐਨ.ਡੀ.ਏ. ਸਰਕਾਰ ਬਣੇਗੀ, ਜੇਤਲੀ ਸਾਹਿਬ ਖਜ਼ਾਨਾ ਮੰਤਰੀ ਬਣਨਗੇ ਅਤੇ ਉਸ ਵੇਲੇ ਪੰਜਾਬ ਦੇ ਵਾਰੇ-ਨਿਆਰੇ ਹੋ ਜਾਣੇ ਹਨ ਔਰ ਪੈਕੇਜ ਵੀ ਲਿਆਵਾਂਗੇ, ਕਰਜ਼ਾ ਵੀ ਮੁਆਫ ਕਰਵਾਵਾਂਗੇ, ਟਰੱਕਾਂ ਦੇ ਟਰੱਕ ਨੋਟਾਂ ਦੇ

[ ਸਰਦਾਰ ਲਾਲ ਸਿੰਘ ]

ਆਉਣਗੇ। ਸਾਨੂੰ ਵੀ ਬੜੀ ਉਮੀਦ ਸੀ ਕਿਉਂਕਿ ਇਸ ਤੋਂ ਬਗੈਰ ਚਾਰਾ ਵੀ ਕੋਈ ਨਹੀਂ ਹੈ। ਬਾਦਲ ਸਾਹਿਬ, ਇਹ ਤੁਹਾਡੀ ਗੱਲ ਠੀਕ ਹੈ ਔਰ ਇਸ ਮਸਲੇ ਨੂੰ ਲੈ ਕੇ ਤੁਸੀਂ ਪ੍ਰਧਾਨ ਮੰਤਰੀ ਜੀ ਨੂੰ ਮਿਲੇ। ਇਹ ਮੇਰੇ ਕੋਲ ਖਬਰ ਹੈ, 30.9.2014 ਨੂੰ "C.M. seeks Rs.1.1 lac crore debt waiver, snubbed by Jaitley; Badal meets Modi in New Delhi to press for fiscal package.". ਬੜੀ ਅੱਛੀ ਗੱਲ ਹੈ, ਅੱਛੀ ਸੋਚ ਸੀ ਔਰ ਤੁਸੀਂ ਕਿਹਾ ਕਿ ਇਹ ਜਿਹੜਾ ਕਰਜ਼ਾ ਹੈ ਇਹ ਸਾਡੇ ਵੇਲੇ ਦਾ ਨਹੀਂ ਹੈ। ਇਹ ਪੁਰਾਣਾ ਕਰਜ਼ਾ ਹੈ Punjab is being punished for fighting against militancy. ਇਹ ਠੀਕ ਕਿਹਾ ਹੈ ਔਰ ਦੂਜੇ ਪਾਸੇ ਤੁਸੀਂ ਕਿਹਾ ਹੈ ਕਿ the outstanding debt is Rs.1.2 lac crore taken between 1981 and 1992. ਤੁਸੀਂ ਤਾਂ ਕਮਾਲ ਹੀ ਕਰ ਦਿੱਤੀ। ਤੁਸੀਂ ਸਾਰਾ ਖਾਤਾ ਕੱਢ ਕੇ ਸਾਡੇ ਵਾਲੇ ਪਾਸੇ ਪਾ ਦਿੱਤਾ ਕਿ ਇੱਕ ਲੱਖ ਕਰੋੜ ਰੁਪਏ ਦਾ ਪੁਰਾਣਾ ਕਰਜ਼ਾ ਹੈ। ਚਲੋ, ਮੈਂ ਇਸ ਬਾਰੇ ਡਿਟੇਲ ਵਿੱਚ ਬਾਅਦ ਵਿਚ ਗੱਲ ਕਰਾਂਗਾ। ਸਪੀਕਰ ਸਾਹਿਬ, ਉਸ ਤੋਂ ਬਾਅਦ ਹੋਇਆ ਕੀ, ਕਰਜ਼ਾ ਤਾਂ ਮੁਆਫ ਨਹੀਂ ਹੋਇਆ, ਛੇ ਮਹੀਨੇ ਲੰਘ ਗਏ ਲੇਕਿਨ ਹੋਇਆ ਕੀ ਕਿ ਜਿਵੇਂ ਕਹਿੰਦੇ ਹਨ ਕਿ ਈਦ ਮੁਆਫ ਕਰਾਉਣ ਗਏ ਸੀ ਪਰ ਰੋਜ਼ੇ ਗਲ ਪੈ ਗਏ। ਹੋਇਆ ਕੀ ਕਿ ਭਾਰਤ ਸਰਕਾਰ ਦੀ, ਜੇਤਲੀ ਸਾਹਿਬ ਦੀ ਚਿੱਠੀ ਆ ਗਈ ਕਿ ਸੀ. ਸੀ. ਲਿਮਟ ਜਿਹੜੀ ਹੈ ਉਹ ਤੁਹਾਨੂੰ ਨਹੀਂ ਮਿਲ ਸਕਦੀ। 42000 ਕਰੋੜ ਰੁਪਿਆ ਪਹਿਲਾਂ ਹੀ ਤੁਹਾਡੇ ਪਾਸੇ ਖੜ੍ਹਾ ਹੈ। ਪਹਿਲਾਂ ਉਸ ਨੂੰ ਇਸਤੇਮਾਲ ਕਰੋ, ਫਿਰ ਅਗਲੀ ਗੱਲ ਸਾਡੇ ਨਾਲ ਕਰਿਉ । ਇਸ ਦੀ ਸਾਰੇ ਪੰਜਾਬ ਵਿਚ ਹਾਹਾਕਾਰ ਪਈ, ਮੰਡੀਆਂ ਵਿਚ ਪਈ, ਆੜ੍ਹਤੀਆਂ ਵਿਚ ਪਈ, ਕਿਸਾਨਾਂ ਵਿਚ ਪਈ , ਫਿਰ ਤਰਲਾ ਕਰਕੇ ਉਸ ਤੋਂ ਇਨ੍ਹਾਂ ਨੇ ਖਹਿੜਾ ਤਾਂ ਛੁਡਵਾ ਲਿਆ ਪਰ ਸਵਾਲ ਇਹ ਹੈ ਕਿ ਇਹ ਕੋਈ ਸੀ. ਸੀ. ਲਿਮਟ ਪਹਿਲੀ ਵਾਰ ਤਾਂ ਨਹੀਂ ਸੀ ਹੋਈ । ਇਹ ਤਾਂ ਪਹਿਲਾਂ ਹੀ ਪਿਛਲੇ ਤਿੰਨ ਚਾਰ ਸਾਲ ਤੋਂ ਵਧੀ ਹੋਈ ਸੀ। ਕਦੇ ਡਾਕਟਰ ਮਨਮੋਹਨ ਸਿੰਘ ਜੀ ਨੇ ਯੂ.ਪੀ.ਏ. ਦੀ ਸਰਕਾਰ ਵੇਲੇ ਤੁਹਾਨੂੰ ਪ੍ਰੇਸ਼ਾਨ ਕੀਤਾ ਹੈ? ਫਿਰ ਤੁਸੀਂ ਕਹੋ ਕਿ ਸਾਡੇ ਨਾਲ ਤਾਂ ਵਿਤਕਰਾ ਹੁੰਦਾ ਸੀ। ਸਾਡੇ ਨਾਲ ਤਾਂ ਮਤਰੇਈ ਮਾਂ ਵਾਲਾ ਸਲੂਕ ਹੁੰਦਾ ਸੀ।ਤੁਸੀਂ ਇਸ ਬਾਰੇ ਜ਼ਰਾ ਆਪਣੇ ਅੰਦਰ ਝਾਤੀ ਮਾਰੋ। ਸਪੀਕਰ ਸਾਹਿਬ, ਇਥੇ ਹੀ ਬੱਸ ਨਹੀਂ। ਅੱਗੇ ਮੈਂ ਦੱਸਣਾ ਚਾਹੁੰਦਾ ਹਾਂ ਇੰਡੀਅਨ ਐਕਸਪ੍ਰੈਸ ਦੀ ਖਬਰ ਹੈ, ਇਹ 15 ਜਨਵਰੀ, 2015 ਦੀ ਖਬਰ ਹੈ, Centre stalls Rs.400

crore aid for Punjab, Rs.700 crore investment waiver on loans against small savings schemes. ਸਪੀਕਰ ਸਾਹਿਬ, ਕਦੇ ਹੋਇਆ ਕਿ 700 ਕਰੋੜ ਰੁਪਿਆ ਜਿਹੜਾ ਸਾਨੂੰ ਮਿਲਣਾ ਸੀ ਉਸ ਵਿਚੋਂ ਵੀ 400 ਕਰੋੜ ਰੁਪਿਆ ਕੱਟ ਲਿਆ । ਇਸ ਬਾਰੇ ਢੀਂਡਸਾ ਸਾਹਿਬ ਨੇ ਪ੍ਰੋਟੈਸਟ ਦੇ ਤੌਰ ਤੇ ਲੈਟਰ ਵੀ ਲਿਖਿਆ, ਪਤਾ ਨਹੀਂ ਇਨ੍ਹਾਂ ਦੀ ਬਾਅਦ ਵਿਚ ਕੋਈ ਸੁਣਵਾਈ ਹੋਈ ਜਾਂ ਨਹੀਂ ਹੋਈ, ਇਨ੍ਹਾਂ ਨੂੰ ਚਾਰ ਸੌ ਕਰੋੜ ਰੁਪਿਆ ਮਿਲਿਆ ਹੈ ਜਾਂ ਨਹੀਂ, ਇਹ ਤਾਂ ਇਹ ਦੱਸਣਗੇ ਇਹ ਮੈਨੂੰ ਨਹੀਂ ਪਤਾ ਪਰ ਜਿਥੋਂ ਤੱਕ ਮੇਰੀ ਜਾਣਕਾਰੀ ਹੈ ਕਿ ਇਸ ਤੋਂ ਵੱਡਾ ਧੱਕਾ ਪੰਜਾਬ ਨਾਲ ਨਹੀਂ ਹੋ ਸਕਦਾ । ਤੁਸੀਂ ਕੀ ਉਮੀਦ ਕਰਦੇ ਹੋ ਕਿ ਉਹ ਤੁਹਾਨੂੰ ਦੇਣਗੇ? ਸਪੀਕਰ ਸਾਹਿਬ, ਅਗਲੀ ਖਬਰ ਸੁਣੋ। ਇਹ 15.11.2014 ਦੀ ''ਜੱਗਬਾਣੀ'' ਅਖਬਾਰ ਦੀ ਖਬਰ ਹੈ: ਕੇਂਦਰ ਅਤੇ ਪੰਜਾਬ ਵਿਚ ਟਕਰਾਅ; ਵਿੱਤ ਮੰਤਰਾਲੇ ਨੇ ਹੁਣ ਨਵਾਂ ਕਰਜ਼ਾ ਨਾ ਦੇਣ ਦੇ ਰਿਜ਼ਰਵ ਬੈਂਕ ਨੂੰ ਹੁਕਮ ਭੇਜ ਦਿੱਤੇ ਕਿ ਇਨ੍ਹਾਂ ਨੇ ਪਹਿਲਾਂ ਹੀ ਬਥੇਰਾ ਕਰਜ਼ਾ ਲਿਆ ਹੋਇਆ ਹੈ ਹੋਰ ਕਰਜ਼ਾ ਕਾਹਦੇ ਵਾਸਤੇ। ਮੈਂ ਦੱਸਣਾ ਚਾਹੁੰਦਾ ਹਾਂ ਕਿ 200 ਕਰੋੜ ਏਸ਼ੀਅਨ ਡਿਵੈਲਪਮੈਂਟ ਬੈਂਕ ਵੱਲੋਂ, 40000 ਸੋਲਰ ਪੰਪਾਂ ਵਾਸਤੇ ਮਨਜ਼ੂਰ ਹੋਇਆ ਸੀ ਪਰ ਉਸ ਦੇ ਉਤੇ ਕੇਂਦਰ ਦੀ ਸਰਕਾਰ ਨੇ ਰੋਕ ਲਗਾ ਦਿੱਤੀ। ਤੁਸੀਂ ਕੀ ਉਮੀਦ ਕਰਦੇ ਹੋ ਕਿ ਤੁਹਾਡੇ ਪੱਲੇ ਕੁਝ ਪਵੇਗਾ। ਇਥੇ ਹੀ ਬੱਸ ਨਹੀਂ । ਜਿਸ ਦਾ ਇਸ ਨਾਲ ਤੁਅੱਲਕ ਨਹੀਂ ਹੈ, ਸਾਨੂੰ ਹਮਦਰਦੀ ਹੈ ਬੀਬੀ ਹਰਸਿਮਰਤ ਕੌਰ ਬਾਦਲ, ਸਾਡੀ ਬੇਟੀ ਉਥੇ ਵਜ਼ੀਰ ਹੈ ਉਨ੍ਹਾਂ ਦੇ ਮਹਿਕਮੇ ਦੇ ਬਜਟ ਦੇ ਉਤੇ ਵੀ 110 ਕਰੋੜ ਰੁਪਏ ਦੀ ਕੈਂਚੀ ਫੇਰ ਦਿੱਤੀ, ਕੈਂਚੀ ਫੇਰ ਦਿੱਤੀ। (ਹਾਸਾ) ਇਸ ਦਾ ਸਾਨੂੰ ਦੁੱਖ ਹੈ। ਪਰ ਡਾਕਟਰ ਮਨਮੋਹਨ ਸਿੰਘ ਨੇ ਤੁਹਾਡੇ ਨਾਲ ਕਦੇ ਅਜਿਹਾ ਨਹੀਂ ਕੀਤਾ, ਜੋ ਤੁਹਾਡੇ ਨਾਲ ਹੁਣ ਹੋ ਰਿਹਾ ਹੈ। ਬਾਦਲ ਸਾਹਿਬ ਜੇ ਇਸੇ ਤਰ੍ਹਾਂ ਹੀ ਚਲਦਾ ਰਿਹਾ, ਇਕ ਸਾਲ ਲੰਘ ਗਿਆ ਤੇ ਥੋੜ੍ਹਾ ਜਿਹਾ ਸਮਾਂ ਰਹਿ ਗਿਆ ਹੈ ਤੇ ਪੰਜਾਬ ਦਾ ਕੁਝ ਬਚਣਾ ਨਹੀਂ ਹੈ, ਕਰਜ਼ਾ ਜੇ ਮੁਆਫ ਨਾ ਹੋਇਆ, ਕੋਈ ਪੈਕੇਜ ਨਾ ਮਿਲਿਆ, ਤੁਸੀਂ ਇੰਡਸਟਰੀਅਲ ਪੈਕੇਜ ਦੀ ਗੱਲ ਕਰਦੇ ਹੋ। ਉਸ ਬਾਰੇ ਮੈਂ ਅੱਗੇ ਗੱਲ ਕਰਾਂਗਾ।ਅੱਜ ਤੱਕ ਕੋਈ ਇੰਡਸਟਰੀ ਪੈਕੇਜ ਨਹੀਂ ਮਿਲਿਆ । ਮੈਂ ਕਹਿਣਾ ਚਾਹੁੰਦਾ ਹਾਂ ਕਿ ਗੁਜਰਾਤ ਵਿਚ ਪੰਜਾਬੀਆਂ ਦਾ ਮਸਲਾ ਹੈ ਤੁਹਾਨੂੰ ਕਿਸੇ ਨੇ ਟਕੇ ਸੇਰ ਨਹੀਂ ਪੁੱਛਿਆ, ਟਕੇ ਸੇਰ । ਉਹ ਆਰਡਰ ਹੁਣ ਤੱਕ ਵਾਪਸ ਨਹੀਂ ਹੋਇਆ, ਜਿਸ ਬਾਰੇ ਸੁਪਰੀਮ ਕੋਰਟ ਵਿੱਚ ਅਪੀਲ ਕੀਤੀ ਸੀ, ਮੋਦੀ ਸਾਹਿਬ ਇੱਥੇ ਕਹਿ ਕੇ ਗਏ ਸਨ,

ਅਜਿਹੀ ਕੋਈ ਗੱਲ ਨਹੀਂ ਹੋਈ। ਜੇਕਰ ਆਪਾਂ ਇਸੇ ਤਰ੍ਹਾਂ ਚੁੱਪ-ਚਾਪ ਕਰਦੇ ਰਹੇ ਤਾਂ ਸ਼੍ਰੋਮਣੀ ਅਕਾਲੀ ਦਲ ਦਾ ਵਜੂਦ ਖ਼ਤਮ ਹੋ ਜਾਵੇਗਾ। ਬਾਦਲ ਸਾਹਿਬ, ਤੁਹਾਨੂੰ ਸੈਂਟਰ ਦੇ ਖਿਲਾਫ਼ ਡਟਣਾ ਪਵੇਗਾ। ਪਹਿਲਾਂ ਤਾਂ ਤੁਸੀਂ ਕੋਈ ਗੱਲ ਹੁੰਦੀ ਸੀ, ਘੁੰਮਾ-ਫਿਰਾ ਕੇ ਕੇਂਦਰ ਸਰਕਾਰ ਤੇ ਭੰਨ ਦਿੰਦੇ ਸੀ ਕਿ ਕੇਂਦਰ ਸਰਕਾਰ ਸਾਡੇ ਨਾਲ ਧੱਕਾ ਕਰ ਰਹੀ ਹੈ, ਕਾਂਗਰਸ ਵਾਲੇ ਸਾਡੇ ਨਾਲ ਧੱਕਾ ਕਰਦੇ ਹਨ। ਹੁਣ ਕਿਸ ਦੇ ਸਿਰ ਠੀਕਰਾ ਭੰਨੋਗੇ? ਭੰਨਣ ਵਾਸਤੇ ਠੀਕਰਾ ਤਿਆਰ ਕਰੋ ਅਤੇ ਪੰਜਾਬ ਦੇ ਹਿਤਾਂ ਵਾਸਤੇ ਡੱਟ ਕੇ ਲੜਾਈ ਲੜੋ। ਅਸੀਂ ਤੁਹਾਡੇ ਨਾਲ ਹਾਂ। (ਵਿਘਨ)

**ਮਾਨਯੋਗ ਸਪੀਕਰ :** ਡਿਸਟਰਬ ਕਰਨ ਦੀ ਕੋਸ਼ਿਸ਼ ਨਾ ਕਰੋ। Please silence. ਬੜਾ ਸੀਰੀਅਸ ਮਸਲਾ ਹੈ, ਬਜਟ ਪੇਸ਼ ਹੋਇਆ ਹੈ ਅਤੇ ਉਸ ਤੇ ਬਹਿਸ ਹੋ ਰਹੀ ਹੈ। ਹਾਂ ਜੀ, ਸਰਦਾਰ ਲਾਲ ਸਿੰਘ ਜੀ ਕੰਟੀਨਿਊ ਕਰੋ।

**ਸਰਦਾਰ ਲਾਲ ਸਿੰਘ :** ਸਪੀਕਰ ਸਾਹਿਬ, ਬਾਦਲ ਸਾਹਿਬ ਬਹੁਤ ਸਿਆਣੇ ਹਨ। ਅਸੀਂ ਇਨ੍ਹਾਂ ਦਾ ਮੁਕਾਬਲਾ ਨਹੀਂ ਕਰ ਸਕਦੇ। ਇਨ੍ਹਾਂ ਦਾ ਤਜਰਬਾ ਬੜਾ ਹੈ ਪਰ ਜਿਸ ਤਰੀਕੇ ਨਾਲ ਇਨ੍ਹਾਂ ਨੂੰ ਤਜਰਬਾ ਹੈ ਕਿ ਲੋਕਾਂ ਨੂੰ ਕਿਸ ਤਰ੍ਹਾਂ ਗੁੰਮਰਾਹ ਕਰਨਾ ਹੈ, ਕਿਸ ਤਰ੍ਹਾਂ ਲੋਕਾਂ ਨੂੰ ਗਧੀ ਗੇੜ ਵਿੱਚ ਪਾਉਣਾ ਹੈ, ਮੇਰੇ ਕੋਲ ਇਸ ਗੱਲ ਦਾ ਸਬੂਤ ਹੈ। ਸਪੀਕਰ ਸਾਹਿਬ, ਜਿਸ ਤਰ੍ਹਾਂ ਉਨ੍ਹਾਂ ਨੇ ਕਿਹਾ ਹੈ ਕਿ ਸਾਲ 1992 ਤੱਕ 1 ਲੱਖ 2000 ਕਰੋੜ ਰੁਪਏ ਦਾ ਇਹ ਕਰਜ਼ਾ ਮਿਲੀਟੈਂਸੀ ਵੇਲੇ ਦਾ ਸਾਡੇ ਕੋਲ ਆਇਆ ਹੈ। ਮੈਨੂੰ ਬੜੀ ਹੈਰਾਨੀ ਹੋਈ ਹੈ। ਲੋਕ ਭੁੱਲ ਜਾਂਦੇ ਹਨ ਅਤੇ ਉਨ੍ਹਾਂ ਨੂੰ ਕੁਝ ਪਤਾ ਨਹੀਂ ਲਗਦਾ ਅਤੇ ਮੈਂ ਤੁਹਾਨੂੰ ਸਹੀ ਗੱਲ ਦੱਸਾਂ ਕਿ ਐਮ.ਐਲ.ਏਜ਼ ਨੂੰ ਵੀ ਪਤਾ ਨਹੀਂ ਲਗਦਾ। ਅਸਲੀਅਤ ਕੀ ਹੈ? ਅਸਲੀਅਤ ਇਹ ਹੈ ਕਿ 31 ਮਾਰਚ, 1997 ਨੂੰ ਜਦੋਂ ਬੀਬੀ ਭੱਠਲ ਵੇਲੇ ਸਾਡੀ ਸਰਕਾਰ ਸੀ, ਉਸ ਤੋਂ ਬਾਅਦ ਸਰਦਾਰ ਪਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਬਣੇ। ਸਪੀਕਰ ਸਾਹਿਬ, ਉਸ ਵੇਲੇ ਕਰਜ਼ਾ ਸਿਰਫ਼ 15,000 ਕਰੋੜ ਰੁਪਿਆ ਸੀ। ਜਿਹੜਾ ਮਿਲੀਟੈਂਸੀ ਵੇਲੇ ਦਾ 5800 ਕਰੋੜ ਰੁਪਏ ਦਾ ਟਰਮ ਲੋਨ ਸੀ, ਉਹ ਵੀ ਵਿੱਚ ਹੀ ਸ਼ਾਮਲ ਸੀ। ਮੈਨੂੰ ਹੈਰਾਨੀ ਹੈ ਕਿ ਇਹ ਕਿਹੜੇ 1 ਲੱਖ 2000 ਕਰੋੜ ਰੁਪਏ ਦੀ ਗੱਲ ਕਰਦੇ ਹਨ। ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਇਹ ਫਿਗਰਜ਼ ਦੱਸ ਚੁੱਕਿਆ ਹਾਂ ਪਰ ਮੈਨੂੰ ਇਹ ਫੇਰ ਦੱਸਣੀਆਂ ਪੈਣੀਆਂ ਹਨ ਕਿਉਂਕਿ ਜਿਹੜੀਆਂ ਬਾਦਲ ਸਾਹਿਬ ਦੀਆਂ ਸਟੇਟਮੈਂਟਾਂ ਹਨ, ਇਹ ਲੋਕਾਂ ਨੂੰ ਗੁੰਮਰਾਹ ਕਰਨ ਵਾਲੀਆਂ ਹਨ। ਲੋਕਾਂ

ਦੀਆਂ ਅੱਖਾਂ ਵਿੱਚ ਧੂੜ ਝੋਂਕਣ ਵਾਲੀਆਂ ਹਨ। ਇਸ ਕਰਕੇ ਮੈਨੂੰ ਇਹ ਦੁਬਾਰਾ ਕਹਿਣ ਦੀ ਲੋੜ ਪੈ ਰਹੀ ਹੈ, ਵਰਨਾ ਮੈਨੂੰ ਲੋੜ ਨਹੀਂ ਸੀ। ਸਾਲ 2002 ਵਿੱਚ ਜਦੋਂ ਇਹ ਗਏ ਅਤੇ ਅਸੀਂ ਸਰਕਾਰ ਵਿੱਚ ਆਏ, ਉਸ ਵੇਲੇ ਕਰਜ਼ਾ 36,858 ਕਰੋੜ ਰੁਪਏ ਸੀ। ਇਨ੍ਹਾਂ ਦੀ ਸਰਕਾਰ ਵੇਲੇ ਸਾਲ 1997-2002 ਤੱਕ 21000 ਕਰੋੜ ਰੁਪਏ ਦਾ ਵਾਧਾ ਹੋਇਆ ਸੀ। ਸਪੀਕਰ ਸਾਹਿਬ, 31 ਮਾਰਚ, 2007 ਵਿੱਚ ਜਦੋਂ ਇਹ ਦੁਬਾਰਾ ਸਰਕਾਰ ਵਿੱਚ ਆਏ ਅਤੇ ਅਸੀਂ ਗਏ, ਉਸ ਵੇਲੇ ਕਰਜ਼ਾ ਵੱਧ ਕੇ 51,155 ਕਰੋੜ ਰੁਪਏ ਹੋਇਆ ਸੀ। ਅਸੀਂ ਆਪਣੇ ਪੰਜ ਸਾਲਾਂ ਵਿੱਚ ਕਿੰਨਾ ਵਾਧਾ ਕੀਤਾ? ਸਿਰਫ਼ 15,000 ਕਰੋੜ ਰੁਪਏ ਦਾ ਕੀਤਾ। ਹੁਣ 31 ਮਾਰਚ, 2014 ਨੂੰ ਉਹ ਕਰਜ਼ਾ 1,13,000 ਕਰੋੜ ਰੁਪਿਆ ਸੀ। ਹੁਣ ਜਿਹੜਾ ਇਨ੍ਹਾਂ ਨੇ ਦੱਸਿਆ ਹੈ ਇਹ 1,24,500 ਕਰੋੜ ਰੁਪਿਆ ਹੈ(ਵਿਘਨ) **

**ਮਾਨਯੋਗ ਸਪੀਕਰ :** ਇਹ ਰਿਕਾਰਡ ਨਾ ਕੀਤਾ ਜਾਵੇ।

**ਸਰਦਾਰ ਲਾਲ ਸਿੰਘ :** ਸਪੀਕਰ ਸਾਹਿਬ, ਇਨ੍ਹਾਂ ਅੱਠਾਂ ਸਾਲਾਂ ਵਿੱਚ ਕਰਜ਼ੇ ਦਾ ਵਾਧਾ 73,345 ਕਰੋੜ ਰੁਪਏ ਦਾ ਹੋਇਆ ਅਤੇ ਬਾਦਲ ਸਾਹਿਬ ਕਹਿ ਰਹੇ ਹਨ ਕਿ 1 ਲੱਖ 2000 ਕਰੋੜ ਰੁਪਏ ਵਿੱਚ ਉਹ ਕਰਜ਼ਾ ਇਨਕਲੂਡਿਡ ਹੈ ਜਿਹੜਾ ਸਾਲ 1981 ਤੋਂ ਲੈ ਕੇ 1992 ਤੱਕ ਖਰਚਾ ਹੋਇਆ ਹੈ। ਇਸ ਦਾ ਮਤਲਬ ਜਿਹੜਾ ਇਨ੍ਹਾਂ ਨੇ ਪੰਜਾਬ ਦਾ ਭੱਠਾ ਬਿਠਾਇਆ ਹੈ, ਉਹ ਪਿਛਲੇ ਪਾਸਿਓਂ ਸਾਡੇ ਖਾਤੇ ਵਿੱਚ ਪਾ ਦਿੱਤਾ। ਲੋਕਾਂ ਨੂੰ ਇਹ ਦੱਸਣ ਵਾਸਤੇ ਕਿ ਅਸੀਂ ਤਾਂ ਕੋਈ ਕਰਜ਼ਾ ਹੀ ਨਹੀਂ ਲਿਆ, ਇਹ ਕਰਜ਼ਾ ਸਾਰਾ ਪਿਛਲਾ ਹੈ। ਮੇਹਰਬਾਨੀ ਕਰਕੇ ਇਹ ਕੰਮ ਨਾ ਕਰੋ। ਇਸ ਨਾਲ ਕੋਈ ਭਲਾ ਨਹੀਂ ਹੋਣ ਵਾਲਾ। ** ਪੰਜਾਬ ਦੇ ਭਲੇ ਵਾਸਤੇ ਗਲਤ ਬਿਆਨੀ ਕਰਨ ਨੂੰ ਤਿਆਰ ਹਾਂ, ਸਾਨੂੰ ਕੋਈ ਇਤਰਾਜ਼ ਨਹੀਂ ਪਰ ਲੋਕਾਂ ਨੂੰ ਗੁੰਮਰਾਹ ਨਾ ਕਰੋ। ਲੋਕਾਂ ਦੀਆਂ ਅੱਖਾਂ ਵਿੱਚ ਧੂੜ ਨਾ ਝੋਂਕੋ।

ਸਪੀਕਰ ਸਾਹਿਬ, ਮੈਂ ਪਿਛਲੇ ਬਜਟ ਸੈਸ਼ਨ ਵਿੱਚ ਇਕ ਗੱਲ ਕਹੀ ਸੀ। ਸਤਿਕਾਰਯੋਗ ਸਰਦਾਰ ਸੁਖਬੀਰ ਸਿੰਘ ਜੀ ਸਾਹਮਣੇ ਬੈਠੇ ਹਨ, ਇਨ੍ਹਾਂ ਨੂੰ ਇਸ ਗੱਲ ਦਾ ਬੜਾ ਗਿਲਾ ਸੀ ਕਿ ਤੁਸੀਂ ਗੁੰਮਰਾਹ ਕਰ ਰਹੇ ਹੋ। ਮੈਂ ਕਿਹਾ ਸੀ ਕਿ

**Expunged/Not recorded as ordered by the Chair.

[ ਸਰਦਾਰ ਲਾਲ ਸਿੰਘ ]

ਕਾਰਪੋਰੇਸ਼ਨਾਂ ਅਤੇ ਬੋਰਡਾਂ ਦੀ ਗਰੰਟੀ ਦੇ ਕੇ ਜਿਹੜਾ ਅਸੀਂ ਕਰਜ਼ਾ ਲਿਆ ਹੈ, ਇਸ ਦੀ ਜ਼ਿੰਮੇਵਾਰੀ ਵੀ ਪੰਜਾਬ ਸਰਕਾਰ ਦੀ ਹੈ। ਮੇਰੀ ਪੂਰੀ ਗੱਲ ਸੁਣ ਲਓ, ਫੇਰ ਤੁਸੀਂ ਦੱਸ ਦੇਣਾ। ਸਪੀਕਰ ਸਾਹਿਬ, 31 ਮਾਰਚ, 2007 ਨੂੰ ਜਦੋਂ ਅਸੀਂ ਸਰਕਾਰ ਛੱਡ ਕੇ ਗਏ ਸੀ ਤਾਂ ਜਿਹੜੀਆਂ ਸਾਰੀਆਂ 47 ਕਾਰਪੋਰੇਸ਼ਨਾਂ ਅਤੇ ਬੋਰਡ ਹਨ, ਉਨ੍ਹਾਂ ਦੇ ਅਗੇਂਸਟ ਪੰਜਾਬ ਵਿੱਚ 10,322 ਕਰੋੜ ਰੁਪਿਆ ਸੀ। ਹੁਣ ਜਿਹੜਾ ਐਨੂਅਲ ਫਾਈਨਾਂਸ਼ੀਅਲ ਸਟੇਟਮੈਂਟ ਪੇਸ਼ ਹੋਇਆ ਹੈ, ਇਸ ਵਿੱਚ ਜ਼ਿਕਰ ਹੈ ਕਿ ਉਹ 71000 ਕਰੋੜ ਰੁਪਿਆ ਹੋ ਗਿਆ ਹੈ। ਪਰ ਉਸ ਦੇ ਵਿੱਚ ਇਹ ਸੀ ਕਿ ਜਿਹੜਾ ਫੂਡ ਗਰੇਨਜ਼ ਦਾ ਪੈਸਾ ਹੈ, ਉਹ ਇਹੀ 42000 ਕਰੋੜ ਰੁਪਏ ਸੀ, ਜੋ ਮੈਂ ਪਹਿਲਾਂ ਕਿਹਾ ਹੈ। ਇਹ 42300 ਕੁਝ ਕਰੋੜ ਰੁਪਿਆ ਹੈ। ਇਹ ਠੀਕ ਹੈ ਕਿ ਅਸੀਂ ਵੀ ਭਾਰਤ ਸਰਕਾਰ ਤੋਂ ਕੁਝ ਪੈਸਾ ਲੈਣਾ ਹੈ । ਉਨ੍ਹਾਂ ਨਾਲ ਹਿਸਾਬ ਕਿਤਾਬ ਕਰਨ ਵਾਲਾ ਹੈ। ਕਾਫੀ ਪੈਸਾ, ਤਕਰੀਬਨ 24000-25000 ਕਰੋੜ ਰੁਪਿਆ ਸਾਡਾ ਲੈਣਾ ਬਣਦਾ ਹੈ। ਪਰ ਜਿਹੜੀ ਇਥੇ ਮੇਰੇ ਕੋਲ ਸਟੇਟਮੈਂਟ ਪਈ ਹੈ, ਉਸ ਵਿੱਚ ਮੰਨਿਆ ਹੈ ਕਿ ਦੋ ਹਜ਼ਾਰ ਕਰੋੜ ਰੁਪਿਆ ਅਸੀਂ ਡਾਈਵਰਟ ਕੀਤਾ ਹੈ। ਜਿਹੜੀ ਤੁਹਾਡੀ ਰਿਪੋਰਟ ਗਈ ਹੈ, ਫੂਡ ਗਰੇਨ ਤਹਿਤ ਜੋ ਦੱਸਿਆ ਹੈ, ਉਹ 16000 ਕਰੋੜ ਰੁਪਿਆ ਹੀ ਹੈ, ਬਾਕੀ ਤਾਂ ਸਾਡਾ ਪੈਸਾ ਲੈਣ-ਦੇਣ ਵਿੱਚ ਹੀ ਫਸਿਆ ਹੋਇਆ ਹੈ। ਚਲੋ, ਉਹ ਵੀ ਮੰਨ ਲਈਏ, ਸਾਰੀ ਗੱਲ ਮੰਨੀਏ। ਆਪਾਂ 42000 ਕਰੋੜ ਰੁਪਏ ਵਾਲੀ ਗੱਲ ਕਰ ਲਈਏ, 2000 ਕਰੋੜ ਰੁਪਏ ਆਪਾਂ ਪਾ ਲਈਏ ਜਿਸ ਬਾਰੇ ਤੁਸੀਂ ਆਪ ਕਿਹਾ ਹੈ ਕਿ ਡਾਈਵਰਟ ਹੋਇਆ ਹੈ ਤਾਂ ਵੀ ਇਹ ਕਰਜ਼ਾ 31000 ਕਰੋੜ ਰੁਪਏ ਬਣਦਾ ਹੈ। ਮੇਰੇ ਕੋਲ ਤੁਹਾਡੀ ਸਟੇਟਮੈਂਟ ਹੈ। (ਵਿਘਨ) ਤੁਹਾਡੀ ਸਟੇਟਮੈਂਟ ਹੈ, ਤੁਸੀਂ ਪੜ੍ਹ ਲਉ। ਮੈਂ ਨਹੀਂ ਕਹਿੰਦਾ। ਇਹ ਪੇਜ 63 ਤੇ ਹੈ। ਫੂਡ ਗਰੇਨਜ ਦੇ ਪੈਸੇ ਕੱਢ ਲਓ, ਜੇ 31000 ਕਰੋੜ ਰੁਪਏ ਮੰਨ ਲਈਏ ਅਤੇ ਸਾਡੇ ਵੇਲੇ ਦੇ ਪਿਛਲੇ 10,322 ਕਰੋੜ ਰੁਪਏ ਕੱਢ ਲਈਏ ਤਾਂ ਵੀ 21000 ਕਰੋੜ ਰੁਪਿਆ ਤਾਂ ਸਰਕਾਰ ਦਾ ਦੇਣਾ ਬਣਦਾ ਹੈ ਜਿਸ ਦੀ ਸਾਡੀ ਗਰੰਟੀ ਹੈ। ਉਹ ਵਿੱਚ ਜੇ ਸਾਰਾ ਕੁਝ ਇਕੱਠਾ ਕਰ ਲਈਏ ਤਾਂ ਦੇਖੋ ਕਿ ਕਰਜ਼ਾ ਕਿਥੇ ਪਹੁੰਚਦਾ ਹੈ। ਫਿਰ ਇਹ 94000 ਕਰੋੜ ਰੁਪਏ ਤੇ ਪਹੁੰਚਦਾ ਹੈ। ਤੁਹਾਡਾ ਕਰਜ਼ਾ ਸਾਰਾ ਕੁਝ ਵਿੱਚ ਪਾ ਕੇ ਅੱਠ ਸਾਲਾਂ ਦਾ 94000 ਕਰੋੜ ਰੁਪਏ ਬਣਦਾ ਹੈ। ਇਹ ਵਧਿਆ ਕਿਸ ਤਰ੍ਹਾਂ ਹੈ? ਕਿਉਂਕਿ ਹਰ ਸਾਲ ਸਾਨੂੰ ਇਸ ਕਰਜ਼ੇ ਦੀ ਕਿਸ਼ਤ ਮੋੜਨੀ ਪੈਂਦੀ ਹੈ। ਕਿਸ਼ਤ ਕਿੰਨੀ ਹੈ? ਜਿਹੜੀ ਅਸੀਂ ਹੁਣ ਮੋੜਨੀ ਹੈ, ਇਹ 3598 ਕਰੋੜ ਰੁਪਏ

ਹਨ। 3598 ਕਰੋੜ ਰੁਪਏ ਦੀ ਕਿਸ਼ਤ ਮੋੜਨੀ ਹੈ ਅਤੇ 9900 ਕਰੋੜ ਰੁਪਿਆ ਵਿਆਜ ਦਾ ਵੀ ਮੋੜਨਾ ਪੈਣਾ ਹੈ। ਇਹ ਸਾਡੀ ਮਜਬੂਰੀ ਹੈ, ਇਹ 13498 ਕਰੋੜ ਰੁਪਏ ਮੋੜਨ ਵਾਸਤੇ ਸਾਡੇ ਕੋਲ ਕੋਈ ਸਾਧਨ ਨਹੀਂ, ਇਸ ਲਈ ਇਸ ਕਿਸ਼ਤ ਨੂੰ, 13498 ਕਰੋੜ ਰੁਪਏ ਮੋੜਨ ਵਾਸਤੇ ਨਵਾਂ ਕਰਜ਼ਾ ਲੈਣਾ ਹੀ ਪੈਣਾ ਹੈ। ਇਹ ਤੁਹਾਡੀ ਮਜਬੂਰੀ ਹੈ ਔਰ ਜਿਹੜਾ 9900 ਕਰੋੜ ਰੁਪਿਆ ਵਿਆਜ ਹੈ, ਉਸ ਨੇ ਪ੍ਰਿੰਸੀਪਲ ਅਮਾਊਂਟ ਵਿੱਚ ਐਡ ਹੋ ਜਾਣਾ ਹੈ। ਹਰ ਸਾਲ ਜਿਹੜਾ ਇਹ ਮੀਟਰ ਘੁੰਮ ਰਿਹਾ ਹੈ, ਕੋਈ ਅਸੀਂ ਇਸ ਤੇ ਕੈਪੀਟਲ ਇਨਵੈਸਟਮੈਂਟ ਨਹੀਂ ਕਰਨੀ। ਕਰਜ਼ਾ ਲੈਣਾ ਕੋਈ ਮਾੜੀ ਗੱਲ ਨਹੀਂ ਹੈ, ਸਰਕਾਰਾਂ ਲੈਂਦੀਆਂ ਹਨ ਪਰ ਕਰਜ਼ਾ ਕਾਹਦੇ ਵਾਸਤੇ ਲੈਣਾ ਚਾਹੀਦਾ ਹੈ? ਇਹ ਕੈਪੀਟਲ ਇਨਵੈਸਟਮੈਂਟ ਵਾਸਤੇ ਅਤੇ ਇਨਫ੍ਰਾਸਟ੍ਰਕਚਰ ਵਾਸਤੇ ਲੈਣਾ ਚਾਹੀਦਾ ਹੈ। ਪਰ ਸਾਡੀ ਤਾਂ ਮਜਬੂਰੀ ਹੈ। ਅਸੀਂ ਤਾਂ ਕਿਸ਼ਤ ਹੀ ਨਹੀਂ ਮੋੜ ਸਕਦੇ। ਇਸ ਕਰਜ਼ੇ ਦੀ ਕਿਸ਼ਤ ਨੂੰ ਮੋੜਨ ਵਾਸਤੇ, ਵਿਆਜ ਮੋੜਨ ਵਾਸਤੇ 13498 ਕਰੋੜ ਰੁਪਿਆ ਜਿਹੜਾ ਕਰਜ਼ਾ ਲਿਆ ਹੈ, ਉਹੀ ਵਧਿਆ ਹੈ, ਹੋਰ ਕੀ ਵਧਿਆ ਹੈ? ਉਹ ਇਸ ਵਿਚ ਐਡ ਹੋ ਗਿਆ ਹੈ ਅਤੇ ਅਗਲੀ ਵਾਰ ਫਿਰ ਇਸ ਤੋਂ ਵੱਧ ਕੇ ਹੋਰ ਐਡ ਹੋ ਜਾਣਾ ਹੈ। ਇਸ ਖਲਜਗਣ ਵਿਚੋਂ ਅਸੀਂ ਨਿਕਲ ਨਹੀਂ ਸਕਦੇ। ਸਾਡੇ ਕੋਲ ਕੋਈ ਚਾਰਾ ਨਹੀਂ ਹੈ। ਜਦੋਂ ਤੱਕ ਬਾਦਲ ਸਾਹਿਬ ਤਕੜੇ ਹੋ ਕੇ ਕੇਂਦਰ ਸਰਕਾਰ ਨਾਲ ਟੱਕਰ ਨਹੀਂ ਲੈਂਦੇ ਉਦੋਂ ਤੱਕ ਸਾਡਾ ਭਲਾ ਹੋਣ ਵਾਲਾ ਨਹੀਂ। ਤੁਸੀਂ ਤਕੜੇ ਹੋਵੋ, ਲਿੱਪ ਲਿੱਪ ਕਰਨ ਨਾਲ ਭਲਾ ਨਹੀਂ ਹੋਣਾ। ਕੁਝ ਵੀ ਨਹੀਂ ਹੋਣਾ। ਸਟੈਂਡ ਲਓ। ਮੈਂ ਬੀ.ਜੇ.ਪੀ. ਵਾਲਿਆਂ ਨੂੰ ਪੁੱਛਦਾ ਹਾਂ ਕਿ ਕੀ ਤੁਹਾਡੀ ਉਥੇ ਕੋਈ ਪੁਛਗਿਛ ਹੈ?

**(ਕੁਝ ਅਵਾਜ਼ਾਂ:** ਉਹ ਚਲੇ ਗਏ ਹਨ। ਬੈਠੇ ਨਹੀਂ।)

**ਸਰਦਾਰ ਲਾਲ ਸਿੰਘ :** ਤੁਰ ਗਏ। ਚਲੋ, ਧੰਨਵਾਦ। (ਵਿਘਨ)(ਸ਼ੋਰ)

**ਉਪ ਮੁੱਖ ਮੰਤਰੀ (ਬੈਠੇ ਬੈਠੇ) :** ਸਰਦਾਰ ਲਾਲ ਸਿੰਘ ਜੀ, ਤੁਹਾਨੂੰ ਤਿਆਰੀ ਕਿਸ ਨੇ ਕਰਵਾਈ ਹੈ? ਸਾਰਾ ਡਾਟਾ ਹੀ ਗਲਤ ਹੈ।

**ਸਰਦਾਰ ਲਾਲ ਸਿੰਘ :** ਸਪੀਕਰ ਸਾਹਿਬ, ਇਥੇ ਹੀ ਬੱਸ ਨਹੀਂ। ਇਕ ਹੋਰ ਬਹੁਤ ਵੱਡੀ ਸੁਨਾਮੀ ਪੰਜਾਬ ਵਿੱਚ ਆਉਣ ਵਾਲੀ ਹੈ। ਇਹ ਜਿਹੜਾ ਤੁਸੀਂ ਸਵਾਮੀਨਾਥਨ ਨੂੰ ਲੱਭਦੇ ਫਿਰਦੇ ਹੋ, ਸਵਾਮੀਨਾਥਨ ਲੱਭਣਾ ਨਹੀਂ। ਇਹ ਜਿਹੜੀ ਐਫ.ਸੀ.ਆਈ. ਦੀ ਅਨਬੰਡਲਿੰਗ ਹੋਣ ਜਾ ਰਹੀ ਹੈ, ਇਹ ਜਿਹੜੀ

[ ਸਰਦਾਰ ਲਾਲ ਸਿੰਘ ]

ਸ਼੍ਰੀ ਸ਼ਾਂਤਾ ਕੁਮਾਰ ਜੀ ਦੀ ਰਿਪੋਰਟ ਪੇਸ਼ ਹੋਈ ਹੈ, ਉਹ ਕੀ ਕਹਿੰਦੀ ਹੈ, ਉਹ ਕਹਿੰਦੀ ਹੈ ਕਿ ਐਫ.ਸੀ.ਆਈ. ਸਿਰਫ ਸਰਪਲੱਸ ਪੂਲ ਵਾਸਤੇ ਕਣਕ ਤੇ ਚਾਵਲ ਖਰੀਦੇਗੀ ਉਹ ਵੀ ਜਿੰਨੀ ਕੁ ਲੋੜ ਹੋਵੇਗੀ ਉਨੀ ਖਰੀਦੇਗੀ। ਉਹ ਕਿਥੋਂ ਖਰੀਦੇਗੀ? ਉਹ ਅਸਾਮ, ਬਿਹਾਰ ਤੇ ਬੰਗਾਲ ਤੋਂ ਖਰੀਦੇਗੀ। ਪਹਿਲਾਂ ਉਥੋਂ ਖਰੀਦੇਗੀ, ਬਾਅਦ ਵਿਚ ਜਿੰਨੀ ਕੁ ਉਨ੍ਹਾਂ ਨੂੰ ਲੋੜ ਹੈ, ਉਹ ਕਿਤੋਂ ਹੋਰ ਖਰੀਦ ਕਰੇਗੀ। ਇਹ ਰਿਪੋਰਟ ਵਿੱਚ ਸ਼ਾਮਲ ਹੈ ਕਿਉਂਕਿ ਇਹ ਸਟੇਟਾਂ ਪਹਿਲਾਂ ਇਗਨੋਰ ਹੁੰਦੀਆਂ ਰਹੀਆਂ ਹਨ ਇਸ ਲਈ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇ ਔਰ ਖਰੀਦ ਸਿਰਫ ਰਾਜ ਸਰਕਾਰਾਂ ਹੀ ਕਰਨਗੀਆਂ। (ਵਿਘਨ) ਪਹਿਲਾਂ ਮੈਨੂੰ ਦੱਸ ਲੈਣ ਦਿਉ। ਖਰੀਦ ਸਿਰਫ ਰਾਜ ਸਰਕਾਰਾਂ ਹੀ ਕਰਨਗੀਆਂ। ਐਫ.ਸੀ.ਆਈ. ਦੇ ਇੱਕ ਲੱਖ ਦੇ ਕਰੀਬ ਜਿਹੜੇ ਇੰਪਲਾਈਜ਼ ਹਨ, ਉਹ ਰਾਜ ਸਰਕਾਰਾਂ ਵਿਚ ਐਡਜਸਟ ਕੀਤੇ ਜਾਣਗੇ, ਇਹ ਨੀਤੀ ਠੇਕੇਦਾਰਾਂ ਕੋਲ ਭੇਜਾਂਗੇ। ਬੋਨਸ ਦੇਣ ਵਾਲੀ ਕਿਸੇ ਵੀ ਸਰਕਾਰ ਨੂੰ ਐਮ.ਐਸ.ਪੀ. ਨਹੀਂ ਮਿਲੇਗੀ।ਇਸ ਵਿਚ ਜਿਹੜੀ ਸਭ ਤੋਂ ਜ਼ਿਆਦਾ ਖਤਰਨਾਕ ਗੱਲ ਹੈ ਉਹ ਇਹ ਹੈ ਕਿ 14.5 ਫੀਸਦੀ ਟੈਕਸ ਜਿਹੜਾ ਸਾਡਾ ਹੱਕ ਬਣਦਾ ਹੈ ਤੇ ਸਰਕਾਰ ਨੂੰ ਮਿਲਦਾ ਹੈ। ਕਿਉਂਕਿ 14.5 ਫੀਸਦੀ ਟੈਕਸ ਵਿਚੋਂ ਜੇ ਅਸੀਂ 2.5 ਫੀਸਦੀ ਆੜਤ ਛੱਡ ਦੇਈਏ ਤਾਂ 12 ਫੀਸਦੀ ਸਿੱਧਾ ਸਰਕਾਰ ਨੂੰ ਮਿਲਦਾ ਹੈ ਅਤੇ ਇਹ ਲਗਦਾ ਖਰੀਦਦਾਰ ਤੇ ਹੈ। ਇਸ ਰਿਪੋਰਟ ਵਿਚ ਲਿਖਿਆ ਹੈ ਕਿ ਉਹ ਟੈਕਸ ਘਟਾ ਕੇ 3 ਜਾਂ 4 ਫੀਸਦੀ ਤੇ ਲੈ ਕੇ ਆਉਣਾ ਹੈ।ਸਪੀਕਰ ਸਾਹਿਬ, ਮੈਨੂੰ ਮੁਆਫ ਕਰਨਾ ਜੇ ਇਹ ਸੁਨਾਮੀ ਆ ਗਈ ਤਾਂ ਨਾ ਪੰਜਾਬ ਨੇ ਬਚਣਾ ਹੈ, ਨਾ ਕਿਸਾਨ ਨੇ ਬਚਣਾ ਹੈ ਅਤੇ ਨਾ ਹੀ ਆੜਤੀਆਂ ਨੇ ਬਚਣਾ ਹੈ। ਇਸ ਤੋਂ ਵੱਡੀ ਕੋਈ ਸੁਨਾਮੀ ਨਹੀਂ ਹੋ ਸਕਦੀ। ਇਹ ਆਰ.ਡੀ.ਐਫ.ਉਤੇ 2 ਰੁਪਏ ਸੈਂਕੜਾ ਮਿਲਣਾ ਹੈ ਅਤੇ ਐਫ.ਆਈ.ਡੀ.ਬੀ ਉਤੇ 3 ਰੁਪਏ ਸੈਂਕੜਾ ਹੈ। ਇਸ ਤਰ੍ਹਾਂ ਤਾਂ ਕਿਸਾਨ, ਆੜਤੀਏ, ਮੁਲਾਜ਼ਮ ਸਾਰਿਆਂ ਦੀ ਸਫਾਈ ਹੋ ਜਾਣੀ ਹੈ। ਸੋ, ਇਸ ਸੁਨਾਮੀ ਤੋਂ ਬਚਣ ਵਾਸਤੇ ਬਾਦਲ ਸਾਹਿਬ ਤੁਹਾਨੂੰ ਡਟਣਾ ਪੈਣਾ ਹੈ। ਜਦੋਂ ਵੀ ਐਨ.ਡੀ.ਏ. ਦੀ ਸਰਕਾਰ ਆਈ ਹੈ, ਪਹਿਲਾਂ ਆਈ ਸੀ ਤਾਂ ਉਸ ਸਮੇਂ ਜੰਮੂ ਕਸ਼ਮੀਰ, ਉਤਰਾਂਚਲ, ਹਿਮਾਚਲ ਪ੍ਰਦੇਸ਼ ਨੂੰ ਜਿਹੜਾ ਇੰਡਸਟਰੀਅਲ ਪੈਕੇਜ ਦਿੱਤਾ, ਉਸ ਨੇ ਪੰਜਾਬ ਬਰਬਾਦ ਕਰ ਦਿੱਤਾ ਹੈ। ਇਹ ਜ਼ਿੰਮੇਵਾਰੀ ਵੀ ਤੁਹਾਡੀ ਸੀ। ਤੁਸੀਂ ਉਸ ਸਮੇਂ ਕੁਝ ਨਹੀਂ ਬੋਲੇ। ਉਸ ਵੇਲੇ ਦੇ ਡੰਬੇ ਹੋਏ ਪੰਜਾਬ ਨੂੰ ਕਿਸੇ ਨੇ ਨਹੀਂ ਬਚਾਇਆ। ਇੰਡਸਟਰੀ ਦੇ 18 ਹਜ਼ਾਰ 700 ਯੂਨਿਟ ਬੰਦ ਹੋ ਗਏ। ਹੁਣ

ਸਾਡਾ ਮਾੜਾ-ਮੋਟਾ ਸੌਦਾ ਖੇਤੀਬਾੜੀ ਤੇ ਹੀ ਨਿਰਭਰ ਹੈ। ਸੋ, ਜੇਕਰ ਇਹ ਰਿਪੋਰਟ ਲਾਗੂ ਹੋ ਗਈ ਤਾਂ ਪੰਜਾਬ ਨਹੀਂ ਬਚਣਾ। ਇਹ ਗਰੀਬਾਂ ਤੇ ਕੋਹਾੜਾ ਫੇਰਨ ਵਾਲੀ ਗੱਲ ਹੈ। ਇਸ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਰਾਸ਼ਟਰੀ ਖੁਰਾਕ ਸੁਰੱਖਿਆ ਕਾਨੂੰਨ ਜਿਹੜਾ ਯੂ.ਪੀ.ਏ. ਸਰਕਾਰ ਨੇ ਬਣਾਇਆ ਸੀ। ਇਸ ਵਿਚ ਫੈਸਲਾ ਕੀਤਾ ਗਿਆ ਸੀ ਕਿ 67 ਫੀਸਦੀ ਲੋਕਾਂ ਨੂੰ 2 ਰੁਪਏ ਕਿਲੋ ਕਣਕ ਅਤੇ 3 ਰੁਪਏ ਕਿੱਲੋ ਚਾਵਲ ਦੇਣੇ ਹਨ। ਇਹ ਰਿਪੋਰਟ ਕਹਿੰਦੀ ਹੈ ਕਿ ਇਹ ਵੀ ਨਹੀਂ ਰੱਖਣਾ ਕਿਉਂਕਿ ਇਹ ਭਲੇ ਦਾ ਕੰਮ ਹੈ। ਇਨ੍ਹਾਂ ਨੇ ਕੋਈ ਵੀ ਭਲੇ ਦਾ ਕੰਮ ਨਹੀਂ ਚੱਲਣ ਦੇਣਾ। ਜਿਹੜੇ ਅੰਤੋਦਿਆ (ਏ.ਵਾਈ.) ਵਿਚ ਸ਼ਾਮਲ ਹਨ, ਉਨ੍ਹਾਂ ਨੂੰ ਅਨਾਜ ਦੇਣ ਦੀ ਬਜਾਏ 5 ਜੀਆਂ ਨੂੰ 700 ਰੁਪਏ ਮਹੀਨਾ ਮਿਲੇਗਾ। ਬੀ.ਪੀ.ਐਲ ਵਾਲਿਆਂ ਨੂੰ 5 ਜੀਆਂ ਨੂੰ 500 ਰੁਪਏ ਮਹੀਨਾ ਮਿਲੇਗਾ ਔਰ ਜਿਹੜੀ ਬਾਕੀ ਜਨਤਾ ਜੋ, 67 ਫੀਸਦੀ ਵਿਚ ਆਉਂਦੇ ਸੀ, ਉਨ੍ਹਾਂ ਨੂੰ ਜੇਕਰ ਐਮ.ਐਸ.ਪੀ. ਦਾ ਰੇਟ 1200 ਰੁਪਏ ਹੈ ਤਾਂ ਉਨ੍ਹਾਂ ਨੂੰ 600 ਰੁਪਿਆ ਮਿਲੇਗਾ। ਇਹ ਕਿਥੋਂ ਭਲੇ  ਗੱਲ ਹੈ। ਇਸ ਕਰਕੇ ਇਹ ਗਰੀਬਾਂ ਦੇ ਹੱਕਾਂ ਤੇ ਡਾਕਾ ਹੈ। ਇਹ ਕਹਿੰਦੇ ਹਨ ਕਿ ਚੰਗੇ ਦਿਨ ਆਉਣਗੇ, ਪਰ ਇਹ ਤਾਂ ਮਾੜੇ ਦਿਨਾਂ ਦੀ ਨਿਸ਼ਾਨੀ ਹੈ। ਬੀ.ਜੇ.ਪੀ. ਵਾਲੇ ਸਾਰੇ ਹੀ ਭੱਜ ਗਏ ਹਨ, ਕੋਈ ਨਹੀਂ ਬੋਲਦਾ। ਹਾਂ ਜੀ, ਕੋਈ ਤਾਂ ਬੋਲੋ। (ਸ਼੍ਰੀ ਮਨੋਰੰਜਨ ਕਾਲੀਆ ਵੱਲ ਇਸ਼ਾਰਾ) ਇਹ ਤਾਂ ਵਿਚਾਰਾ ਪਹਿਲਾਂ ਹੀ ਫੱਟੜ ਹੈ, ਇਸ ਨੂੰ ਮੈਂ ਕੁਝ ਨਹੀਂ ਬੋਲਦਾ। I am sorry. ਇਹ ਜਿਹੜੇ ਤਿੰਨੇ ਬੰਦੇ ਬੈਠੇ ਹਨ। ਸਰਦਾਰ ਸਰਵਨ ਸਿੰਘ, ਸਰਦਾਰ ਹਰੀ ਸਿੰਘ ਜ਼ੀਰਾ ਤੇ ਭਾਈ ਸਾਹਿਬ ਜੀ (ਸ਼੍ਰੀ ਮਨੋਰੰਜਨ ਕਾਲੀਆ ਵੱਲ ਇਸ਼ਾਰਾ) ਇਹ ਤਿੰਨੇ ਸਫਰਰ ਹਨ। ਮੈਨੂੰ ਸਰਦਾਰ ਸਰਵਨ ਸਿੰਘ ਅਤੇ ਸਰਦਾਰ ਹਰੀ ਸਿੰਘ ਜ਼ੀਰਾ ਨਾਲ ਹਮਦਰਦੀ ਹੈ ਕਿਉਂਕਿ ਅਸੀਂ 1977 ਦੇ ਇਕੱਠੇ ਸਾਥੀ ਹਾਂ, ਅਟਵਾਲ ਸਾਹਿਬ ਵੀ ਸਾਡੇ ਸਾਥੀ ਹਨ। ਅਸੀਂ ਤਾਂ ਪੁਰਾਣੇ ਸਾਥੀ ਹਾਂ, ਮੈਨੂੰ ਇਨ੍ਹਾਂ ਨਾਲ ਬਹੁਤ ਹਮਦਰਦੀ ਹੈ। ਸਰਦਾਰ ਸਰਵਨ ਸਿੰਘ ਨਾਲ ਬਹੁਤ ਜ਼ਿਆਦਤੀ ਹੋਈ ਹੈ।ਗੱਲ ਤਾਂ ਕੋਈ ਬਹੁਤ ਵੱਡੀ ਨਹੀਂ ਸੀ, ਪਰ ਚਲੋ, ਇਹ ਤੁਹਾਡੀ ਮਰਜ਼ੀ ਹੈ, ਤੁਹਾਡਾ ਪ੍ਰੈਰੋਗੇਟਿਵ ਹੈ।(ਵਿਘਨ)(ਸ਼ੋਰ) ਸਪੀਕਰ ਸਾਹਿਬ, ਮੈਂ ਤਾਂ ਐਮ.ਐਸ.ਪੀ. ਦੀ ਗੱਲ ਕਰ ਰਿਹਾ ਹਾਂ...

**ਸ਼੍ਰੀ ਮਨੋਰੰਜਨ ਕਾਲੀਆ:** ਸਪੀਕਰ ਸਾਹਿਬ, ਮੈਂ.. **

**ਮਾਨਯੋਗ ਸਪੀਕਰ :** ਨਹੀਂ ਜੀ, ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

---

**Expunged as ordered by the Chair.

**ਸਰਦਾਰ ਲਾਲ ਸਿੰਘ :** ** **

**Mr. Speaker :** Not to be recorded.

**ਉਪ ਮੁੱਖ ਮੰਤਰੀ :** **

**ਸਰਦਾਰ ਲਾਲ ਸਿੰਘ :** **

**ਮਾਨਯੋਗ ਸਪੀਕਰ :** ਜਿਹੜਾ ਕੁਝ ਮੇਰੇ ਤੋਂ ਬਗੈਰ ਪੁੱਛ ਕੇ ਬੋਲਿਆ ਗਿਆ ਹੈ, ਉਹ ਰਿਕਾਰਡ ਨਾ ਕੀਤਾ ਜਾਵੇ।

**ਸਰਦਾਰ ਲਾਲ ਸਿੰਘ :** ਸਪੀਕਰ ਸਾਹਿਬ, ਮੈਂ ਐਮ.ਐਸ.ਪੀ. ਬਾਰੇ ਬੇਨਤੀ ਕਰ ਰਿਹਾ ਸੀ ਤੇ ਇਸ ਬਾਰੇ ਡਾਕਟਰ ਸਵਾਮੀਨਾਥਨ ਦੀ ਰਿਪੋਰਟ ਦੀ ਗੱਲ ਚੱਲੀ ਅਤੇ ਹੋਰ ਗੱਲਾਂ ਚੱਲੀਆਂ ਹਨ, ਮੈਂ ਉਨ੍ਹਾਂ ਗੱਲਾਂ ਵਿੱਚ ਨਹੀਂ ਜਾਂਦਾ। ਪਿਛਲੀ ਸਰਕਾਰ ਨੇ ਐਮ.ਐਸ.ਪੀ. ਕਿੰਨੀ ਦਿੱਤੀ ਅਤੇ ਇਸ ਸਰਕਾਰ ਨੇ ਵੀ ਆਪਣੇ ਸਮੇਂ ਦੌਰਾਨ ਆਈਆਂ ਕਣਕ ਅਤੇ ਝੋਨੇ ਦੀਆਂ ਦੋ ਫਸਲਾਂ ਉਤੇ ਸਿਰਫ 50/- ਰੁਪਏ ਵਧਾਈ ਹੈ । ਜਦੋਂ ਸਾਡਾ ਵੇਲਾ ਸੀ ਉਦੋਂ ਜਦੋਂ ਵੀ ਐਮ.ਐਸ.ਪੀ ਵਧਣੀ ਤਾਂ ਬਾਦਲ ਸਾਹਿਬ ਨੇ ਕਹਿਣਾ ਸਾਡੇ ਨਾਲ ਬੜਾ ਮਜ਼ਾਕ ਹੋਇਆ ਹੈ। ਪੰਜਾਬ ਦੇ ਕਿਸਾਨਾਂ ਨਾਲ ਬੜਾ ਧੋਖਾ ਹੋਇਆ ਹੈ। ਇਹ ਸਾਡੇ ਵੇਲੇ ਜੋ ਮਰਜ਼ੀ ਕਹਿਣ, ਇਹ ਇਨ੍ਹਾਂ ਦਾ ਹੱਕ ਸੀ। ਲਓ ਵੀਰ ਜੀ, ਧਿਆਨ ਨਾਲ ਸੁਣੋ, ਸਾਲ 2007-08 ਵਿੱਚ 65/- ਰੁਪਏ ਕਣਕ ਦੀ ਐਮ.ਐਸ.ਪੀ. ਵਧਾਈ। ਮੇਰੇ ਕੋਲ ਰਿਕਾਰਡ ਹੈ। ਉਸ ਤੋਂ ਬਾਅਦ ਸਾਲ 2008-09 ਵਿੱਚ 205/- ਰੁਪਏ ਵਧਾਏ, ਸਾਲ 2009-10 ਵਿੱਚ 100/- ਰੁਪਏ ਵਧਾਏ, 2010-11 ਵਿੱਚ ਸਿਰਫ 50/- ਰੁਪਏ ਵਧਾਏ, ਇਹ ਠੀਕ ਹੈ 2011-12 ਵਿੱਚ 80/- ਰੁਪਏ ਵਧਾਏ, 2012-13 ਵਿੱਚ 170/- ਰੁਪਏ ਵਧਾਏ। ਮੈਂ ਹੁਣ ਝੋਨੇ ਬਾਰੇ ਦਸੱਦਾ ਹਾਂ ਕਿ ਸਾਲ 2007-08 ਵਿਚ 100/- ਰੁਪਏ ਵਧਾਈ, 2008-09 ਵਿੱਚ 250/- ਰੁਪਏ ਵਧਾਈ, ਉਸ ਤੋਂ ਅਗਲੇ ਸਾਲ 80/- ਰੁਪਏ ਵਧਾਏ ਅਤੇ ਲਾਸਟ ਵਿੱਚ 165/- ਰੁਪਏ ਵਧਾਏ। ਦੋ ਸਾਲ ਦਾ ਮੈਂ ਵਿਚੋਂ ਛੱਡ ਗਿਆ ਹਾਂ। ਸੋ, ਮੇਰੀ ਬੇਨਤੀ ਇਹ ਹੈ ਕਿ ਤੁਸੀਂ ਕੋਈ ਤਾਂ ਸੱਚੀ ਗੱਲ ਕਿਹਾ ਕਰੋ। ਤੁਸੀਂ ਡਾਕਟਰ ਮਨਮੋਹਨ ਸਿੰਘ ਬਾਰੇ ਇਜ਼ਤ ਰੱਖਦੇ ਹੋ ਪਰ ਅੰਦਰ ਰੱਖਦੇ ਹੋ, ਬਾਹਰ ਨਹੀਂ ਕੱਢਦੇ। ਜਦੋਂ ਵੀ ਤੁਸੀਂ ਉਨ੍ਹਾਂ ਕੋਲ ਗਏ ਤਾਂ ਉਨ੍ਹਾਂ ਨੇ ਤੁਹਾਨੂੰ ਹੱਥਾਂ ਤੇ ਚੁੱਕਿਆ, ਤੁਹਾਡਾ ਸਤਿਕਾਰ ਕੀਤਾ, ਕਦੇ ਕਿਹਾ ਕਿ 42000 ਕਰੋੜ ਰੁਪਿਆ ਤੁਸੀਂ ਸੀ.ਸੀ. ਲਿਮਿਟ ਰੱਖੀ ਹੈ। ਹਿਸਟਰੀ ਇਹ ਹੈ ਕਿ ਇਹ ਸੀ.ਸੀ. ਲਿਮਿਟ

---

**Not recorded as ordered by the Chair.

ਪਹਿਲੀ ਵਾਰ ਨਹੀਂ ਹੋਈ ਹੈ। ਜਦੋਂ 2002 ਵਿੱਚ ਸਾਡੀ ਸਰਕਾਰ ਬਣੀ। ਉਸ ਵੇਲੇ ਸੀ.ਸੀ. ਲਿਮਿਟ ਸਿੱਧੀ ਖਜ਼ਾਨੇ ਵਿੱਚ ਆਉਂਦੀ ਸੀ, ਜਿਹੜੀ ਭਾਰਤ ਸਰਕਾਰ ਕਣਕ ਤੇ ਝੋਨਾ ਖਰੀਦਣ ਵਾਸਤੇ ਭੇਜਦੀ ਸੀ। ਜਦੋਂ ਇਨ੍ਹਾਂ ਦੀ ਪਹਿਲਾਂ ਸਰਕਾਰ ਸੀ ਤਾਂ ਉਦੋਂ ਇਨ੍ਹਾਂ ਨੇ 800 ਕਰੋੜ ਰੁਪਿਆ ਖਜ਼ਾਨੇ ਵਿਚੋਂ ਡਾਈਵਰਟ ਕਰ ਲਿਆ ਸੀ ਫਿਰ ਜਦੋਂ ਸਾਡੀ ਸਰਕਾਰ ਆਈ ਤਾਂ ਕੇਂਦਰ ਸਰਕਾਰ ਨੇ ਸਾਨੂੰ ਕਿਹਾ ਕਿ ਤੁਸੀਂ ਸੀ.ਸੀ. ਲਿਮਟ ਡਾਈਵਰਟ ਕਰ ਲਈ, ਅਸੀਂ ਤੁਹਾਨੂੰ ਸੀ.ਸੀ. ਲਿਮਟ ਨਹੀਂ ਦੇਣੀ ਤਾਂ ਫਿਰ ਸਾਨੂੰ ਵਾਜਪਾਈ ਸਾਹਿਬ ਦੇ ਘਰ ਦੇ ਸਾਹਮਣੇ ਜਾ ਕੇ ਧਰਨਾ ਲਗਾਉਣਾ ਪਿਆ। ਵਾਜਪਾਈ ਸਾਹਿਬ ਨੇ ਫਸਲਾਂ ਦੀ ਐਮ.ਐਸ.ਪੀ. ਸੀਜ਼ ਕਰ ਦਿੱਤੀ ਸੀ ਅਤੇ ਇਸ ਸਬੰਧੀ ਸਾਨੂੰ ਮਜਬੂਰਨ ਧਰਨਾ ਲਗਾਉਣਾ ਪਿਆ। ਤੁਹਾਨੂੰ ਵੀ ਪੰਜਾਬ ਦੇ ਹਿੱਤਾਂ ਵਾਸਤੇ ਧਰਨਾ ਲਗਾਉਣਾ ਚਾਹੀਦਾ ਹੈ, ਅਸੀਂ ਤੁਹਾਡੇ ਨਾਲ ਧਰਨੇ ਤੇ ਚਲਾਂਗੇ, ਕੁਝ ਕਰੋ ਤਾਂ ਸਹੀ, ਦਮ ਦਿਖਾਓ। ਸਪੀਕਰ ਸਾਹਿਬ, ਹੋਇਆ ਕੀ, ਸਾਨੂੰ ਹੁਕਮ ਆ ਗਏ ਕਿ ਅਸੀਂ ਸੀ.ਸੀ. ਲਿਮਟ ਨਹੀਂ ਦਿਆਂਗੇ। ਇਸ ਦਾ ਵੱਖਰਾ ਅਕਾਊਂਟ ਖੋਲ੍ਹੋ। ਮੇਰੇ ਕੋਲ ਫੂਡ ਐਂਡ ਸਪਲਾਈਜ਼ ਅਤੇ ਖਜ਼ਾਨਾ ਵਿਭਾਗ ਵੀ ਸੀ, ਇਸ ਕਰਕੇ ਅਸੀਂ ਉਸ ਵੇਲੇ ਮਜਬੂਰੀ ਵਿੱਚ ਪਨਗਰੇਨ ਬਣਾਈ ਕਿਉਂਕਿ ਨਵਾਂ ਅਕਾਊਂਟ ਖੋਲ੍ਹਣਾ ਸੀ। ਉਸ ਤੋਂ ਬਾਅਦ ਅੱਜ ਤੱਕ ਸੀ.ਸੀ. ਲਿਮਟ ਪਨਗਰੇਨ ਵਿੱਚ ਆ ਰਹੀ ਹੈ। ਉਹ ਨਿਊਟਲ ਏਜੰਸੀ ਹੈ। ਜਿੰਨੀਆਂ ਵੀ ਆਪਣੀ ਸਟੇਟ ਵਿੱਚ ਏਜੰਸੀਆਂ ਹਨ ਉਹ ਉਸ ਦੇ ਥਰੂ ਅਪਡੇਟ ਹੁੰਦੀਆਂ ਹਨ। ਇਸ ਕਰਕੇ ਉਸ ਝਗੜੇ ਤੋਂ ਬਚਣ ਵਾਸਤੇ ਵੱਖਰਾ ਅਕਾਊਂਟ ਖੋਲ੍ਹਿਆ ਸੀ। ਤੁਸੀਂ ਆ ਕੇ ਉਹ ਵੱਖਰਾ ਅਕਾਊਂਟ ਵੀ ਝੰਬ ਦਿੱਤਾ, ਉਸ ਦੇ ਵਿੱਚ ਵੀ ਗੜਬੜ ਸ਼ੁਰੂ ਕਰ ਦਿੱਤੀ। ਜਿਹੜਾ ਸਾਨੂੰ ਪਤਾ ਲੱਗਿਆ ਸੀ ਪਰ ਹੋਇਆ ਕੀ ਹੈ ਇਹ ਤਾਂ ਤੁਸੀਂ ਦੱਸੋਗੇ। ਇਹ ਹੁਕਮ ਜੋ ਅਖਬਾਰਾਂ ਵਿੱਚ ਆਇਆ ਸੀ ਤੇ ਅਸੀਂ ਪੜ੍ਹਿਆ ਕਿ ਜੇ ਤੁਸੀਂ 31 ਮਾਰਚ ਤੱਕ ਅਕਾਊਂਟ ਰੀਕੰਸਾਈਲ ਨਹੀਂ ਕਰਦੇ ਹੋ ਤਾਂ ਸੀ.ਸੀ. ਲਿਮਿਟ ਨਹੀਂ ਦਿਆਂਗੇ ਜੇ ਅਜਿਹੀ ਗੱਲ ਹੈ ਤਾਂ ਕਲੀਅਰ ਕਰ ਦਿਉ। ਬਾਦਲ ਸਾਹਿਬ ਮੈਨੂੰ ਅਸਲੀਅਤ ਦਾ ਨਹੀਂ ਪਤਾ ਕਿ ਅੱਜ ਕੀ ਹੈ ਅਤੇ ਪਹਿਲਾਂ ਕੀ ਹੋਇਆ ਸੀ? ਮੈਂ ਤਾਂ ਉਸ ਵੇਲੇ ਦੀ ਗੱਲ ਕਰਦਾ ਹਾਂ ਜਦੋਂ ਭਾਰਤ ਸਰਕਾਰ ਨੇ ਤੁਹਾਨੂੰ ਦਬਕਾ ਮਾਰਿਆ ਸੀ। ਮੈਨੂੰ ਪਤਾ ਹੈ ਕਿ ਤੁਸੀਂ ਦਬਕੇ ਵਿੱਚ ਆਉਣ ਵਾਲੇ ਨਹੀਂ, ਤੁਸੀਂ ਪਲੋਸ-ਪਲੋਸ ਕੇ ਕੰਮ ਤਾਂ ਲੈ ਲੈਣਾ ਹੈ (ਹਾਸਾ) ਪਰ ਕਿੰਨੀ ਕੁ ਦੇਰ ਪਲੋਸੋਗੇ ਅਤੇ ਕਿੰਨੀ ਕੁ ਦੇਰ ਇਹ ਗੱਡੀ ਚੱਲੇਗੀ। ਇਸ ਕਰਕੇ ਡੱਟ ਕੇ ਸਟੈਂਡ ਲਉ

ਜੇਕਰ ਤੁਸੀਂ ਪੰਜਾਬ ਨੂੰ ਬਚਾਉਣਾ ਹੈ। ਮੇਰੇ ਕੋਲ ਬਹੁਤ ਗੱਲਾਂ ਹਨ ਪਰ ਸਮਾਂ ਬਹੁਤ ਘੱਟ ਹੈ। 12 ਤਾਂ ਵੈਸੇ ਵੱਜ ਹੀ ਗਏ ਹਨ ਅਤੇ ਥੋੜ੍ਹਾ ਜਿਹਾ ਟਾਈਮ ਰਹਿ ਗਿਆ ਹੈ। ਬਾਕੀ 24 ਤਾਰੀਖ ਨੂੰ ਡਿਬੇਟ ਹੋਣੀ ਹੈ ਅਤੇ ਮੇਰੇ ਸਾਥੀਆਂ ਨੂੰ ਵੀ ਬੋਲਣ ਲਈ ਮੌਕਾ ਚਾਹੀਦਾ ਹੈ। ਮੈਂ ਬਾਕੀ ਗੱਲਾਂ ਉਨ੍ਹਾਂ ਤੇ ਛੱਡਦਾ ਹਾਂ ਅਤੇ ਆਪਣੀ ਗੱਲ ਇੱਥੇ ਹੀ ਸਮਾਪਤ ਕਰਕੇ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਬਜਟ ਵਿੱਚ ਕੁਝ ਨਹੀਂ ਹੈ। ਇਹ ਲੋਕ ਮਾਰੂ ਬਜਟ ਹੈ ਅਤੇ ਦਿਸ਼ਾਹੀਣ ਬਜਟ ਹੈ। ਇਹ ਮਾਯੂਸੀ ਵਾਲਾ ਬਜਟ ਹੈ। ਮੈਂ ਇਸ ਨਾਲ ਸਹਿਮਤ ਨਹੀਂ ਹਾਂ। ਤੁਹਾਡਾ ਬਹੁਤ-ਬਹੁਤ ਧੰਨਵਾਦ, ਜੈ ਹਿੰਦ। (ਆਪੋਜ਼ੀਸ਼ਨ ਪਾਰਟੀ ਵੱਲੋਂ ਥੰਪਿੰਗ।)

**ਮਾਨਯੋਗ ਸਪੀਕਰ :** ਹਾਂ ਜੀ, ਸ਼੍ਰੀ ਮਨੋਰੰਜਨ ਕਾਲੀਆ ਜੀ। Ministers cannot take part. ਮਨਿਸਟਰ ਸਾਹਿਬ ਇਸ ਵਿੱਚ ਪਾਰਟੀਸੀਪੇਟ ਨਹੀਂ ਕਰਨਗੇ।

**ਸ਼੍ਰੀ ਮਨੋਰੰਜਨ ਕਾਲੀਆ (ਜਲੰਧਰ ਕੇਂਦਰੀ) :** ਸਪੀਕਰ ਸਾਹਿਬ, ਮੈਂ ਤੁਹਾਡਾ ਅਭਾਰੀ ਹਾਂ ਕਿ ਤੁਸੀਂ ਮੈਨੂੰ ਉਸ ਬਜਟ ਜਿਹੜਾ ਕਿ ਵਜ਼ੀਰ-ਏ-ਖਜ਼ਾਨਾ, ਸਰਦਾਰ ਪਰਮਿੰਦਰ ਸਿੰਘ ਢੀਂਡਸਾ ਜੀ ਨੇ 18 ਤਾਰੀਖ ਨੂੰ ਇਸ ਅਜ਼ੀਮ ਸਦਨ ਵਿੱਚ ਪੇਸ਼ ਕੀਤਾ ਹੈ, ਉਸ ਤੇ ਬੋਲਣ ਲਈ ਮੈਨੂੰ ਮੌਕਾ ਦਿੱਤਾ ਹੈ। ਇਹ ਬਜਟ ਸਰਕਾਰ ਦਾ ਚੌਥਾ ਬਜਟ ਹੈ। 2012 ਵਿੱਚ ਅਕਾਲੀ ਭਾਜਪਾ ਸਰਕਾਰ ਦੁਬਾਰਾ ਚੁਣ ਕੇ ਆਈ। ਜੇਕਰ 2007 ਤੋਂ ਦੇਖੀਏ ਤਾਂ ਇਹ ਲਗਾਤਾਰ ਅਕਾਲੀ ਭਾਜਪਾ ਸਰਕਾਰ ਦਾ 9ਵਾਂ ਬਜਟ ਹੈ। ਮਾਨਯੋਗ ਸਪੀਕਰ ਸਾਹਿਬ, ਇਹ ਇਤਿਹਾਸ ਦੀ ਰਚਨਾ ਹੋਈ ਹੈ ਕਿ ਅਕਾਲੀ ਭਾਜਪਾ ਸਰਕਾਰ ਨੇ ਲਗਾਤਾਰ 9ਵਾਂ ਬਜਟ ਪੇਸ਼ ਕੀਤਾ ਹੈ। ਮੈਂ ਪੰਜਾਬ ਦੀ ਜਨਤਾ ਦਾ ਅਭਾਰ ਪ੍ਰਗਟ ਕਰਦਾ ਹਾਂ ਕਿ ਜਿਨ੍ਹਾਂ ਨੇ 5ਵੀਂ ਵਾਰ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੂੰ ਚੁਣ ਕੇ ਮੁੱਖ ਮੰਤਰੀ ਦੇ ਤੌਰ ਤੇ ਸੇਵਾ ਕਰਨ ਦਾ ਮੌਕਾ ਦਿੱਤਾ ਹੈ। ਮਾਨਯੋਗ ਸਪੀਕਰ ਸਾਹਿਬ, ਜਿਹੜਾ ਪ੍ਰਦੇਸ਼ ਦਾ ਬਜਟ ਹੈ it cannot be presented in isolation. ਇਸ ਨੂੰ ਇਕੱਲਿਆਂ ਨਹੀਂ ਦੇਖਿਆ ਜਾ ਸਕਦਾ ਕਿਉਂਕਿ ਹਿੰਦੁਸਤਾਨ ਵਿੱਚ three tire system of democracy ਹੈ ਅਤੇ three tire system of governance ਹੈ। ਕੇਂਦਰ ਸਰਕਾਰ, ਪ੍ਰਦੇਸ਼ ਸਰਕਾਰ ਅਤੇ ਸਥਾਨਕ ਸਰਕਾਰ ਹੈ। ਜੋ ਕੁਝ ਵੀ ਕੇਂਦਰ ਸਰਕਾਰ ਵਿੱਚ ਘਟਦਾ ਹੈ, ਜੇਕਰ ਆਰਥਿਕ ਸਥਿਤੀ ਅੱਛੀ ਹੈ, ਜੇਕਰ ਉਥੇ ਆਸ਼ਾ ਦਾ ਵਾਤਾਵਰਣ ਹੈ ਜਾਂ ਨਹੀਂ ਹੈ, ਉਸ ਦਾ ਅਸਰ

ਪ੍ਰਦੇਸ਼ ਦੀਆਂ ਸਰਕਾਰਾਂ ਤੇ ਵੀ ਪੈਂਦਾ ਹੈ ਅਤੇ ਪ੍ਰਦੇਸ਼ ਦੇ ਬਜਟ ਤੇ ਵੀ ਪੈਂਦਾ ਹੈ। 2014 ਵਿੱਚ ਇੱਕ ਬਦਲਾਅ ਆਇਆ ਕਿ ਕੇਂਦਰ ਵਿੱਚ ਨੈਸ਼ਨਲ ਡੈਮੋਕ੍ਰੇਟਿਕ ਅਲਾਇੰਸ ਦੀ ਸਰਕਾਰ ਆਈ ਅਤੇ ਸ਼੍ਰੀ ਨਰਿੰਦਰ ਮੋਦੀ ਜੀ ਨੂੰ ਪ੍ਰਧਾਨ ਮੰਤਰੀ ਬਣਾਇਆ।

*12.38 ਵਜੇ ਬਾਅਦ ਦੁਪਹਿਰ

(ਇਸ *ਸਮੇਂ ਸਰਦਾਰ ਇਕਬਾਲ ਸਿੰਘ ਝੂੰਦਾਂ, ਮੈਂਬਰ, ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਇਸ ਨਾਲ ਅਰਥ ਵਿਵਸਥਾ ਵਿੱਚ ਨਵੀਂ ਆਸ ਬੱਝੀ ਹੈ। ਸਿਰਫ ਭਾਰਤ ਵਿੱਚ ਹੀ ਨਹੀਂ ਪੂਰੇ ਵਿਸ਼ਵ ਵਿੱਚ ਭਾਰਤ ਨੂੰ ਦੇਖਣ ਦਾ ਨਜ਼ਰੀਆ ਬਦਲਿਆ ਹੈ। ਮਾਨਯੋਗ ਚੇਅਰਮੈਨ ਸਾਹਿਬ, ਇੱਕ National Council for Applied Economic Research Organisation ਨੇ ਰਿਸਰਚ ਕੀਤੀ ਕਿ ਇਹ ਸਰਕਾਰ ਆਉਣ ਤੇ ਬਿਜ਼ਨਸ ਕਾਂਫੀਡੈਂਸ ਇੰਡੈਕਸ ਕਿੰਨਾ ਵਧਿਆ ਹੈ ਕਿ ਲੋਕਾਂ ਦੀ ਹਿੰਦੁਸਤਾਨ ਵਿੱਚ ਵਪਾਰ ਕਰਨ ਦੀ ਕਿੰਨੀ ਕੁ ਇੱਛਾ ਜਾਗੀ ਹੈ। ਮਾਨਯੋਗ ਚੇਅਰਮੈਨ ਸਾਹਿਬ, ਮੈਨੂੰ ਤੁਹਾਨੂੰ ਦੱਸਦਿਆਂ ਖੁਸ਼ੀ ਹੋ ਰਹੀ ਹੈ ਕਿ economic sentiments ਵਿੱਚ 13% ਵਾਧਾ ਹੋਇਆ ਹੈ।ਇੱਕ ਆਈ.ਐਮ.ਐਫ. ਇੰਟਰਨੈਸ਼ਨਲ ਮੋਨੀਟਰੀ ਫੰਡ ਸੰਸਥਾ ਹੈ, ਉਸ ਨੇ ਕਿਹਾ ਹੈ ਕਿ India is set to become world's fastest growing economy by 2016. ਉਨ੍ਹਾਂ ਨੇ ਕਿਹਾ ਕਿ ਭਾਰਤ 2016 ਵਿੱਚ ਵਿਸ਼ਵ ਵਿੱਚ ਦੁਨੀਆਂ ਦੀ ਸਭ ਤੋਂ ਤੇਜ਼ ਵੱਧਣ ਵਾਲੀ ਅਰਥਵਿਵਸਥਾ ਬਣਨ ਜਾ ਰਿਹਾ ਹੈ। ਯੂ.ਐਸ. ਦੇ ਸੈਕਟਰੀ ਆਫ ਸਟੇਟ ਜਦੋਂ ਭਾਰਤ ਆਏ ਸੀ...

(**ਇਕ ਅਵਾਜ਼:** ਪੰਜਾਬ ਦੀ ਗੱਲ ਵੀ ਕਰੋ।)

**ਸ਼੍ਰੀ ਮਨੋਰੰਜਨ ਕਾਲੀਆ :** ਮੈਂ ਪੰਜਾਬ ਤੇ ਵੀ ਆਉਂਦਾ ਹਾਂ।ਜੌਹਨ ਕੈਰੀ ਜੀ ਨੇ ਕਿਹਾ ਸੀ ਕਿ ease of doing business in India will be the easiest. ਭਾਰਤ ਵਿਚ ਜਿਸ ਢੰਗ ਨਾਲ 8-9 ਮਹੀਨੇ ਵਿਚ ਕਾਰਗੁਜ਼ਾਰੀ ਹੋ ਰਹੀ ਹੈ, ਆਉਣ ਵਾਲੇ ਸਮੇਂ ਵਿਚ ਭਾਰਤ ਵਿਚ ਵਪਾਰ ਕਰਨਾ, ਉਦਯੋਗ ਲਗਾਉਣਾ ਸਭ ਤੋਂ ਅਸਾਨ ਹੋਵੇਗਾ।ਹੁਣੇ ਜਿਹੇ ਸ਼੍ਰੀ ਅਰੁਣ ਜੇਤਲੀ ਜੀ ਨੇ ਕੇਂਦਰ ਵਿਚ ਆਪਣਾ ਪਹਿਲਾ ਬਜਟ ਪੇਸ਼ ਕੀਤਾ ਹੈ, ਉਸ ਵਿਚ ਜਿਹੜੀ ਜੀ.ਡੀ.ਪੀ.

[ ਸ਼੍ਰੀ ਮਨੋਰੰਜਨ ਕਾਲੀਆ ]

ਹੈ, ਉਹ ਇਸ ਸਾਲ ਵਿਚ 7.4% ਤੋਂ ਵੱਧ ਗਰੋਅ ਕਰੇਗੀ ਤੇ ਇਹ 8.5% ਹੋਵੇਗੀ। ਕੰਜ਼ਿਊਮਰ ਪ੍ਰਾਈਸ ਇੰਡੈਕਸ ਵਿਚ ਮਹਿੰਗਾਈ ਦੀ ਜਿਹੜੀ ਦਰ ਹੈ, ਉਹ ਇਸ ਸਾਲ ਵਧੀਆ ਰਹੇਗੀ। ਇਸ ਆਸ਼ਾ ਦੇ ਵਾਤਾਵਰਣ ਵਿਚ ਢੀਂਡਸਾ ਜੀ ਵੱਲੋਂ ਇਹ ਬਜਟ ਪੇਸ਼ ਕੀਤਾ ਗਿਆ ਹੈ। ਚੇਅਰਮੈਨ ਸਾਹਿਬ, ਇਕ ਹੋਰ ਜਿਹੜੀ ਵੱਡੀ ਗੱਲ ਹੋਈ ਹੈ, ਉਹ ਇਹ ਹੈ ਕਿ ਕੇਂਦਰ ਸਰਕਾਰ ਵੱਲੋਂ ਨੈਸ਼ਨਲ ਰੈਵੇਨਿਊ ਵਿਚ 10% ਸ਼ੇਅਰ ਪ੍ਰਦੇਸ਼ਾਂ ਦਾ ਵਧਾ ਦਿੱਤਾ ਗਿਆ ਹੈ ਜਿਹੜੀ ਕਿ ਸਭ ਤੋਂ ਵੱਡੀ ਰਾਹਤ ਹੈ। ਇਸ ਦੀ ਬੜੇ ਸਮੇਂ ਤੋਂ ਮੰਗ ਸੀ ਕਿ ਰਾਜਾਂ ਨੂੰ ਹਿੱਸਾ ਘੱਟ ਮਿਲਦਾ ਹੈ ਅਤੇ ਇਹ ਵਧਾਇਆ ਜਾਣਾ ਚਾਹੀਦਾ ਹੈ। ਹੁਣ ਇਹ 32% ਤੋਂ ਵੱਧ ਕੇ 42% ਹੋ ਗਿਆ ਹੈ। ਚੇਅਰਮੈਨ ਸਾਹਿਬ, ਇਸ ਆਸ਼ਾ ਦੇ ਵਾਤਾਵਰਣ ਵਿਚ ਢੀਂਡਸਾ ਜੀ ਨੇ ਅਤੇ ਅਕਾਲੀ-ਬੀ.ਜੇ.ਪੀ ਸਰਕਾਰ ਨੇ ਇਥੇ ਬਜਟ ਪੇਸ਼ ਕੀਤਾ ਹੈ। ਹੁਣ ਸਵਾਲ ਇਹ ਹੈ ਕਿ ਇਹ ਬਜਟ ਠੀਕ ਹੈ ਜਾਂ ਨਹੀਂ, ਇਸ ਵਾਸਤੇ ਇੰਟਰਨੈਸ਼ਨਲ ਰਿਕੋਗਨਾਈਜ਼ਡ ਪੈਰਾਮੀਟਰ ਹੁੰਦੇ ਹਨ ਜਿਹੜੇ ਹਰ ਇਕ ਬਜਟ ਉਪਰ ਲਾਗੂ ਹੁੰਦੇ ਹਨ।ਉਸ ਦੇ ਮੁਤਾਬਿਕ ਕੀ ਇਹ ਬਜਟ ਠੀਕ ਹੈ? ਸਵਾਲ ਹੈ ਕਿ ਸਟੇਟ ਦੀ ਜੀ.ਐਸ.ਡੀ.ਪੀ. ਵਧਣੀ ਚਾਹੀਦੀ ਹੈ ਜਿਹੜੀ ਕਿ ਵਧੀ ਹੈ ਅਤੇ 5.73% ਤੋਂ ਵਧ ਕੇ 10.16% ਹੋਈ ਹੈ। ਪਰ-ਕੈਪੀਟਾ ਇਨਕਮ 92350/- ਰੁਪਏ ਸਲਾਨਾ ਤੋਂ ਵਧ ਕੇ 99578/- ਹੋਈ ਹੈ। 13ਵੇਂ ਫਾਈਨਾਂਸ ਕਮਿਸ਼ਨ ਦੇ ਮੁਤਾਬਿਕ ਡੈੱਟ ਟੂ ਜੀ.ਐਸ.ਡੀ.ਪੀ. 38.7% ਰਹਿਣੀ ਚਾਹੀਦੀ ਹੈ ਜਿਹੜੀ ਕਿ 32.27% ਰਹੀ ਹੈ, ਕਿਉਂਜੋ ਐਫ.ਆਰ.ਬੀ.ਐਮ. ਹੈ ਜੋ ਕਿ 13ਵੇਂ ਫਾਈਨਾਂਸ ਕਮਿਸ਼ਨ ਅਨੁਸਾਰ ਟੋਟਲ ਜੀ.ਐਸ.ਡੀ.ਪੀ. ਦਾ 3% ਹੋਣੀ ਚਾਹੀਦੀ ਹੈ, ਇਹ ਉਸ ਦੇ ਵਿਚ ਘੱਟ ਹੈ। ਰੈਵੇਨਿਊ 16% ਵਧਿਆ ਹੈ।ਕੈਪੀਟਲ ਐਕਸਪੈਂਡੀਚਰ ਕਿੰਨੀ ਵਧੀ ਹੈ। ਇਹ 79% ਵਧੀ ਹੈ। ਐਨੂਅਲ ਪਲਾਨ ਦਾ ਸਾਈਜ਼ 4000 ਕਰੋੜ ਰੁਪਏ ਤੋਂ ਵਧ ਕੇ 21174 ਕਰੋੜ ਰੁਪਏ ਤੱਕ ਹੋ ਗਿਆ। ਇਸੇ ਤਰ੍ਹਾਂ ਜਿਹੜੀ ਪਲਾਨ ਦੀ ਪਰਫਾਰਮੈਂਸ ਹੈ, ਇਹ ਸਾਲ 2011-12 ਵਿਚ 65% ਸੀ, ਸਾਲ 2012-13 ਵਿਚ 72% ਸੀ, 2013-14 ਵਿਚ 73% ਹੋਈ ਅਤੇ ਸਾਲ 2014-15 ਵਿਚ 80% ਹੋਈ ਹੈ। ਸੋ, ਮਾਨਯੋਗ ਚੇਅਰਮੈਨ ਸਾਹਿਬ, ਇਹ ਜਿੰਨੇ ਵੀ ਪੈਰਾਮੀਟਰ ਹਨ, ਇਹ ਦੱਸਦੇ ਹਨ ਕਿ ਜਿਹੜਾ ਅਸੀਂ ਬਜਟ ਪ੍ਰੈਜ਼ੈਂਟ ਕੀਤਾ ਹੈ, ਸਾਡੀ ਅਰਥ ਵਿਵਸਥਾ ਠੀਕ ਹੈ।

ਚੇਅਰਮੈਨ ਸਾਹਿਬ, ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਪੰਜਾਬ ਵਿਚ

ਕਿਰਸਾਨੀ ਨੂੰ ਬੜ੍ਹਾਵਾ ਮਿਲਣਾ ਚਾਹੀਦਾ ਹੈ। ਪੰਜਾਬ ਨੇ ਦੇਸ਼ ਨੂੰ ਅੰਨ ਦੇ ਮਾਮਲੇ ਵਿਚ ਆਤਮ ਨਿਰਭਰ ਬਣਾਇਆ ਹੈ। ਕੋਈ ਟਾਈਮ ਸੀ ਕਿ ਸਾਨੂੰ ਬਾਹਰੋਂ ਅਨਾਜ ਮੰਗਵਾਉਣਾ ਪੈਂਦਾ ਸੀ। ਪੀ.ਐਲ.480 ਕਿਸਮ ਦੀ ਕਣਕ ਬਾਹਰੋਂ ਮੰਗਵਾਉਂਦੇ ਸੀ। ਪਰ ਅੱਜ ਉਹ ਦੌਰ ਗੁਜ਼ਰ ਗਿਆ ਹੈ। ਅੱਜ ਸਾਨੂੰ ਖੜੋਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਸ ਲਈ ਸਾਨੂੰ ਡਾਈਵਰਸੀਫਿਕੇਸ਼ਨ ਆਫ ਕਰਾਪਸ ਵਿਚ ਜਾਣਾ ਚਾਹੀਦਾ ਹੈ ਅਤੇ ਖੇਤੀ ਵਿਭਿੰਨਤਾ ਲਿਆਉਣੀ ਚਾਹੀਦੀ ਹੈ। ਇਸ ਲਈ ਐਗਰੀਕਲਚਰ ਰਿਸਰਚ ਅਤੇ ਟੈਕਨਾਲੋਜੀ ਦੀ ਜ਼ਰੂਰਤ ਹੈ। ਇਸ ਉਤੇ ਬਜਟ ਵਿਚ ਖਾਸ ਧਿਆਨ ਦਿੱਤਾ ਗਿਆ ਹੈ। ਅਸੀਂ ਐਗਰੀਕਲਚਰ ਰਿਸਰਚ ਅਤੇ ਟੈਕਨਾਲੋਜੀ ਵਿਚ ਐਡਵਾਂਸਮੈਂਟ ਕਰਨੀ ਹੈ, ਜਿਸ ਲਈ ਕਈ ਸੈਂਟਰ ਆਫ ਐਕਸੀਲੈਂਸ ਸਥਾਪਤ ਕੀਤੇ ਗਏ ਹਨ। ਇਸੇ ਤਰ੍ਹਾਂ ਪੋਸਟ ਗਰੈਜੂਏਟ ਇੰਸਟੀਚਿਊਟ ਆਫ ਹਾਰਟੀਕਲਚਰ ਰਿਸਰਚ ਐਂਡ ਐਜੂਕੇਸ਼ਨ, ਅੰਮ੍ਰਿਤਸਰ ਵਿਖੇ ਸਥਾਪਿਤ ਹੋ ਰਿਹਾ ਹੈ । ਸੋ, ਕਹਿਣ ਦਾ ਭਾਵ ਹੈ ਕਿ ਅਸੀਂ ਕਿਸਾਨੀ ਨੂੰ ਹੋਰ ਪ੍ਰਫੁਲਿਤ ਕਰਨਾ ਹੈ । ਇਸੇ ਤਰ੍ਹਾਂ, ਜਿਹੜੀ ਵੀਟ੍ਹ ਦੀ ਪ੍ਰਕਿਓਰਮੈਂਟ ਹੈ, ਉਹ 176.20 ਲੱਖ ਟਨ ਹੋਈ ਹੈ ਤੇ ਉਸ ਵਿੱਚੋਂ 119 ਲੱਖ ਟਨ ਸਟੇਟ ਨੇ ਪ੍ਰਕਿਓਰ ਕੀਤੀ ਹੈ । ਇਸੇ ਤਰ੍ਹਾਂ 169.72 ਲੱਖ ਟਨ ਜਿਹੜੀ ਪੈਡੀ ਹੈ, ਉਸ ਵਿੱਚੋਂ 121 ਲੱਖ ਟਨ ਸਟੇਟ ਨੇ ਪ੍ਰਕਿਓਰ ਕੀਤੀ ਹੈ। ਮਾਨਯੋਗ ਚੇਅਰਮੈਨ ਸਾਹਿਬ, ਸਮੱਸਿਆ ਲਿਫਟਿੰਗ ਦੀ ਹੈ । ਅਸੀਂ ਅੰਨ ਨੂੰ ਅੰਨ ਭਗਵਾਨ ਕਿਹਾ ਹੈ । ਇਸ ਨੂੰ ਕੇਂਦਰ ਸਰਕਾਰ ਨਾਲ ਮਿਲ ਕੇ ਲਿਫਟ ਕੀਤਾ ਜਾਵੇ ਕਿਉਂਕਿ ਅੰਨ ਭਗਵਾਨ ਹੈ ਤੇ ਇਹ ਖਰਾਬ ਨਹੀਂ ਹੋਣਾ ਚਾਹੀਦਾ । ਇਸ ਦੀ ਜੋ ਸੈਲਫ ਲਾਈਫ ਹੈ, ਇਹ ਉਸ ਤੋਂ ਪਹਿਲਾਂ ਪਹਿਲਾਂ ਲਿਫਟ ਹੋਵੇ ਤੇ ਕੰਜ਼ਿਊਮ ਹੋ ਜਾਵੇ। ਇਹ ਬਹੁਤ ਹੀ ਜ਼ਰੂਰੀ ਹੈ ਤੇ ਮੈਂ ਖਾਸ ਕਰਕੇ ਕਰਾਪਸ ਡਾਈਵਰਸੀਫਿਕੇਸ਼ਨ ਤੇ ਗੱਲ ਕਰਨੀ ਚਾਹਵਾਂਗਾ । ਮੈਂ ਸੁਝਾਓ ਦੇਣਾ ਚਾਹੁੰਦਾ ਹਾਂ ਕਿ ਸਾਇਲ ਟੈਸਟਿੰਗ ਹੋ ਸਕਦੀ ਹੈ । ਅਸੀਂ ਕਣਕ ਔਰ ਝੋਨੇ ਤੋਂ ਇਲਾਵਾ ਹੋਰ ਕਿਹੜੀ ਕਿਹੜੀ ਚੀਜ਼ ਬੀਜ ਸਕਦੇ ਹਾਂ? ਇਸ ਵਾਸਤੇ ਸਾਇਲ ਟੈਸਟਿੰਗ ਕਰਕੇ ਕਿਸਾਨ ਨੂੰ ਦੂਜੇ ਪਾਸੇ ਲਗਾਇਆ ਜਾਵੇ ਕਿਉਂਕਿ ਕਿਸਾਨ ਦਾ ਵੀ ਆਰਥਿਕ ਮਨੋਰਥ ਹੈ, ਇਕਨਾਮਿਕ ਐਂਗਲ ਹੈ । ਉਹ ਉਹੀ ਫਸਲ ਲਗਾਵੇਗਾ ਜਿਸ ਵਿੱਚ ਉਸ ਨੂੰ ਫਾਇਦਾ ਹੋਵੇਗਾ । ਸੋ, ਉਸ ਲਈ ਜ਼ਰੂਰਤ ਹੈ........

**ਸਰਦਾਰ ਬਲਬੀਰ ਸਿੰਘ ਸਿੱਧੂ :** **

**ਸ਼੍ਰੀ ਸਭਾਪਤੀ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**ਸ਼੍ਰੀ ਮਨੋਰੰਜਨ ਕਾਲੀਆ :** ਮਾਨਯੋਗ ਚੇਅਰਮੈਨ ਸਾਹਿਬ, ਸਟੇਟ ਨੇ ਫੈਸਲਾ ਕੀਤਾ ਕਿ ਅਸੀਂ ਆਪਣੇ ਓਨ ਰਿਸੋਰਸਿਜ਼ ਤੋਂ ਵੀ ਵ੍ਹੀਟ ਤੇ ਪੈਡੀ ਪ੍ਰਕਿਓਰ ਕੀਤੀ ਹੈ । ਕੀ ਐਸਾ ਹੋ ਸਕਦਾ ਹੈ ਕਿ ਅਸੀਂ ਕੇਂਦਰ ਨਾਲ ਟੇਕ ਅੱਪ ਕਰੀਏ ਕਿ ਜੋ ਡਾਈਵਰਸੀਫਾਈਡ ਕਰਾਪਸ ਹਨ, ਉਨ੍ਹਾਂ ਨੂੰ ਵੀ ਮਿਨੀਮਮ ਸਪੋਰਟ ਪ੍ਰਾਈਸ ਦੇਈਏ । ਕੁਝ ਸਟੇਟ ਵੱਲੋਂ ਸਪੋਰਟ ਹੋ ਜਾਵੇ । ਬਜਾਏ ਇਸ ਦੇ ਕਿ ਅਸੀਂ ਉਸ ਨੂੰ ਕਹੀਏ ਕਿ ਤੁਸੀਂ ਕਣਕ ਦੀ ਜਗ੍ਹਾ ਦੂਸਰੀ ਫਸਲ ਲਗਾਓ ਪਰ ਨਾਲ ਹੀ ਤੁਹਾਨੂੰ ਜਿਹੜਾ ਕੋਈ ਘਾਟਾ ਪੈਂਦਾ ਹੈ, ਉਹ ਅਸੀਂ ਸਟੇਟ ਵੱਲੋਂ ਸੈੱਟ ਅੱਪ ਕਰ ਦੇਈਏ। ਅਸੀਂ ਉਸ ਨੂੰ ਇਨਕਰੇਜ ਕਰੀਏ ਕਿ ਅਸੀਂ ਡਾਈਵਰਸੀਫਿਕੇਸ਼ਨ ਆਫ ਕਰਾਪਸ ਕਰਨਾ ਹੈ । ਇਸ ਨੂੰ ਸੋਚਣ ਔਰ ਵਿਚਾਰਨ ਦੀ ਲੋੜ ਹੈ । ਅਸੀਂ ਸਾਇਲ ਟੈਸਟਿੰਗ ਕਰਵਾਈਏ । ਅਸੀਂ ਕਣਕ ਅਤੇ ਝੋਨੇ ਦੀ ਪ੍ਰਕਿਓਰਮੈਂਟ ਸਟੇਟ ਵੱਲੋਂ ਕਰਦੇ ਹਾਂ । ਅਸੀਂ ਇਹ ਕਰੀਏ ਕਿ ਜਿਹੜੀਆਂ ਡਾਈਵਰਸੀਫਾਈਡ ਕਰਾਪਸ ਹਨ, ਉਸ ਬਾਰੇ ਕਿਸਾਨ ਨੂੰ ਕਹੀਏ ਕਿ ਤੂੰ ਇਨ੍ਹਾਂ ਨੂੰ ਲਗਾ ਤੇ ਜਿਹੜਾ ਤੈਨੂੰ ਨਫਾ ਅਤੇ ਨੁਕਸਾਨ ਪੈਂਦਾ ਹੈ, ਉਹ ਕੁਝ ਸਟੇਟ ਵੱਲੋਂ ਹੋ ਜਾਵੇ ਤੇ ਕੁਝ ਸੈਂਟਰ ਵੱਲੋਂ ਹੋ ਜਾਵੇ। ਸੋ, ਇਹ ਮੇਰਾ ਸੁਝਾਓ ਹੈ। ਇੱਕ ਗੱਲ ਹੋਰ ਚਿੰਤਾ ਅਤੇ ਚਿੰਤਨ ਦਾ ਵਿਸ਼ਾ ਹੈ, ਉਹ ਇਹ ਹੈ ਕਿ ਇੰਨਾ ਕੁਝ ਕਰਨ ਦੇ ਬਾਵਜੂਦ ਫਿਰ ਵੀ ਆਤਮ ਹੱਤਿਆਵਾਂ ਹੋਈਆਂ । ਲਗਭਗ 94 ਕਰੋੜ ਰੁਪਿਆ ਡਿਸਬਰਸ ਵੀ ਕੀਤਾ ਗਿਆ। ਮਾਨਯੋਗ ਚੇਅਰਮੈਨ ਸਾਹਿਬ, ਇੱਕ ਸਟੱਡੀ ਕੀਤੀ ਜਾਵੇ ਕਿ ਕਿਹੜਾ ਕਿਹੜਾ ਕਾਰਨ ਹੈ ਜਿਸ ਕਰਕੇ ਇੰਨਾ ਕੁਝ ਕਰਨ ਤੋਂ ਬਾਵਜੂਦ ਕਿਸਾਨ ਆਤਮ ਹੱਤਿਆ ਕਰ ਰਿਹਾ ਹੈ । ਉਸ ਦੇ ਕਾਰਨ ਲੱਭ ਕੇ ਉਸ ਬਾਰੇ ਕੁਰੈਕਟਿਵ ਮਈਅਰਜ਼ ਲਏ ਜਾਣ । ਇੱਕ ਗੱਲ ਵਾਰ ਵਾਰ ਆਪੋਜ਼ੀਸ਼ਨ ਬੈਂਚਿਜ਼ ਤੋਂ ਸਵਾਮੀਨਾਥਨ ਰਿਪੋਰਟ ਬਾਰੇ ਗੱਲ ਕੀਤੀ ਜਾਂਦੀ ਹੈ ਤੇ ਕਿਹਾ ਜਾਂਦਾ ਹੈ ਕਿ ਯੂ. ਪੀ. ਏ. ਸਰਕਾਰ ਵੱਲੋਂ ਕਿਸਾਨਾਂ ਦਾ ਬੜਾ ਹਿਤ ਪੂਰਿਆ ਗਿਆ ਹੈ । ਮਾਨਯੋਗ ਚੇਅਰਮੈਨ ਸਾਹਿਬ, ਇੱਕ ਗੱਲ ਮੈਂ ਕਹਿਣੀ ਚਾਹੁੰਦਾ ਹਾਂ ਕਿ ਤੁਸੀਂ ਇਸ ਸਵਾਮੀਨਾਥਨ ਰਿਪੋਰਟ ਦੀ ਗੱਲ ਕਰ ਰਹੇ ਹੋ । ਜੇ ਐਨ. ਡੀ. ਏ. ਸਰਕਾਰ ਨਾ ਆਈ ਹੁੰਦੀ ਤਾਂ ਸਾਲ 2017 ਤੋਂ ਬਾਅਦ

**Expunged as ordered by the Chair.

ਨਾ ਤਾਂ ਐਮ. ਐਸ. ਪੀ. ਤੁਸੀਂ ਦੇ ਸਕਦੇ ਸੀ ਤੇ ਨਾ ਹੀ ਸਵਾਮੀਨਾਥਨ ਰਿਪੋਰਟ ਦੇ ਸਕਦੇ ਸੀ ਤੇ ਨਾ ਹੀ ਸਾਲ 2017 ਤੋਂ ਬਾਅਦ ਤੁਸੀਂ ਫੂਡ ਸਿਕਿਓਰਟੀ ਦੇ ਸਕਦੇ ਸੀ । ਕਿਉਂ ? ਕਿਉਂਕਿ ਕਿਸਾਨਾਂ ਦੇ ਹਿਤਾਂ ਦਾ ਘਾਣ ਯੂ. ਪੀ. ਏ. ਸਰਕਾਰ ਨੇ ਕੀਤਾ । 2013 ਵਿੱਚ ਮਾਨਯੋਗ ਚੇਅਰਮੈਨ ਸਾਹਿਬ, ਕੀ ਕੀਤਾ ?

**ਸਰਦਾਰ ਜਗਮੋਹਨ ਸਿੰਘ ਕੰਗ :** **

**ਸ਼੍ਰੀ ਸਭਾਪਤੀ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**ਸ਼੍ਰੀ ਮਨੋਰੰਜਨ ਕਾਲੀਆ :** ਮੇਰੀ ਪੂਰੀ ਗੱਲ ਸੁਣ ਲਓ । ਪੰਜ ਮਿੰਟ ਸੁਣ ਲਓ ਜ਼ਰਾ । ਮਾਨਯੋਗ ਚੇਅਰਮੈਨ ਸਾਹਿਬ, ਕਿਸਾਨਾਂ ਦੇ ਹਿਤਾਂ ਦਾ ਘਾਣ ਕੀਤਾ ਗਿਆ । ਕੀ ਕੀਤਾ ? ਵਰਲਡ ਟਰੇਡ ਆਰਗੇਨਾਈਜ਼ੇਸ਼ਨ (ਡਬਲਿਊ.ਟੀ.ਓ.) ਦਾ ਕੀ ਕੰਮ ਹੈ ?

**ਸ਼੍ਰੀ ਸਭਾਪਤੀ :** ਕਾਲੀਆ ਸਾਹਿਬ, ਤੁਹਾਡਾ ਟਾਈਮ ਹੋ ਚੁੱਕਿਆ ਹੈ।

**ਸ਼੍ਰੀ ਮਨੋਰੰਜਨ ਕਾਲੀਆ :** ਨਹੀਂ ਜੀ, ਨਹੀਂ ਜੀ, ਅਜੇ ਤਾਂ ਸ਼ੁਰੂਆਤ ਹੈ ਜੀ। ਮੇਰੀ ਪਾਰਟੀ ਦਾ ਟਾਈਮ ਦੇ ਦੇਣਾ ਜੀ।

**ਸ਼੍ਰੀ ਸਭਾਪਤੀ :** ਇਹ ਪਾਰਟੀ ਦਾ ਹੀ ਟਾਈਮ ਹੈ ਜੀ। 19 ਮਿੰਟ ਹਨ, ਤਕਰੀਬਨ ਹੋ ਗਏ ਹਨ।

**ਸ਼੍ਰੀ ਮਨੋਰੰਜਨ ਕਾਲੀਆ :** ਨਹੀਂ ਜੀ, ਨਹੀਂ। ਮੇਰੀ ਰਿਕੁਐਸਟ ਹੈ ਕਿ ਇਸ ਨੂੰ ਐਕਸਟੈਂਡ ਕਰ ਦਿਓ ਜਾਂ ਤਾਂ ਮੈਂ ਨਾਨ-ਇਸ਼ੂ ਤੇ ਬੋਲ ਰਿਹਾ ਹੋਵਾਂ ਤਾਂ ਮੈਨੂੰ ਕਹੋ।

**ਸ਼੍ਰੀ ਸਭਾਪਤੀ :** ਤੁਸੀਂ ਇਕ ਦੋ ਮਿੰਟਾਂ ਵਿੱਚ ਖਤਮ ਕਰੋ।

**ਸ਼੍ਰੀ ਮਨੋਰੰਜਨ ਕਾਲੀਆ :** ਅੱਛਾ ਜੀ। ਉਸ ਦੇ ਵਿੱਚ ਹੈ ਕਿ ਡਬਲਿਯੂ.ਟੀ.ਓ. ਆਰਗੇਨਾਈਜੇਸ਼ਨ ਹੈ। ਜਿਹੜੇ ਮੈਂ ਇਸ਼ੂ ਲੈ ਰਿਹਾ ਹਾਂ, ਇਹ ਬਹੁਤ ਸੀਰੀਅਸ ਹਨ। ਉਸ ਦਾ ਕੰਮ ਕੀ ਹੈ ਕਿ ਉਹ ਡਿਵੈਲਪਡ ਕੰਟਰੀਜ਼ ਲਈ ਡਿਵੈਲਪਿੰਗ ਕੰਟਰੀਜ਼, ਥਰਡ ਵਰਲਡ ਕੰਟਰੀਜ਼ ਵਿੱਚ ਬਜ਼ਾਰ ਲੱਭਦੇ ਹਨ ਕਿ ਅਸੀਂ ਉਥੇ ਵਪਾਰ ਕਰਨਾ ਹੈ। ਉਸ ਦੇ ਵਿੱਚ ਉਨ੍ਹਾਂ ਨੇ ਡਿਵੈਲਪਿੰਗ ਕੰਟਰੀਜ਼ ਲਈ ਇੱਕ ਟਰੇਡ ਫੈਸਿਲੀਟੇਸ਼ਨ ਐਗਰੀਮੈਂਟ ਬਣਾਇਆ ਹੈ। 2013

**Expunged as ordered by the Chair.

[ ਸ਼੍ਰੀ ਮਨੋਰੰਜਨ ਕਾਲੀਆ ]

ਦੇ ਵਿੱਚ ਉਸ ਤੇ ਯੂ.ਪੀ.ਏ. ਗੌਰਮਿੰਟ ਵੇਲੇ ਇੰਡੋਨੇਸ਼ੀਆ ਦੇ ਬਾਲੀ ਸ਼ਹਿਰ ਵਿੱਚ, ਟਰੇਡ ਫੈਸਿਲੀਟੇਸ਼ਨ ਐਗਰੀਮੈਂਟ ਤੇ ਸਾਈਨ ਕੀਤੇ ਗਏ। ਉਹ ਕੀ ਹੈ? ਉਸ ਦੇ ਵਿੱਚ ਇਹ ਹੈ ਕਿ ਤੁਸੀਂ ਹਾਰਵੈਸਟ ਦੀ ਵੈਲਿਯੂ ਦਾ ਦਸ ਪ੍ਰਤੀਸ਼ਤ ਤੋਂ ਵੱਧ ਸਬਸਿਡੀ ਨਹੀਂ ਦੇ ਸਕਦੇ। ਉਸ ਦਾ ਕੀ ਅਰਥ ਹੋਣਾ ਸੀ। ਨਾ ਤੁਸੀਂ ਐਮ.ਐਸ.ਪੀ. ਦੇ ਸਕਦੇ ਹੋ। ਅਮਰੀਕਾ ਦੇ ਰਿਹਾ ਹੈ। ਨਾ ਤੁਸੀਂ ਫੂਡ ਸਿਕਿਓਰਿਟੀ ਦੇ ਸਕਦੇ ਹੋ। ਉਸ ਦੇ ਨਾਲ ਇਹ ਜਿਹੜੇ ਸਾਈਨ ਕੀਤੇ ਸੀ ਉਨ੍ਹਾਂ ਦੀ 2017 ਤੋਂ ਬਾਅਦ ਰੈਟੀਫਿਕੇਸ਼ਨ ਹੁੰਦੀ ਹੈ। ਰੈਟੀਫਿਕੇਸ਼ਨ ਪਾਰਲੀਮੈਂਟ ਕਰਦੀ ਹੈ। ਲੇਕਿਨ ਸ਼੍ਰੀ ਨਰਿੰਦਰ ਮੋਦੀ ਜੀ ਨੇ, ਐਨ.ਡੀ.ਏ. ਗੌਰਮਿੰਟ ਨੇ ਰਿਫਿਊਜ਼ ਕਰ ਦਿੱਤਾ, ਇਨਕਾਰ ਕਰ ਦਿੱਤਾ ਕਿ ਕਿਸਾਨ ਦਾ ਹਿਤ ਰਾਸ਼ਟਰ ਹਿੱਤ ਹੈ ਔਰ ਉਸ ਦੇ ਲਈ ਅਸੀਂ ਦੁਨੀਆਂ ਦੀ ਪਰਵਾਹ ਨਹੀਂ ਕਰਦੇ, ਅਸੀਂ ਕਿਸਾਨ ਨਾਲ ਖੜ੍ਹੇ ਹਾਂ, ਕਿਸਾਨ ਦੇ ਹਿੱਤ ਨਾਲ ਖੜ੍ਹੇ ਹਾਂ। ਜਿਸ ਤਰ੍ਹਾਂ ਇਥੇ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਕਿਸਾਨਾਂ ਦੇ ਨਾਲ ਖੜ੍ਹੇ ਹਨ, ਉਥੇ ਕੇਂਦਰ ਦੇ ਵਿੱਚ ਸ਼੍ਰੀ ਨਰਿੰਦਰ ਮੋਦੀ ਜੀ ਕਿਸਾਨਾਂ ਨਾਲ ਖੜ੍ਹੇ ਹਨ ਔਰ ਉਥੇ ਜੋਹਨ ਕੈਰੀ ਨੂੰ ਨਾਂਹ ਕੀਤੀ, ਸਾਰਿਆਂ ਨੂੰ ਨਾਂਹ ਕੀਤੀ ਕਿ ਅਸੀਂ ਇਸ ਨੂੰ ਰੈਟੀਫਾਈ ਨਹੀਂ ਕਰਨਾ। ਇਹੀ ਕਾਰਨ ਹੈ ਕਿ ਅੱਜ ਅਸੀਂ ਕਿਸਾਨ ਨੂੰ ਸਬਸਿਡੀ ਵੀ ਦੇ ਰਹੇ ਹਾਂ, ਐਮ.ਐਸ.ਪੀ. ਵੀ ਦੇ ਰਹੇ ਹਾਂ ਔਰ ਫੂਡ ਸਿਕਿਓਰਟੀ ਗਰੀਬ ਜਨਤਾ ਨੂੰ ਵੀ ਮੁਹੱਈਆ ਕਰਵਾ ਰਹੇ ਹਾਂ। ਸੋ, ਮਾਨਯੋਗ ਚੇਅਰਮੈਨ ਸਾਹਿਬ, ਇਸ ਗੱਲ ਦੇ ਲਈ ਨਰਿੰਦਰ ਮੋਦੀ ਜੀ ਨੇ ਬਚਾ ਲਿਆ ਕਿ ਟੀ.ਐਫ.ਏ. ਨੂੰ ਰੈਟੀਫਿਕੇਸ਼ਨ ਨਹੀਂ ਦਿੱਤੀ ਹੈ। ਮੈਂ ਇੰਡਸਟਰੀ ਦੇ ਉਤੇ ਆਉਂਦਾ ਹਾਂ। ਇਥੇ ਇੰਡਸਟਰੀ ਨੂੰ ਪ੍ਰਫੁੱਲਤ ਕਰਨ ਦੇ ਲਈ ਤਿੰਨ ਪ੍ਰਤੀਸ਼ਤ ਇੰਟਰਪਰੋਨਿਓਰਸ਼ਿਪ ਡਿਵੈਲਪਮੈਂਟ ਪ੍ਰੋਗਰਾਮ ਸ਼ੁਰੂ ਕੀਤਾ ਹੈ। ਮੈਂ ਢੀਂਡਸਾ ਜੀ ਦਾ ਅਭਾਰੀ ਹਾਂ, ਇਨ੍ਹਾਂ ਨੇ ਨਿਫਟ, ਜਲੰਧਰ ਲਈ ਇੱਕ ਕਰੋੜ ਰੁਪਿਆ ਰੱਖਿਆ ਹੈ ਪਰ ਉਹ ਘੱਟ ਹੈ। ਉਸ ਦੇ ਲਈ ਜਰੂਰੀ ਹੈ ਕਿ ਜਿਹੜੀ ਇਨਕੰਪਲੀਟ ਬਿਲਡਿੰਗ ਹੈ, ਇੱਕ ਤਾਂ ਉਥੇ ਲਿਖਿਆ ਹੈ ਕਿ ਇਹ ਨਿਫਟ ਸਕੀਮ ਲਈ ਹੈ, ਮੈਂ ਢੀਂਡਸਾ ਜੀ ਨੂੰ ਕਹਾਂਗਾ ਕਿ ਇੱਕ ਤਾਂ ਇਸ ਨੂੰ ਕਲੈਰੀਫਾਈ ਕਰ ਦਿੱਤਾ ਜਾਵੇ, ਕਿਉਂਕਿ ਉਹ ਜਲੰਧਰ ਦੇ ਲਈ ਦਿੱਤਾ ਗਿਆ ਹੈ। ਚੇਅਰਮੈਨ ਸਾਹਿਬ, ਮੈਂ ਇਸ ਗੱਲ ਲਈ ਵੀ ਸਰਕਾਰ ਨੂੰ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੇ ਈ-ਟਰਿਪਿੰਗ ਵਿਦਡਰਾਅ ਕੀਤੀ ਕਿਉਂਕਿ ਇਨ੍ਹਾਂ ਨੇ ਦੇਖਿਆ ਕਿ ਇਥੇ ਵਪਾਰੀਆਂ ਦਾ ਹਿੱਤ ਨਹੀਂ ਹੈ, ਇਨ੍ਹਾਂ ਨੇ ਈ-ਟਰਿਪਿੰਗ ਨੂੰ ਵਿਦਡਰਾਅ ਕੀਤਾ। ਇਹ ਅੱਛਾ ਸਟੈਪ ਹੈ। ਇਸੇ ਤਰ੍ਹਾਂ ਵੈਟ

ਦੀ ਕੁਲੈਕਸ਼ਨ ਵਿਚ 16% ਦਾ ਵਾਧਾ ਹੋਇਆ ਹੈ। ਮੈਕਸੀਮਮ ਰੈਵੇਨਿਊ ਵੈਟ ਤੋਂ ਆਉਂਦਾ ਹੈ, ਵਪਾਰੀਆਂ ਤੋਂ ਆਉਂਦਾ ਹੈ। ਵੈਟ ਦਾ ਰਿਫੰਡ ਵਪਾਰੀਆਂ ਨੂੰ ਰੈਗੂਲਰ ਤੌਰ ਤੇ ਮੁਹੱਈਆ ਹੋਵੇ, ਇਸ ਦਾ ਤੁਸੀਂ ਇਨਬਿਲਟ ਮਕੈਨਿਜ਼ਮ ਜ਼ਰੂਰ ਬਣਾਉ ਕਿ ਇਸ ਵਿਚ ਡਿਲੇਅ ਨਾ ਹੋਵੇ, ਇਹ ਰਿਫੰਡ ਰੈਗੂਲਰ ਮਿਲੇ। ਮਾਨਯੋਗ ਚੇਅਰਮੈਨ ਸਾਹਿਬ, ਮੈਂ ਸਪੋਰਟਸ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਹਾਕੀ ਸਾਡੀ ਨੈਸ਼ਨਲ ਗੇਮ ਹੈ। ਉਸ ਦੇ ਲਈ ਪੰਜਾਬ ਸਭ ਤੋਂ ਅੱਗੇ ਸੀ। ਸੰਸਾਰਪੁਰ, ਜਲੰਧਰ ਨੂੰ ਰਿਪ੍ਰੈਜ਼ੈਂਟ ਕਰਦਾ ਸੀ। ਉਸ ਨੂੰ ਪ੍ਰਫੁੱਲਤ ਕਰਨ ਦੀ ਜ਼ਰੂਰਤ ਹੈ। ਇਸ ਲਈ ਮੈਂ ਚਾਹਾਂਗਾ ਕਿ ਸੰਸਾਰਪੁਰ ਵਿਖੇ ਇੱਕ ਮਲਟੀ ਸਪੋਰਟਸ ਸਟੇਡੀਅਮ ਹੋਵੇ। ਇਸੇ ਤਰ੍ਹਾਂ ਪਿਛਲੇ ਸਮੇਂ ਵਿੱਚ ਮਾਨਯੋਗ ਡਿਪਟੀ ਸੀ.ਐਮ. ਸਾਹਿਬ ਨੇ ਅਨਾਊਂਸ ਕੀਤਾ ਸੀ ਕਿ ਲੱਧੇਵਾਲੀ, ਬੜਿੰਗ ਅਤੇ ਧੰਨੇ ਵਾਲੀ ਵਿਖੇ ਸਪੋਰਟਸ ਸਟੇਡੀਅਮ ਬਣਾਏ ਜਾਣਗੇ। ਲੱਧੇਵਾਲੀ ਵਾਲਾ ਅੱਪਗ੍ਰੇਡ ਕਰਨਾ ਸੀ ਅਤੇ ਬਾਕੀ ਦੋ ਨਵੇਂ ਬਣਾਉਣਗੇ। ਸੋ, ਉਹ ਵੀ ਜਲਦੀ ਟੈਂਡਰ ਲਗਾ ਕੇ ਬਣਾ ਦਿੱਤੇ ਜਾਣ। ਇਸੇ ਤਰ੍ਹਾਂ ਮੈਂ ਗਰੀਨ ਪੰਜਾਬ ਲਈ ਸੁਝਾਅ ਦੇਵਾਂਗਾ ਕਿ ਈ-ਰਿਕਸ਼ਾ ਦੀ ਬਹੁਤ ਅੱਛੀ ਸਕੀਮ ਹੈ। ਇਸ ਦੇ ਲਈ ਲੋਨ ਦੇ ਰਹੇ ਹਨ। ਉਸ ਦਾ ਨਾਮ ਮੁੱਖ ਮੰਤਰੀ ਰਿਕਸ਼ਾ ਚਾਲਕ, ਰਿਕਸ਼ਾ ਮਾਲਕ ਯੋਜਨਾ ਰੱਖੋ। ਤੁਸੀਂ ਲੋਨ ਦੇ ਰਹੇ ਹੋ, ਇਹ ਮੇਰਾ ਅੱਛਾ ਸੁਝਾਅ ਹੈ ਕਿ ਇਸ ਨੂੰ ਟੇਕ-ਅੱਪ ਕੀਤਾ ਜਾਵੇ। ਹੈਲਥ ਵਾਸਤੇ ਜਿਹੜਾ ਏਮਜ਼ ਕੇਂਦਰ ਨੇ ਦਿੱਤਾ ਹੈ, ਇਹ ਜਲੰਧਰ ਨੂੰ ਐਲੋਕੇਟ ਹੋ ਜਾਵੇ ਕਿਉਂਕਿ ਅੰਮ੍ਰਿਤਸਰ ਵਿਖੇ ਪਹਿਲਾਂ ਹੀ ਮੈਡੀਕਲ ਕਾਲਜ ਹੈ। ਪਟਿਆਲਾ ਦੇ ਵਿੱਚ ਵੀ ਹੈ। ਜੇ ਇਸ ਨੂੰ ਜਲੰਧਰ ਦੇ ਵਿੱਚ ਸਥਾਪਿਤ ਕੀਤਾ ਜਾਵੇ ਤਾਂ ਬਹੁਤ ਬਿਹਤਰ ਹੋਵੇਗਾ।

**ਸ਼੍ਰੀ ਸਭਾਪਤੀ :** ਕਾਲੀਆ ਸਾਹਿਬ, ਸਮਾਪਤ ਕਰੋ।

**ਸ਼੍ਰੀ ਮਨੋਰੰਜਨ ਕਾਲੀਆ :** ਹਾਂ ਜੀ, ਕਰ ਰਿਹਾ ਹਾਂ ਜੀ। ਇੱਕ ਨਸ਼ੇ ਦੀ ਗੱਲ ਹੈ। ਮਾਨਯੋਗ ਚੇਅਰਮੈਨ ਸਾਹਿਬ, ਮੈਂ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿਉਂਕਿ ਇਹ ਪਾਜ਼ੇਟਿਵ ਸੁਜੈਸ਼ਨ ਹੈ ਕਿ ਜਿਹੜੀ ਸੂਡੋਫੈਡਰਿਨ ਹੈ ਇਸ ਤੋਂ ਸਿੰਥੈਟਿਕ ਡਰੱਗ ਬਣਦਾ ਹੈ। ਮਾਨਯੋਗ ਚੇਅਰਮੈਨ ਸਾਹਿਬ, ਮੈਂ ਮੈਂਬਰ ਸਾਹਿਬਾਨ ਨੂੰ ਰਿਕੁਐਸਟ ਕਰਾਂਗਾ ਕਿ ਇਸ ਗੱਲ ਦੇ ਉਤੇ ਤਵੱਜੋਂ ਦਿਉ ਕਿ ਜਿਹੜੀ ਸਿੰਥੈਟਿਕ ਡਰੱਗ ਹੈ ਇਹ ਸੂਡੋਫੈਡਰਿਨ ਤੋਂ ਬਣਦੀ ਹੈ ਔਰ ਇਹ ਜਿਹੜੀ ਸੂਡੋਫੈਡਰਿਨ ਹੈ ਇਹ ਐਂਟੀ ਅਲਰਜੀ ਦਵਾਈ ਬਣਾਉਣ ਵਿਚ ਵਰਤੀ

[ ਸ਼੍ਰੀ ਮਨੋਰੰਜਨ ਕਾਲੀਆ ]

ਜਾਂਦੀ ਹੈ। ਮੈਂ ਇਸ ਗੱਲ ਦੇ ਉਤੇ ਕਹਿਣਾ ਚਾਹੁੰਦਾ ਹਾਂ ਕਿ ਇਸ ਦਾ ਬੈਟਰ ਸਪੈਕਟ੍ਰਮ ਹੋਰ ਸਾਲਟਸ ਵਿਚ ਵੀ ਅਵੇਲਏਬਲ ਹੈ ਇਸ ਨੂੰ ਜੇ ਸਟੇਟ ਡਰੱਗ ਕੰਟਰੋਲਰ ਜਿਹੜੀਆਂ ਇਥੋਂ ਦੀਆਂ ਫਾਰਮਾਸੂਟੀਕਲਜ਼ ਹਨ ਉਹ ਬੈਨ ਕਰ ਦੇਣ ਕਿ ਤੁਸੀਂ ਉਸ ਨੂੰ ਆਲਟਰਨੇਟਿਵ ਸਾਲਟ ਜਿਹੜਾ ਹੈ than that of pseudo-federin, ਉਹ ਯੂਜ ਕਰ ਲਿਆ ਜਾਵੇ ਤਾਂ ਸਾਡੀ ਜਿਹੜੀ ਲੜਾਈ ਹੈ ਉਹ ਇਕ ਸਾਰਥਿਕ ਦਿਸ਼ਾ ਵੱਲ ਜਾਵੇਗੀ। ਮਾਨਯੋਗ ਚੇਅਰਮੈਨ ਸਾਹਿਬ, ਮੈਂ ਚਾਹਾਂਗਾ ਕਿ ਮਾਨਯੋਗ ਮੁੱਖ ਮੰਤਰੀ ਜੀ ਕੇਂਦਰ ਸਰਕਾਰ ਨਾਲ ਇਹ ਮਾਮਲਾ ਟੇਕ ਅੱਪ ਕਰਨ ਕਿ ਐਨ ਡੀ.ਏ. ਗੌਰਮਿੰਟ ਜਿਹੜੀ ਹੈ ਉਹ ਸੂਡੋਫੈਡਰਿਨ ਦੀ ਮੈਨੂਫੈਕਚਰਿੰਗ ਇੰਡੀਆ ਵਿਚੋਂ ਬੰਦ ਕਰੇ ਕਿਉਂਕਿ other salts have a better spectrum of anti-allergy, ਇਹ ਜਿਹੜੀ ਹੈ ਉਹ ਹੋਰ ਮੈਡੀਸ਼ਨਜ਼ ਵਿਚ ਅਵੇਲਏਬਲ ਹੈ। ਇਸ ਤਰ੍ਹਾਂ ਸਾਨੂੰ ਜਿਹੜੀ ਨਸ਼ੇ ਦੀ ਲਾਹਨਤ ਹੈ ਉਸ ਤੋਂ ਨਿਜਾਤ ਮਿਲੇਗੀ।

ਇਸੇ ਤਰ੍ਹਾਂ ਸੋਸ਼ਲ ਸਕਿਉਰਿਟੀ ਹੈ, ਵਿੱਡੋ ਪੈਨਸ਼ਨ ਹੈ, ਸ਼ਗਨ ਸਕੀਮ ਹੈ, ਇਨ੍ਹਾਂ ਬਾਰੇ ਚੇਅਰਮੈਨ ਸਾਹਿਬ, ਮੈਂ ਤੁਹਾਡੇ ਦੁਆਰਾ ਦਰਖਾਸਤ ਕਰਾਂਗਾ ਕਿ ਇਨ੍ਹਾਂ ਦੀ ਰਾਸ਼ੀ ਸਮਾਂ-ਬੱਧ ਪਹੁੰਚਣ, ਇਸ ਲਈ ਵੀ ਪ੍ਰਾਪਰ ਇਨਬਿਲਟ ਮੈਕੇਨਿਜ਼ਮ ਡਿਵੈਲਪ ਕੀਤਾ ਜਾਵੇ।

**ਸ਼੍ਰੀ ਸਭਾਪਤੀ :** ਕਾਲੀਆ ਜੀ, ਬੈਠੋ ਜੀ।

**ਸ਼੍ਰੀ ਮਨੋਰੰਜਨ ਕਾਲੀਆ :** ਮੈਂ ਦੋ ਮਿੰਟ ਲੈਣੇ ਹਨ। ਗਰਾਂਟ-ਇੰਨ-ਏਡ ਜਿਹੜੀ ਹੈ ਉਹ ਵੀ ਸਮੇਂ ਸਿਰ ਮਿਲਣੀ ਚਾਹੀਦੀ ਹੈ ਕਿਉਂਕਿ ਜਿਹੜੇ ਪ੍ਰਾਈਵੇਟ ਇੰਸਟੀਚਿਊਸ਼ਨਜ਼ ਹਨ ਉਨ੍ਹਾਂ ਵਿਚ ਜਿਹੜੇ ਸਟੂਡੈਂਟਸ ਹਨ ਉਨ੍ਹਾਂ ਨੂੰ ਸਿੱਖਿਆ ਲਈ ਇਹ ਸਮੇਂ ਸਿਰ ਦੇਣੀ ਬਹੁਤ ਜ਼ਰੂਰੀ ਹੈ। ਮਾਨਯੋਗ ਚੇਅਰਮੈਨ ਸਾਹਿਬ, ਇਸੇ ਤਰ੍ਹਾਂ ਮੈਂ ਇਕ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਜਿਹੜਾ ਅਸੀਂ ਇੰਫ੍ਰਾਸਟ੍ਰਕਚਰ ਕਰੀਏਟ ਕਰਦੇ ਹਾਂ ਉਸ ਦੇ ਨਾਲ ਨਾਲ ਸਾਨੂੰ ਬਜਟ ਪ੍ਰੋਵੀਜ਼ਨ ਵਿਚ maintenance of existing infrastructure, ਚਾਹੇ ਸਕੂਲ ਹੈ, ਫੋਕਲ ਪੁਆਇੰਟ ਹਨ, ਆਰ. ਓ. ਸਿਸਟਮ ਹੈ, ਉਸ ਨੂੰ ਮੇਨਟੇਨ ਕਰਨ ਲਈ ਇੰਟਰਨਲ ਪ੍ਰੋਵੀਜ਼ਨ ਹਰ ਬਜਟ ਦੇ ਵਿਚ ਹੋਣੀ ਚਾਹੀਦੀ ਹੈ। ਇਸੇ ਤਰ੍ਹਾਂ ਚੇਅਰਮੈਨ ਸਾਹਿਬ, ਮੈਂ ਇਕ ਮਿੰਟ ਲਵਾਂਗਾ। ਮੇਰੇ ਏਰੀਏ ਦੀ ਗੱਲ ਹੈ ਕਿ ਮੇਰੇ ਇਲਾਕੇ ਵਿਚ ਕਾਕੀ, ਬੜਿੰਗ, ਧੰਨੇਵਾਲੀ, ਦਕੋਹਾ, ਲੱਧੇਵਾਲੀ, ਚੋਕਾਂ ਪਿੰਡ

ਹਨ, ਇਹ ਵੇਖੋ ਕਿ ਇਹ 1947 ਤੋਂ ਬਾਅਦ 1977 ਵਿਚ ਕਾਰਪੋਰੇਸ਼ਨ ਵਿਚ ਆਏ ਤਾਂ ਇਥੇ ਕੋਈ ਸਿਵਿਕ ਅਮੈਨਿਟੀਜ਼ ਨਹੀਂ ਸਨ ਲੇਕਿਨ 2007 ਤੋਂ ਬਾਅਦ ਮਾਨਯੋਗ ਮੁੱਖ ਮੰਤਰੀ ਜੀ ਨੇ ਉਥੇ ਲਗਭਗ 200 ਕਰੋੜ ਰੁਪਏ ਦੀ ਲਾਗਤ ਨਾਲ ਵਾਟਰ ਸਪਲਾਈ ਸੀਵਰੇਜ ਦਿੱਤਾ ਹੈ ਔਰ ਇਥੋਂ ਸਵਰਗੀ ਸਰਦਾਰ ਬੇਅੰਤ ਸਿੰਘ ਜੀ ਰਿਪ੍ਰਜ਼ੈਂਟ ਕਰ ਚੁੱਕੇ ਹਨ ਲੇਕਿਨ ਇਥੇ ਬੇਸਿਕ ਸਿਵਿਕ ਅਮੈਨੇਟਿਜ਼ ਨਹੀਂ ਦਿੱਤੀਆਂ, ਜੇ ਦਿੱਤੀਆਂ ਹਨ ਤਾਂ ਅਕਾਲੀ ਭਾਜਪਾ ਸਰਕਾਰ ਨੇ ਦਿੱਤੀਆਂ ਹਨ। ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਉਥੇ ਸੜਕਾਂ ਦਾ ਇੰਤਜ਼ਾਮ ਹੋ ਜਾਵੇ..

**ਸ਼੍ਰੀ ਸਭਾਪਤੀ :** ਹਾਂ ਜੀ, ਐਨ.ਕੇ. ਸ਼ਰਮਾ ਜੀ। ਕਾਲੀਆ ਜੀ ਬੈਠੋ।

**ਸ਼੍ਰੀ ਮਨੋਰੰਜਨ ਕਾਲੀਆ :** ਸੜਕਾਂ ਬਣਾ ਦਿਉ, ਇਸ ਵਾਸਤੇ ਫੰਡਜ਼ ਪ੍ਰੋਵਾਈਡ ਕਰਵਾਉਣ। ਚੇਅਰਮੈਨ ਸਾਹਿਬ, ਮੈਂ ਇਕ ਹੋਰ ਗੱਲ ਕਹਿਣੀ ਚਾਹੁੰਦਾ ਹਾਂ ਕਿ ਮੈਂ ਕਾਂਗਰਸ ਦਾ ਅਭਾਰੀ ਹਾਂ ਕਿ ਇਹ ਬਜਟ ਸੈਸ਼ਨ ਵਿਚ ਪ੍ਰਾਪਰ ਪਾਰਟੀਸੀਪੇਟ ਕਰ ਰਹੇ ਹਨ ਲੇਕਿਨ ਕੇਂਦਰ ਦੇ ਬਜਟ ਉਤੇ ** ਚਲਿਆ ਗਿਆ। (ਵਿਘਨ)

**ਸ਼੍ਰੀ ਸਭਾਪਤੀ:** ** ਐਕਸਪੰਜ ਕਰ ਦਿਉ।ਹਾਂ ਜੀ, ਸ਼ਰਮਾ ਜੀ। (ਵਿਘਨ) ਮੈਂ ਕਹਿ ਦਿੱਤਾ ਹੈ ਕਿ ਐਕਸਪੰਜ ਕਰ ਦਿਉ।

**ਮੁੱਖ ਸੰਸਦੀ ਸਕੱਤਰ, ਉਦਯੋਗ ਤੇ ਵਣਜ ਅਤੇ ਨਿਵੇਸ਼ ਪ੍ਰੋਤਸਾਹਨ (ਸ਼੍ਰੀ ਐਨ. ਕੇ.ਸ਼ਰਮਾ) :** ਚੇਅਰਮੈਨ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬਜਟ ਦੇ ਉਤੇ ਬੋਲਣ ਦਾ ਮੌਕਾ ਦਿੱਤਾ ਹੈ। ਸਾਡੇ ਬਹੁਤ ਹੀ ਮਾਨਯੋਗ ਵਿੱਤ ਮੰਤਰੀ ਜੀ ਵੱਲੋਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਸਰਕਾਰ ਦੇ ਮੁਖੀ, ਬਹੁਤ ਹੀ ਸਤਿਕਾਰਯੋਗ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਅਤੇ ਉਪ ਮੁੱਖ ਮੰਤਰੀ, ਸਰਦਾਰ ਸੁਖਬੀਰ ਸਿੰਘ ਬਾਦਲ ਸਾਹਿਬ ਦੀ ਰਹਿਨੁਮਾਈ ਹੇਠ ਤਿਆਰ ਕੀਤੇ ਗਏ ਸਾਲ 2015-16 ਦਾ ਬਜਟ ਮਿਤੀ 18 ਮਾਰਚ, 2015 ਨੂੰ ਇਸ ਸਦਨ ਵਿਚ ਪੇਸ਼ ਕਰਨ ਲਈ ਮੈਂ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ। ਇਸ ਬਜਟ ਰਾਹੀਂ ਸਾਰੇ ਹੀ ਵਰਗਾਂ ਦਾ ਖਿਆਲ ਰੱਖਿਆ ਗਿਆ ਹੈ। ਹਰ ਧਰਮ ਦਾ ਖਿਆਲ ਰੱਖਿਆ ਗਿਆ ਹੈ, ਇਸ ਬਜਟ ਦੇ ਰਾਹੀਂ ਹਰੇਕ ਤਬਕੇ ਦੀ ਰਹਿਨੁਮਾਈ ਹੁੰਦੀ ਹੈ, ਖਾਸ ਤੌਰ ਤੇ ਕਿਸਾਨ, ਮਜ਼ਦੂਰ,

**Expunged as ordered by the Chair.

ਵਪਾਰੀ, ਗਰੀਬ ਸਾਰਿਆਂ ਦੀ ਰਹਿਨੁਮਾਈ ਹੁੰਦੀ ਹੈ। ਮੇਰੇ ਤੋਂ ਪਹਿਲਾਂ ਸਾਡੇ ਵਿਰੋਧੀ ਧਿਰ ਦੇ ਮੈਂਬਰ, ਸਰਦਾਰ ਲਾਲ ਸਿੰਘ ਜੀ ਬਹੁਤ ਕੁਝ ਬੋਲ ਕੇ ਗਏ ਹਨ ਕਿ ਕੇਂਦਰ ਵਿਚ ਜਦੋਂ ਤੋਂ ਐਨ.ਡੀ.ਏ.ਦੀ ਸਰਕਾਰ ਬਣੀ ਹੈ ਤਾਂ ਪੰਜਾਬ ਦਾ ਬਹੁਤ ਵੱਡਾ ਨੁਕਸਾਨ ਹੋ ਰਿਹਾ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਪੰਜਾਬ ਸਰਕਾਰ ਦਾ ਤਾਂ ਜਿਹੜਾ ਗ੍ਰਹਿਣ ਲੱਗਿਆ ਹੋਇਆ ਸੀ ਉਹ ਉਸ ਦਿਨ ਖਤਮ ਹੋਇਆ ਜਿਸ ਦਿਨ ਕੇਂਦਰ ਵਿਚੋਂ ਕਾਂਗਰਸ ਦੀ ਸਰਕਾਰ ਤੋਂ ਛੁਟਕਾਰਾ ਹੋਇਆ ਹੈ। ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਸਦਾ ਫੈਡਰੇਲਿਜ਼ਮ ਦੀ ਗੱਲ ਕਰਦੇ ਰਹੇ ਹਨ। ਸਟੇਟਾਂ ਨੂੰ ਵੱਧ ਅਧਿਕਾਰ ਦੇਣ ਦੀ ਗੱਲ ਕਰਦੇ ਰਹੇ ਹਨ ਪਰ ਕਾਂਗਰਸ ਦੀ ਸਰਕਾਰ ਨੇ ਕਦੇ ਸਾਡੀ ਇੱਕ ਨਹੀਂ ਸੁਣੀ। ਮੋਦੀ ਸਾਹਿਬ ਦੀ ਸਰਕਾਰ ਬਣੀ ਅਤੇ ਸਭ ਤੋਂ ਪਹਿਲਾਂ ਸਟੇਟਾਂ ਨੂੰ ਵੱਧ ਅਧਿਕਾਰ ਦੇਣ ਦੀ ਗੱਲ ਉੱਠੀ। ਮੈਂ ਮੋਦੀ ਸਾਹਿਬ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਆਉਂਦੇ ਸਾਰ ਸਟੇਟਾਂ ਦਾ ਹਿੱਸਾ 32% ਤੋਂ 42% ਕੀਤਾ ਅਤੇ ਸਾਡਾ ਸ਼ੇਅਰ 1.39% ਤੋਂ ਵਧਾ ਕੇ 1.577% ਸਟੇਟ ਨੂੰ ਦਿੱਤਾ। ਵੱਡੇ ਵੱਡੇ ਇੰਸਟੀਚਿਊਟ ਜਿਵੇਂ ਏਮਜ਼, ਪੀ.ਜੀ. ਇੰਸਟੀਚਿਊਟ ਆਫ਼ ਹਾਰਟੀਕਲਚਰ ਐਂਡ ਰਿਸਰਚ ਐਜੂਕੇਸ਼ਨ, ਅੰਮ੍ਰਿਤਸਰ ਨੂੰ ਹੈਰੀਟੇਜ ਦਾ ਸਟੇਟੱਸ, ਸੁਆਇਲ ਹੈਲਥ ਕਾਰਡ ਜਿਹੜੇ ਕਿ ਜਿਮੀਂਦਾਰਾਂ ਵਾਸਤੇ ਬਹੁਤ ਉਪਯੋਗੀ ਸਾਬਤ ਹੋਣਗੇ, 5300 ਕਰੋੜ ਰੁਪਿਆ ਮਾਈਕ੍ਰੋ ਇਰੀਗੇਸ਼ਨ ਵਾਸਤੇ ਅਤੇ ਵੀਜ਼ਾ ਅਰਾਈਵਲ ਜਿਸ ਦਾ ਸਭ ਤੋਂ ਵੱਧ ਫਾਇਦਾ ਪੰਜਾਬ ਨੂੰ ਹੋਣਾ ਹੈ, ਅਜਿਹੇ ਬਹੁਤ ਵੱਡੇ ਸਟੈਂਪ ਮੋਦੀ ਸਾਹਿਬ ਦੀ ਰਹਿਨੁਮਾਈ ਹੇਠ ਸਿਰਫ਼ 9 ਮਹੀਨੇ ਪਹਿਲਾਂ ਜਿਹੜੀ ਸਰਕਾਰ ਬਣੀ ਹੈ, ਨੇ ਲਏ ਹਨ ਅਤੇ ਜਿਸ ਦਾ ਲਾਭ ਪੰਜਾਬ ਨੂੰ ਹੋ ਰਿਹਾ ਹੈ ਅਤੇ ਖਾਸ ਤੌਰ ਤੇ ਕਿਸਾਨੀ ਦੀ ਗੱਲ ਕੀਤੀ ਹੈ। ਵਿਰੋਧੀ ਧਿਰ ਦੇ ਲੀਡਰ ਵੀ ਵਾਰ ਵਾਰ ਕਿਸਾਨੀ ਦੀ ਗੱਲ ਕਰਦੇ ਹਨ। ਜੋ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਕਿਸਾਨੀ ਵਾਸਤੇ ਰੈਵੋਲਿਊਸ਼ਨਰੀ ਸਟੈਂਪ ਲਏ ਹਨ, ਮੈਂ ਕਹਿ ਸਕਦਾ ਹਾਂ ਕਿ ਪੂਰੇ ਹਿੰਦੁਸਤਾਨ ਤਾਂ ਕੀ ਵਰਲਡ ਵਿੱਚ ਵੀ ਇਸ ਤਰ੍ਹਾਂ ਦੇ ਕੰਮ ਕਦੇ ਵੀ ਨਹੀਂ ਹੋਏ। ਜੇਕਰ ਕਿਸਾਨੀ ਨੂੰ ਕਿਸੇ ਨੇ ਬਚਾਇਆ ਹੈ ਤਾਂ ਉਹ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਬਚਾਇਆ ਹੈ। ਅਦਰਵਾਈਜ਼ ਕੇਂਦਰ ਵਿੱਚ ਸਾਡੀ ਵਿਰੋਧੀ ਧਿਰ ਦੀਆਂ ਸਰਕਾਰਾਂ ਸਾਨੂੰ ਡੁਬਾਉਣ ਤੇ ਲੱਗੀਆਂ ਰਹੀਆਂ ਹਨ। ਬਿਜਲੀ ਸਬੰਧੀ ਤੁਸੀਂ ਦੇਖੋ ਕਿ 5500 ਕਰੋੜ ਰੁਪਏ ਦੀ ਸਬਸਿਡੀ ਖੇਤੀਬਾੜੀ ਸੈਕਟਰ ਨੂੰ ਦਿੱਤੀ ਜਾ ਰਹੀ ਹੈ, ਡ੍ਰਿਪ ਸਿਸਟਮ, ਖੇਤੀ

ਸੰਦ, ਮੇਜ਼ ਡਰਾਇਰ, ਰੋਟਾਵੇਟਰ, ਲੇਜ਼ਰ ਲੈਂਡ ਲੈਵਲਰਜ਼, ਕਰਾਪ ਥ੍ਰੈਸ਼ਰ, ਜ਼ੀਰੋ ਟਿਲ ਡਰਿਲ, ਕਰਾਪ ਪਲਾਂਟਰ, ਪੰਪ ਸਪਰੇਅ, ਹੈਪੀ ਸੀਡਰ, ਬੀਜਾਂ ਤੇ ਸਬਸਿਡੀ, ਦਵਾਈਆਂ ਤੇ ਸਬਸਿਡੀ, ਪੰਜਾਬ ਐਗਰੀਕਲਚਰ ਯੂਨੀਵਰਸਿਟੀ ਨੂੰ ਖੋਜ ਲਈ ਫੰਡ ਦਿੱਤੇ ਤਾਂ ਕਿ ਪੰਜਾਬ ਵਿੱਚ ਕਿਸਾਨੀ ਨੂੰ ਤਕੜਾ ਕੀਤਾ ਜਾਵੇ, ਬਚਾਇਆ ਜਾਵੇ ਕਿਉਂਕਿ ਅੱਜ ਕਿਸਾਨ ਕਮਜ਼ੋਰ ਹੁੰਦਾ ਜਾ ਰਿਹਾ ਹੈ ਅਤੇ ਖਾਸ ਕਰਕੇ ਸਭ ਤੋਂ ਵੱਡੀ ਡਾਈਵਰਸੀਫਿਕੇਸ਼ਨ ਦੀ ਗੱਲ ਕੀਤੀ ਹੈ, ਪਿਛਲੇ 7-8 ਸਾਲਾਂ ਵਿੱਚ ਡਾਈਵਰਸੀਫਿਕੇਸ਼ਨ ਵਾਲੇ ਪਾਸੇ ਜਿਹੜਾ ਕੰਮ ਕੀਤਾ ਹੈ, ਉਸ ਦੇ ਸਾਰਥਕ ਨਤੀਜੇ ਅੱਜ ਸਾਡੇ ਸਾਹਮਣੇ ਆ ਰਹੇ ਹਨ। ਅੱਜ ਜੇ ਸ਼ੁਰੂਆਤੀ ਸਮੇਂ ਦੀ ਗੱਲ ਕਰੀਏ ਤਾਂ 28 ਲੱਖ ਹੈਕਟੇਅਰ ਭੂਮੀ ਝੋਨੇ ਹੇਠ ਸੀ ਪਰੰਤੂ 16 ਲੱਖ ਹੈਕਟੇਅਰ ਭੂਮੀ ਵਾਸਤੇ ਪਾਣੀ ਦੀ ਵਿਵਸਥਾ ਸੀ, 12 ਲੱਖ ਹੈਕਟੇਅਰ ਡਾਈਵਰਸੀਫਿਕੇਸ਼ਨ ਵਾਲੇ ਪਾਸੇ ਡਾਈਵਰਟ ਕਰਨ ਦੀ ਲੋੜ ਸੀ। ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦੀਆਂ ਨੀਤੀਆਂ ਸਦਕਾ ਅੱਜ ਤਕਰੀਬਨ 28 ਲੱਖ ਹੈਕਟੇਅਰ ਤੋਂ ਘਟਾ ਕੇ 20 ਲੱਖ ਹੈਕਟੇਅਰ ਝੋਨੇ ਹੇਠ ਰਕਬਾ ਲਿਆਂਦਾ ਹੈ। ਇਸ ਨਾਲ ਬਾਸਮਤੀ ਦੀ ਕਾਸ਼ਤ ਵੱਲ 56% ਦੀ ਇਨਕ੍ਰੀਜ਼ ਹੋਈ ਹੈ, 9% ਹੋਰ ਫਸਲਾਂ ਵੱਲ ਹੋਈ ਹੈ।

**ਰਾਣਾ ਗੁਰਜੀਤ ਸਿੰਘ :** ਚੇਅਰਮੈਨ ਸਾਹਿਬ, ਇਨ੍ਹਾਂ ਨੇ ਕਿੰਨੀ ਧਰਤੀ ਦੱਸੀ ਹੈ?

**ਮੁੱਖ ਸੰਸਦੀ ਸਕੱਤਰ, ਉਦਯੋਗ ਤੇ ਵਣਜ ਅਤੇ ਨਿਵੇਸ਼ ਪ੍ਰੋਤਸਾਹਨ :** 28 ਲੱਖ ਹੈਕਟੇਅਰ ਪਹਿਲਾਂ ਸੀ, ਹੁਣ 20 ਲੱਖ ਹੈਕਟੇਅਰ ਝੋਨੇ ਹੇਠ ਰਕਬਾ ਹੈ।

**ਰਾਣਾ ਗੁਰਜੀਤ ਸਿੰਘ :** ਚੇਅਰਮੈਨ ਸਾਹਿਬ, ਮੈਂ. **

**Mr. Chairman :** This is a no point of order.

**ਮੁੱਖ ਸੰਸਦੀ ਸਕੱਤਰ, ਉਦਯੋਗ ਅਤੇ ਵਣਜ :** ਮੈਂ ਫੈਕਟਸ ਐਂਡ ਫਿਗਰਜ਼ ਤੇ ਗੱਲ ਕਰ ਰਿਹਾ ਹਾਂ। 28 ਲੱਖ ਹੈਕਟੇਅਰ ਰਕਬਾ ਝੋਨੇ ਹੇਠ ਸੀ, ਹੁਣ ਇਹ ਰਕਬਾ ਘੱਟ ਕੇ 20.8 ਲੱਖ ਹੈਕਟੇਅਰ ਰਹਿ ਗਿਆ ਹੈ। ਜੇਕਰ ਤੁਹਾਨੂੰ ਕੋਈ ਸ਼ੱਕ ਹੈ ਤਾਂ ਮੈਂ ਸਾਰਾ ਰਿਕਾਰਡ ਤੁਹਾਡੇ ਕੋਲ ਭੇਜ ਦਿਆਂਗਾ। ਬਾਸਮਤੀ ਹੇਠ 56% ਰਕਬਾ ਵਧਿਆ ਹੈ। ਉਹ ਇਸ ਕਰਕੇ ਵਧਿਆ ਹੈ

---

**Expunged as ordered by the Chair.

ਕਿਉਂਕਿ ਪਿਛਲੀ ਵਾਰੀ ਸਰਕਾਰ ਨੇ 500 ਕਰੋੜ ਰੁਪਿਆ ਮਾਰਕੀਟ ਫੀਸ ਮਾਫ਼ ਕੀਤੀ ਹੈ। ਮੱਕੀ ਹੇਠ 25% ਰਕਬਾ ਵਧਿਆ ਹੈ, ਫਲਾਂ-ਸਬਜ਼ੀਆਂ ਹੇਠ 9% ਰਕਬਾ ਵਧਿਆ ਹੈ, ਇਹ ਸਰਕਾਰ ਦੀ ਡਾਈਵਰਸੀਫਿਕੇਸ਼ਨ ਦੀ ਪਾਲਿਸੀ ਕਰਕੇ ਵਧਿਆ ਹੈ। ਇਸ ਤੋਂ ਇਲਾਵਾ ਪੰਜਾਬ ਅੰਦਰ ਜਦੋਂ ਤੱਕ ਫੂਡ ਪ੍ਰੋਸੈਸਿੰਗ ਯੂਨਿਟ ਸਥਾਪਤ ਨਹੀਂ ਹੋਣੇ ਸੀ, ਉਦੋਂ ਤੱਕ ਡਾਈਵਰਸੀਫਿਕੇਸ਼ਨ ਪਾਸੀਬਲ ਨਹੀਂ ਸੀ। ਮੈਂ, ਸਾਡੇ ਡਿਪਟੀ ਸੀ.ਐਮ. ਸਰਦਾਰ ਸੁਖਬੀਰ ਸਿੰਘ ਬਾਦਲ ਦਾ ਧੰਨਵਾਦੀ ਹਾਂ ਕਿ ਜਿਨ੍ਹਾਂ ਨੇ ਫੂਡ ਪ੍ਰੋਸੈਸਿੰਗ ਦੀ ਸੈਪਰੇਟ ਪਾਲਿਸੀ ਬਣਾਈ ਅਤੇ ਇਹ ਉਸ ਪਾਲਿਸੀ ਵਾਸਤੇ ਬਾਹਰਲੀਆਂ ਸਟੇਟਾਂ ਵਿੱਚ ਵੀ ਗਏ। ਮੈਨੂੰ ਵੀ ਦੋ-ਤਿੰਨ ਵਾਰ ਇਨ੍ਹਾਂ ਨਾਲ ਡੈਲੀਗੇਸ਼ਨ ਵਿਚ ਜਾਣ ਦਾ ਮੌਕਾ ਮਿਲਿਆ। ਆਈ.ਟੀ.ਸੀ. ਕੰਪਨੀ ਦੇ ਪ੍ਰਿਮਿਸਿਜ਼ ਵਿੱਚ ਆਪ ਸਰਦਾਰ ਸੁਖਬੀਰ ਸਿੰਘ ਬਾਦਲ ਜੀ ਗਏ ਅਤੇ ਆਈ.ਟੀ.ਸੀ. ਕੰਪਨੀ 1250 ਕਰੋੜ ਰੁਪਏ ਦਾ ਯੂਨਿਟ ਸਥਾਪਿਤ ਕਰ ਰਹੀ ਹੈ। 70 ਏਕੜ ਜ਼ਮੀਨ ਉਨ੍ਹਾਂ ਨੂੰ ਅਲਾਟ ਕੀਤੀ ਹੈ। ਇਸ ਵਿੱਚ ਹਰ ਸਾਲ 10 ਲੱਖ ਟਨ ਅਨਾਜ ਪ੍ਰੋਸੈਸ ਕਰਨ ਦੀ ਸਮਰਥਾ ਹੋਣੀ ਹੈ। ਇਹ ਡਾਈਵਰਸੀਫਿਕੇਸ਼ਨ ਵਾਲੇ ਪਾਸੇ ਕਿੰਨਾ ਵੱਡਾ ਸਟੈਪ ਹੈ।

ਪੰਜਾਬ ਵਿੱਚ 10 ਏਕੜ ਵਿੱਚ ਕੈਟਲ ਫੀਡ ਪਲਾਂਟ ਕਾਰਗਿਲ ਕੰਪਨੀ 100 ਕਰੋੜ ਰੁਪਿਆ ਨਿਵੇਸ਼ ਕਰਕੇ ਲਗਾ ਰਹੀ ਹੈ, ਉਥੇ ਮੱਕੀ ਦੀ ਪ੍ਰੋਸੈਸਿੰਗ ਹੋਣੀ ਹੈ। ਇਸ ਤੋਂ ਇਲਾਵਾ ਮੈਗਾ ਫੂਡ ਪਾਰਕ ਲੁਧਿਆਣੇ ਵਿੱਚ ਬਣ ਰਿਹਾ ਹੈ ਜਿਥੇ ਛੋਟੇ ਛੋਟੇ ਯੂਨਿਟ ਲਗਣਗੇ, ਜਿਥੇ ਅਨਾਜ ਦੀ ਪ੍ਰੋਸੈਸਿੰਗ ਹੋਣੀ ਹੈ। ਸਰਕਾਰ ਨੇ ਸਾਰੇ ਕੰਮ ਕਰਨੇ ਹਨ। ਫਿਰ ਕਪਾਹ ਦੀ ਫਸਲ ਨੂੰ ਸਾਫ ਕਰਨ ਵਾਸਤੇ ਕਾਟਨ ਪਿੱਕਰ ਅਤੇ ਕਲੀਨਰ ਮੁਹੱਈਆ ਕਰਵਾਏ ਹਨ, ਮੱਛੀ ਪਾਲਣ, ਐਗਰੋ ਤੇ ਫੋਰੈਸਟਰੀ ਆਦਿ ਖੇਤਰਾਂ ਵਿੱਚ ਕਿੰਨਾ ਕੁਝ ਕੀਤਾ ਗਿਆ ਹੈ, ਜੇ ਮੈਂ ਬੋਲਣ ਲੱਗਾਂ ਤਾਂ ਇਸੇ ਤੇ ਇੱਕ ਘੰਟਾ ਲੱਗ ਜਾਣਾ ਹੈ। ਸਾਡੀ ਸਰਕਾਰ ਨੇ ਸਾਰਾ ਕੁਝ ਕੀਤਾ ਹੈ।

ਮੈਂ ਲੈਂਡ ਐਕੁਜੀਸ਼ਨ ਦੇ ਬਿਲ ਦੀ ਗੱਲ ਕਰ ਰਿਹਾ ਹਾਂ। ਇਸ ਗੱਲ ਤੇ ਆਪੋਜ਼ੀਸ਼ਨ ਵੱਲੋਂ ਬੜਾ ਰੌਲਾ ਪਾਇਆ ਜਾ ਰਿਹਾ ਹੈ। ਇਹ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦੀ ਸਰਕਾਰ ਹੈ ਜਿਨ੍ਹਾਂ ਨੇ ਕਿਸਾਨਾਂ ਨੂੰ ਵਾਜਬ ਭਾਅ ਦਿੱਤੇ ਹਨ। ਕਾਂਗਰਸ ਦੀ ਸਰਕਾਰ ਦੌਰਾਨ ਪੰਜਾਬ ਦੇ ਸਾਰੇ ਲੋਕ ਜਾਣਦੇ ਹਨ

ਕਿ ਉਦੋਂ ਜ਼ਮੀਨਾਂ ਧੱਕੇ ਨਾਲ ਖੋਂਹਦੇ ਰਹੇ। ਮੇਰਾ ਹਲਕਾ ਸਭ ਤੋਂ ਵੱਧ ਡਿਵੈਲਪਿੰਗ ਹੈ। ਇਹ ਚੰਡੀਗੜ੍ਹ ਦੀ ਜੜ੍ਹ ਵਿੱਚ ਹੈ। ਸਿੰਘਪੁਰੇ ਪਿੰਡ ਵਿਚ 300 ਏਕੜ ਜ਼ਮੀਨ ਕਾਂਗਰਸ ਸਰਕਾਰ ਦੇ ਸਮੇਂ ਐਕਵਾਇਰ ਹੋਈ ਸੀ ਤਾਂ ਉਦੋਂ ਜਿਮੀਂਦਾਰਾਂ ਨੂੰ ਲੈਂਡ ਕਾਸਟ 8 ਲੱਖ ਰੁਪਏ ਪ੍ਰਤੀ ਏਕੜ ਮਿਲੀ ਪਰ ਮਾਰਕੀਟ ਕੀਮਤ ਉਸ ਸਮੇਂ ਦੋ ਕਰੋੜ ਰੁਪਏ ਪ੍ਰਤੀ ਏਕੜ ਦਾ ਸੀ ਪਰ ਜਿਮੀਂਦਾਰਾਂ ਨੂੰ ਸਿਰਫ 8 ਲੱਖ ਰੁਪਏ ਹੀ ਮਿਲੇ। ਜ਼ਿਮੀਂਦਾਰ ਕੋਰਟਾਂ ਵਿੱਚ ਧੱਕੇ ਖਾਂਦੇ ਰਹੇ। ਸੁਪਰੀਮ ਕੋਰਟ ਤੱਕ ਵੀ ਗਏ। ਉਥੇ ਜਾ ਕੇ ਕੇਸ ਹਾਰ ਗਏ। ਮੈਂ ਬਾਦਲ ਸਾਹਿਬ ਨੂੰ ਬੇਨਤੀ ਕੀਤੀ। ਉਨ੍ਹਾਂ ਨੇ ਜਿਮੀਂਦਾਰਾਂ ਦੀ ਜ਼ਮੀਨ ਇਸੇ ਤਰ੍ਹਾਂ ਹੀ ਡੀ-ਨੋਟੀਫਾਈ ਕਰਕੇ ਛੱਡੀ। ਮੇਰੇ ਭਰਾ ਇਸ ਸਮੇਂ ਚਲੇ ਗਏ ਹਨ। ਮੁਹਾਲੀ ਵਿੱਚ 840 ਏਕੜ ਜ਼ਮੀਨ ਕਾਂਗਰਸ ਸਰਕਾਰ ਵੇਲੇ ਐਕਵਾਇਰ ਹੋਈ ਸੀ, ਜਿਥੇ ਕੀਮਤ ਦੋ ਢਾਈ ਕਰੋੜ ਰੁਪਏ ਪ੍ਰਤੀ ਏਕੜ ਸੀ, ਉਨ੍ਹਾਂ ਨੂੰ ਸਾਢੇ ਛੇ ਲੱਖ ਰੁਪਏ ਪ੍ਰਤੀ ਏਕੜ ਮੁਆਵਜ਼ਾ ਫਿਕਸ ਹੋਇਆ ਸੀ। ਕੰਗ ਸਾਹਿਬ ਬੈਠੇ ਹਨ, ਇਨ੍ਹਾਂ ਨੂੰ ਪਤਾ ਹੈ ਕਿ ਮੋਹਾਲੀ ਜਿਥੇ ਸਿੰਘ ਸ਼ਹੀਦਾਂ ਗੁਰਦੁਆਰਾ ਹੈ, ਉਥੇ ਕਿਸਾਨ ਪੰਜ ਸਾਲ ਟੈਂਟ ਲਗਾ ਕੇ ਧਰਨੇ ਤੇ ਬੈਠੇ ਰਹੇ, ਉਨ੍ਹਾਂ ਨੂੰ ਕੋਈ ਪੁੱਛਣ ਤੱਕ ਨਹੀਂ ਗਿਆ। ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦੀ ਸਰਕਾਰ ਆਈ, ਉਨ੍ਹਾਂ ਨੂੰ ਬੁਲਾਇਆ ਗਿਆ ਤੇ ਕੈਬਨਿਟ ਦੀ ਮੀਟਿੰਗ ਵਿੱਚ ਪਾਸ ਕਰਕੇ 840 ਏਕੜ ਜ਼ਮੀਨ ਜਿਸ ਦੀ 8 ਲੱਖ ਰੁਪਿਆ ਪ੍ਰਤੀ ਏਕੜ ਕੀਮਤ ਮਿਲਣੀ ਸੀ, ਉਨ੍ਹਾਂ ਨੂੰ ਲੈਂਡ ਪੂਲਿੰਗ ਸਕੀਮ ਦਿੱਤੀ ਜਿਸ ਵਿੱਚ ਉਹ ਜ਼ਿਮੀਂਦਾਰ ਪੰਜ ਪੰਜ ਕਰੋੜ ਰੁਪਏ ਦੇ ਮਾਲਕ ਬਣੇ ਹਨ। ਇਸ ਤਰ੍ਹਾਂ ਇਹ ਜ਼ਮੀਨ ਖੋਂਹਦੇ ਰਹੇ ਸੀ। ਮੇਰੇ ਹਲਕੇ ਵਿੱਚ ਜਿੰਨਾ ਪੈਰੀਫੇਰੀ ਏਰੀਆ ਹੈ, ਸਾਡੇ ਬਹੁਤ ਹੀ ਸਤਿਕਾਰਯੋਗ ਮੈਂਬਰ ਸਾਹਿਬ ਬੈਠੇ ਹਨ, ਇਨ੍ਹਾਂ ਨੂੰ ਪਤਾ ਹੈ ਕਿ ਪੈਰੀਫੇਰੀ ਵਿੱਚ ਜੇ ਕੋਈ ਜ਼ਿਮੀਂਦਾਰ ਟਿਊਬਵੈੱਲ ਉਤੇ ਕੋਠਾ ਵੀ ਬਣਾ ਲੈਂਦਾ ਸੀ ਤਾਂ ਉਸ ਦੇ ਵਿਰੁੱਧ ਪਰਚਾ ਦਰਜ ਹੋ ਜਾਂਦਾ ਸੀ। ਕਾਂਗਰਸ ਸਰਕਾਰ ਵੇਲੇ ਪੰਜ ਹਜ਼ਾਰ ਪਰਚੇ ਇਕੱਲੇ ਗਮਾਡਾ ਏਰੀਏ ਵਿੱਚ ਦਰਜ ਸੀ ਕਿ ਤੁਸੀਂ ਮਕਾਨ ਨਹੀਂ ਬਣਾ ਸਕਦੇ। ਇਹ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦੀ ਸਰਕਾਰ ਹੈ, ਜਿਨ੍ਹਾਂ ਨੇ ਉਹ ਪੈਰੀਫੇਰੀ ਖਤਮ ਕਰਕੇ ਟਾਊਨ ਪਲਾਨਿੰਗ ਕਰਕੇ ਮਾਸਟਰ ਪਲਾਨ ਬਣਾਇਆ ਹੈ ਅਤੇ ਜ਼ਿਮੀਂਦਾਰਾਂ ਦੇ ਘਰ ਖੁਸ਼ਹਾਲੀ ਆਈ ਹੈ। ਸੋ, ਆਪਾਂ ਗੱਲ ਉਹ ਕਰੀਏ ਜੇ ਆਪਾਂ ਕੁਝ ਕਿਸਾਨਾਂ ਵਾਸਤੇ ਕੀਤਾ ਹੋਵੇ ਫਿਰ ਤਾਂ ਸਰਕਾਰ ਨੂੰ ਕ੍ਰਿਟੀਸਾਈਜ਼ ਕਰੀਏ।

ਇਥੇ ਹਰ ਰੋਜ਼ ਨਸ਼ਿਆਂ ਦੀ ਗੱਲ ਹੁੰਦੀ ਹੈ। ਮੇਰੀ ਬੇਨਤੀ ਹੈ ਕਿ ਪਿਛਲੀ

ਵਾਰ ਇਥੇ ਮਹਿਕਮੇ ਨੇ ਮੈਨੂੰ ਨੋਟਿਸ ਜਾਰੀ ਕਰ ਦਿੱਤਾ ਤੇ ਇਥੇ ਰੌਲਾ ਪੈ ਗਿਆ ਕਿ ਅੱਠ ਅੱਠ ਸਾਲ ਦੀ ਸਜ਼ਾ ਹੋ ਸਕਦੀ ਹੈ, ਛੇ ਸਾਲ ਦੀ ਸਜ਼ਾ ਹੋ ਸਕਦੀ ਹੈ ਲੇਕਿਨ ਅੱਜ ਮੈਂ ਇਥੇ ਖੜ੍ਹਾ ਹਾਂ, ਮੈਨੂੰ ਕਿਹੜੀ ਸਜ਼ਾ ਹੋਈ ਹੈ? ਹੁਣ ਫਿਰ ਸਰਦਾਰ ਬਿਕਰਮ ਸਿੰਘ ਜੀ ਨੂੰ ਨੋਟਿਸ ਜਾਰੀ ਹੋਇਆ ਹੈ, ਉਸ ਤੇ ਆਪਾਂ ਧਰਨਾ ਲਗਾਈ ਬੈਠੇ ਹਾਂ। ਸਾਡੇ ਤਾਂ ਇਥੇ ਮੇਰੇ ਸਾਹਮਣੇ ਜਾਖੜ ਸਾਹਿਬ ਦੀ ਤੀਸਰੀ ਸੀਟ ਤੇ ਲੀਡਰ ਬੈਠਦੇ ਹਨ, ਉਨ੍ਹਾਂ ਦਾ ਸਕਾ ਭਰਾ ਧਾਰਾ 302 ਦੇ ਅੰਦਰ ਮੇਨ ਐਕਿਊਜ਼ਡ ਹੈ, ਇਹ ਵੀ ਨਹੀਂ ਕਿ ਉਸ ਦੇ ਖਿਲਾਫ ਸਾਡੀ ਪੁਲਿਸ ਨੇ ਪਰਚਾ ਦਰਜ ਕੀਤਾ ਹੋਵੇ। ਸੀ.ਬੀ.ਆਈ. ਨੇ ਇਨਕੁਆਇਰੀ ਕਰਕੇ ਪਰਚਾ ਦਰਜ ਕੀਤਾ ਹੈ। ਇਸ ਤੋਂ ਇਲਾਵਾ ਉਹ ਆਪ ਇਸ ਪਰਚੇ ਵਿੱਚ ਇਨਵਾਲਵਡ ਹਨ। ਉਹ ਖਾਨਾ ਨੰਬਰ 2 ਵਿੱਚ ਹਨ। ਕੋਰਟ ਕਦੇ ਵੀ ਸੰਮਨਿੰਗ ਕਰ ਸਕਦੀ ਹੈ। ਅਸੀਂ ਤਾਂ ਕਦੇ ਰੌਲਾ ਨਹੀਂ ਪਾਇਆ ਤੇ ਕਦੇ ਵਾਕ ਆਊਟ ਨਹੀਂ ਕੀਤਾ।

**ਸ਼੍ਰੀ ਸਭਾਪਤੀ :** ਮੈਂਬਰ ਸਾਹਿਬ, ਆਪਾਂ ਬਜਟ ਤੇ ਹੀ ਬੋਲੀਏ। ਹਾਂ ਜੀ, ਸਿੱਕੀ ਸਾਹਿਬ।

**ਸਰਦਾਰ ਰਮਨਜੀਤ ਸਿੰਘ ਸਿੱਕੀ :** ਚੇਅਰਮੈਨ ਸਾਹਿਬ, **

**ਸ਼੍ਰੀ ਸਭਾਪਤੀ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਮੁੱਖ ਸੰਸਦੀ ਸਕੱਤਰ, ਉਦਯੋਗ ਤੇ ਵਣਜ :** ਕੀ ਤੁਸੀਂ ਸਾਰਾ ਕੁਝ ਬਜਟ ਤੇ ਹੀ ਬੋਲਦੇ ਹੋ? ਚਲੋ, ਮੈਂ ਬਜਟ ਤੇ ਬੋਲਦਾ ਹਾਂ। ਮੇਰੀ ਬੇਨਤੀ ਹੈ ਕਿ ਅੱਜ ਖੇਤੀ ਸੈਚੂਰੇਟਿਡ ਪੁਆਇੰਟ ਤੇ ਹੈ। ਪੰਜਾਬ ਨੂੰ ਇੰਡਸਟਰੀ ਦੀ ਜ਼ਰੂਰਤ ਹੈ। ਇੰਡਸਟਰੀ ਦੀ ਗਰੋਥ ਵਾਸਤੇ ਜੋ ਕੁਝ ਸਰਦਾਰ ਪਰਕਾਸ਼ ਸਿੰਘ ਬਾਦਲ ਤੇ ਸਰਦਾਰ ਸੁਖਬੀਰ ਸਿੰਘ ਬਾਦਲ ਸਾਹਿਬ ਨੇ ਕੀਤਾ ਤਾਂ ਮੈਂ ਕਹਿ ਸਕਦਾ ਹਾਂ ਕਿ 50 ਸਾਲਾਂ ਵਿਚ ਕਦੇ ਵੀ ਇੰਨੇ ਰੈਵੋਲਿਊਸ਼ਨਰੀ ਸਟੈੱਪਜ਼ ਨਹੀਂ ਲਏ ਗਏ। ਸਾਡੀ ਸਰਕਾਰ ਨੇ ਐਡਮਨਿਸਟਰੇਟਿਵ ਰਿਫਾਰਮਜ਼ ਲਾਗੂ ਕੀਤੇ। 50 ਸਾਲ ਪੁਰਾਣੇ ਕਾਨੂੰਨ ਖਤਮ ਕਰਨ ਲਈ ਇਕ ਕਮਿਸ਼ਨ ਬਣਾਇਆ।ਸਾਡੀ ਸਰਕਾਰ ਦਾ ਇਹ ਏਜੰਡਾ ਹੈ ਕਿ after 6 months nobody will be in line everybody will be on line. ਸਾਡੇ

**Expunged as ordered by the Chair.

ਸਾਰੇ ਡਿਪਾਰਟਮੈਂਟ ਆਨ ਲਾਈਨ ਹੋ ਜਾਣੇ ਹਨ। ਇਸ ਨਾਲ ਘਰ ਬੈਠੇ ਹੀ ਤੁਹਾਡਾ ਕੰਮ ਹੋ ਜਾਵੇਗਾ। ਤੁਹਾਨੂੰ ਦਫ਼ਤਰਾਂ ਵਿਚ ਨਹੀਂ ਜਾਣਾ ਪਵੇਗਾ ਅਤੇ ਨਾ ਹੀ ਕੁਰੱਪਸ਼ਨ ਹੋਵੇਗੀ। ਇਸ ਤੋਂ ਬਾਅਦ ਇਨਵੈਸਟਮੈਂਟ ਬਿਊਰੋ, ਪੰਜਾਬ ਨੇ ਬਣਾਇਆ ਹੈ। ਬਾਕੀ ਸਟੇਟਾਂ ਵਿਚ ਤਾਂ ਸਿੰਗਲ ਵਿੰਡੋ ਸਿਸਟਮ ਦੀ ਗੱਲ ਹੁੰਦੀ ਹੈ ਪਰ ਪੰਜਾਬ ਵਿਚ ਸਿੰਗਲ ਮੈਨ ਸਿਸਟਮ ਹੈ। ਜਿਹੜਾ ਇਨਵੈਸਟਮੈਂਟ ਬਿਊਰੋ ਦਾ ਚੀਫ ਹੈ ਉਸ ਨੂੰ ਸਾਰੇ ਮਹਿਕਮਿਆਂ ਦੀ ਪਾਵਰ ਹੈ।ਤੁਸੀਂ ਇਕ ਐਪਲੀਕੇਸ਼ਨ ਦਿਓ, ਇਕ ਮਹੀਨੇ ਅੰਦਰ ਇਕੱਲਾ ਅਫਸਰ ਹੀ ਸਾਰੇ ਵਿਭਾਗਾਂ ਤੋਂ ਕਲੀਅਰੈਂਸ ਲੈ ਕੇ ਸਰਟੀਫਿਕੇਟ ਜਾਰੀ ਕਰਦਾ ਹੈ। ਸੋ, ਇਹ ਸਾਡੀ ਸਰਕਾਰ ਦੀ ਬਹੁਤ ਵੱਡੀ ਦੇਣ ਹੈ। ਇਸੇ ਕਾਰਨ ਪਿਛਲੇ 6 ਮਹੀਨਿਆਂ ਦੌਰਾਨ 6500 ਕਰੋੜ ਦੇ ਪ੍ਰਾਜੈਕਟ ਪਾਸ ਹੋਏ ਹਨ। ਇਸ ਤੋਂ ਇਲਾਵਾ ਪੰਜਾਬ ਵਿਚ ਵਪਾਰੀਆਂ ਨੂੰ ਬਹੁਤ ਮੁਸ਼ਕਿਲਾਂ ਆਉਂਦੀਆਂ ਸਨ। ਸਭ ਤੋਂ ਵੱਡੀ ਸਮੱਸਿਆ ਪਿਛਲੇ 50 ਸਾਲ ਤੋਂ ਅਸੈਸਮੈਂਟ ਦੇ ਨਿਯਮ ਨਾਲ ਸੀ। ਪਹਿਲਾਂ ਇਹ ਸੀ ਕਿ ਕੋਈ ਵੀ ਅਫਸਰ ਕਿਸੇ ਵੀ ਦੁਕਾਨ ਵਿਚ ਚਲਿਆ ਜਾਂਦਾ ਸੀ ਅਤੇ ਕਿਸੇ ਦਾ ਵੀ ਹਿਸਾਬ ਕਿਤਾਬ ਚੈੱਕ ਕਰਦਾ ਸੀ। ਹੁਣ, ਸਾਡੇ ਉੱਪ ਮੁੱਖ ਮੰਤਰੀ, ਸਰਦਾਰ ਸੁਖਬੀਰ ਸਿੰਘ ਬਾਦਲ ਜੀ ਦੀ ਰਹਿਨੁਮਾਈ ਹੇਠ ਇਹ ਕਾਨੂੰਨ ਬਣਾ ਦਿੱਤਾ ਗਿਆ ਹੈ ਕਿ ਜਿਸ ਇੰਡਸਟਰੀਲਿਸਟ ਦੀ ਟਰਾਂਜ਼ੈਕਸ਼ਨ ਇਕ ਕਰੋੜ ਤੋਂ ਘੱਟ ਹੈ, ਉਸ ਦੀ ਕੋਈ ਅਸੈਸਮੈਂਟ ਨਹੀਂ ਹੋਵੇਗੀ। ਉਹ ਆਪਣੀ ਸੈਲਫ ਅਸੈਸਮੈਂਟ ਕਰੇਗਾ।ਇਸ ਨਾਲ 1 ਲੱਖ 86 ਹਜ਼ਾਰ ਡੀਲਰਾਂ ਦੀ ਸਿਰਫ ਸੈਲਫ ਅਸੈਸਮੈਂਟ ਹੋਵੇਗੀ। ਕੋਈ ਵੀ ਮਹਿਕਮਾ ਉਨ੍ਹਾਂ ਨੂੰ ਜਾ ਕੇ ਚੈੱਕ ਨਹੀਂ ਕਰੇਗਾ ਅਤੇ ਜੇਕਰ ਕੋਈ ਇੰਸਪੈਕਟਰ ਉਥੇ ਜਾਂਦਾ ਹੈ ਤਾਂ ਉਸ ਦੀ ਟੋਲ ਫਰੀ ਨੰਬਰ ਤੇ ਸ਼ਿਕਾਇਤ ਕੀਤੀ ਜਾ ਸਕਦੀ ਹੈ। ਇਕ ਕਰੋੜ ਤੋਂ ਉੱਪਰ ਜਿਨ੍ਹਾਂ ਦਾ ਬਿਜ਼ਨਸ ਹਨ, ਉਨ੍ਹਾਂ ਦੀ ਵੀ ਅਸੈਸਮੈਂਟ ਸਿੱਧਾ ਇੰਸਪੈਕਟਰ ਨਹੀਂ ਕਰੇਗਾ। ਕੰਪਿਊਟਰ ਰਾਹੀਂ ਰਿਸਕ ਐਂਡ ਫੈਕਟਰ ਦੇ ਹਿਸਾਬ ਨਾਲ ਇਕ ਲਿਸਟ ਹਰ ਸਾਲ ਨਵੰਬਰ-ਦਸੰਬਰ ਵਿਚ ਜਾਰੀ ਹੋ ਜਾਇਆ ਕਰੇਗੀ। ਉਸ ਲਿਸਟ ਦੇ ਹਿਸਾਬ ਨਾਲ ਉਹੀ ਵਿਭਾਗੀ ਅਫਸਰ ਹੀ ਅਸੈਸਮੈਂਟ ਕਰਿਆ ਕਰਨਗੇ। ਉਸ ਲਿਸਟ ਤੋਂ ਬਾਹਰ ਕੋਈ ਵੀ ਅਧਿਕਾਰੀ ਅਸੈਸਮੈਂਟ ਨਹੀਂ ਕਰ ਸਕੇਗਾ। ਇਸ ਦਾ ਮਤਲਬ ਇਹ ਹੈ ਕਿ ਪੂਰੇ ਪੰਜਾਬ ਅੰਦਰ ਛੋਟੇ ਅਫਸਰਾਂ ਦੀ ਡਿਸਕਰੀਸ਼ਨ ਖਤਮ ਕਰ ਦਿੱਤੀ ਹੈ। ਸਾਡੇ ਉਪ ਮੁੱਖ ਮੰਤਰੀ, ਸਰਦਾਰ ਸੁਖਬੀਰ ਸਿੰਘ ਬਾਦਲ ਜੀ ਨੇ ਇੰਡਸਟਰੀ ਫਰੈਂਡਲੀ ਮਾਹੌਲ ਬਣਾਇਆ ਹੈ। ਛੋਟੇ ਦੁਕਾਨਦਾਰ ਜਿਨ੍ਹਾਂ ਦੀ ਟਰਾਂਜ਼ੈਕਸ਼ਨ 5

[ ਮੁੱਖ ਸੰਸਦੀ ਸਕੱਤਰ, ਉਦਯੋਗ ਅਤੇ ਵਣਜ ]

ਲੱਖ ਤੋਂ ਲੈ ਕੇ ਇਕ ਕਰੋੜ ਰੁਪਏ ਤੱਕ ਸੀ, ਉਨ੍ਹਾਂ ਵਾਸਤੇ ਲੰਪਸਮ ਪਾਲਿਸੀ ਸਰਕਾਰ ਨੇ ਬਣਾਈ ਹੈ। ਸਿਰਫ ਇਕ ਵਾਰ 50 ਰੁਪਏ ਦੇ ਕੇ ਸਰਟੀਫਿਕੇਟ ਜਾਰੀ ਕਰਨਾ ਹੈ ਜੇਕਰ ਮੁੜ ਕੇ ਸਾਰੀ ਜ਼ਿੰਦਗੀ ਉਸ ਦੀ ਟਰਾਂਜ਼ੈਕਸ਼ਨ ਪੰਜ ਲੱਖ ਹੀ ਹੈ ਤਾਂ ਕੋਈ ਸਰਟੀਫਿਕੇਟ, ਕਿਤਾਬ ਜਾਂ ਸੀ.ਏ. ਰੱਖਣ ਦੀ ਲੋੜ ਨਹੀਂ ਹੈ। ਕੋਈ ਇੰਸਪੈਕਟਰ ਉਥੇ ਨਹੀਂ ਜਾਵੇਗਾ। ਜੇਕਰ ਕਿਸੇ ਦੀ ਟਰਾਂਜ਼ੈਕਸ਼ਨ 10 ਲੱਖ ਰੁਪਏ ਤੱਕ ਹੈ, ਉਸ ਨੂੰ 1 ਹਜ਼ਾਰ ਰੁਪਏ ਅਤੇ 25 ਲੱਖ ਤੱਕ 5 ਹਜ਼ਾਰ ਰੁਪਏ, 50 ਲੱਖ ਤੱਕ 15 ਹਜ਼ਾਰ ਰੁਪਏ ਅਤੇ 75 ਲੱਖ ਤੋਂ ਲੈ ਕੇ 1 ਕਰੋੜ ਤੱਕ 20 ਹਜ਼ਾਰ ਰੁਪਏ ਜਮ੍ਹਾਂ ਕਰਵਾਉਣੇ ਹਨ। ਤੁਸੀਂ ਹਿਸਾਬ ਲਗਾਓ ਕਿ ਇਹ ਕਿੰਨਾ ਫਾਇਦਾ ਹੋਇਆ। ਇਸ ਨਾਲ ਆਟੋਮੈਟੀਕਲੀ ਪੰਜਾਬ ਵਿਚੋਂ ਕੁਰੱਪਸ਼ਨ ਖਤਮ ਹੋਈ ਹੈ। ਇਸ ਤੇ ਤਿੰਨ ਸਾਲ ਤੱਕ ਕੋਈ ਇਨਕਰੀਜ਼ ਨਹੀਂ ਹੈ। ਪੰਜਾਬ ਵਿਚ ਇਸ ਸਮੇਂ ਸਾਡੇ ਉਪ ਮੁੱਖ ਮੰਤਰੀ, ਸਰਦਾਰ ਸੁਖਬੀਰ ਸਿੰਘ ਬਾਦਲ ਜੀ ਨੇ ਇੰਡਸਟਰੀ ਫਰੈਂਡਲੀ ਮਾਹੌਲ ਕਰੀਏਟ ਕੀਤਾ ਹੋਇਆ ਹੈ। ਗੋਬਿੰਦਗੜ੍ਹ ਵਿਚ ਇੰਡਸਟਰੀ ਦਾ ਕਿੰਨਾ ਮਾੜਾ ਹਾਲ ਸੀ, ਤੁਸੀਂ ਸਾਰੇ ਜਾਣਦੇ ਹੋ ਕਿਉਂਕਿ ਜੰਮੂ ਕਸ਼ਮੀਰ ਅਤੇ ਨੇੜੇ ਦੀਆਂ ਸਟੇਟਾਂ ਵਿਚ ਕਿੰਨੀਆਂ ਰਿਆਇਤਾਂ ਹਨ। ਕੇਵਲ 50 ਕਿਲੋਮੀਟਰ ਦੇ ਡਿਸਟੈਂਸ ਤੇ 14-15 ਫੀਸਦੀ ਟੈਕਸ ਦਾ ਫਰਕ ਪੈ ਜਾਂਦਾ ਹੈ। ਸੋ, ਅਸੀਂ ਵਪਾਰੀਆਂ ਨਾਲ ਲਗਾਤਾਰ ਮੀਟਿੰਗਾਂ ਕੀਤੀਆਂ ਅਤੇ ਈ-ਟਰਿੱਪ ਹਟਾਇਆ। ਇਸ ਤੋਂ ਇਲਾਵਾ ਜਿਹੜੇ ਗੋਬਿੰਦਗੜ੍ਹ ਅੰਦਰ ਸਰੀਆ ਇੰਡਸਟਰੀ ਦੇ ਮਾਲਕ ਸੀ, ਉਨ੍ਹਾਂ ਨੂੰ ਲੰਪਸਮ 50 ਪੈਸੇ ਪਰ ਯੂਨਿਟ ਕਰ ਦਿੱਤਾ ਹੈ ਕਿ ਹਰ ਮਹੀਨੇ ਅਪਣਾ ਕੈਲਕੁਲੇਟ ਕਰੋ ਤੇ ਸਰਕਾਰ ਕੋਲ ਜਮ੍ਹਾਂ ਕਰਵਾ ਦਿਓ। ਇਸ ਤਰ੍ਹਾਂ ਨਾ ਕੋਈ ਇੰਸਪੈਕਟਰ ਹੈ, ਨਾ ਕਿਸੇ ਤਰ੍ਹਾਂ ਦੀ ਰਿਸ਼ਵਤ ਦੇਣ ਦੀ ਲੋੜ ਹੈ, ਨਾ ਤੰਗ ਹੋਣ ਦੀ ਲੋੜ ਹੈ। ਇਸ ਤਰ੍ਹਾਂ ਦੀਆਂ ਪਾਲਿਸੀਆਂ ਸਾਡੀ ਸਰਕਾਰ ਨੇ ਦਿੱਤੀਆਂ ਹਨ। ਤੁਸੀਂ ਕਹਿ ਸਕਦੇ ਹੋ ਕਿ ਪਿਛਲੇ 40-50 ਸਾਲਾਂ ਤੋਂ ਬਾਅਦ ਲੱਗੀ ਪਾਲਿਸੀ ਜੇ ਕੋਈ ਪੰਜਾਬ ਦੇ ਲੋਕਾਂ ਦੇ ਅਗੇਂਸਟ ਹੈ ਤਾਂ ਅਸੀਂ ਉਸ ਨੂੰ ਵਾਪਸ ਲੈਣ ਨੂੰ ਵੀ ਦੇਰ ਨਹੀਂ ਲਗਾਉਂਦੇ ਪਰ ਕਾਂਗਰਸ ਦੀ ਸਰਕਾਰ ਵਿੱਚ ਤਾਂ ਕੋਈ ਸੁਣਨ ਵਾਲਾ ਹੀ ਨਹੀਂ ਸੀ। ਸਾਡੇ ਤਾਂ ਮੁੱਖ ਮੰਤਰੀ ਸਾਹਿਬ ਨੂੰ ਸਵੇਰੇ 8 ਵਜੇ ਮਿਲ ਲਓ, ਪ੍ਰਾਬਲਮ ਦੱਸੋ, ਹੱਲ ਨਾਲ ਦੀ ਨਾਲ ਹੈ। ਪਿਛਲੀ ਸਰਕਾਰ ਵਿੱਚ ਤਾਂ ਜੇਕਰ ਕਿਸੇ ਜ਼ਿਮੀਂਦਾਰ ਦੀ ਜ਼ਮੀਨ 8 ਲੱਖ ਪ੍ਰਤੀ ਏਕੜ ਨੂੰ ਐਕੁਆਇਰ ਕਰ ਲਈ ਤਾਂ ਇਸ ਬਾਰੇ ਪੰਜ ਸਾਲ ਸੜਕਾਂ ਤੇ ਰੌਲਾ ਪਾਈ ਜਾਓ ਪਰ ਕਿਸੇ ਨੇ ਨਹੀਂ ਪੁੱਛਿਆ। ਸਰਦਾਰ ਲਾਲ ਸਿੰਘ ਜੀ ਯੂ.ਪੀ.ਏ

ਗੌਰਮਿੰਟ ਦੀ ਬੜੀ ਤਾਰੀਫ ਕਰਕੇ ਗਏ ਹਨ, ਮੈਂ ਸਮਝਦਾ ਹਾਂ ਕਿ ਸਭ ਤੋਂ ਵੱਡਾ ਰੌਲਾ ਕੇਂਦਰ ਦੀ ਸਰਕਾਰ ਰਹੀ ਹੈ, ਸਭ ਤੋਂ ਵੱਡੀ ਪੰਜਾਬ ਦੀ ਡਿਵੈਲਪਮੈਂਟ ਰੁਕੀ ਹੈ। ਮੈਨੂੰ ਇੰਡਸਟਰੀ ਵਿਭਾਗ ਵਿੱਚ ਬਾਦਲ ਸਾਹਿਬ ਨੇ ਲਾਇਆ ਹੈ। ਮੇਰੇ ਕੋਲ ਸਾਰੀ ਡਿਟੇਲ ਪਈ ਹੈ। 2009 ਵਿੱਚ ਅਸੀਂ ਮਾਈਨਿੰਗ ਵਾਸਤੇ ਅਪਲਾਈ ਕੀਤਾ, ਤਿੰਨ ਸਾਲ ਅਸੀਂ ਕਦੇ ਹਾਈ ਕੋਰਟ ਵਿੱਚ, ਕਦੇ ਸੁਪਰੀਮ ਕੋਰਟ ਵਿੱਚ, ਕਦੇ ਸੈਂਟਰ ਗੌਰਮਿੰਟ ਵਿੱਚ ਧੱਕੇ ਖਾਂਦੇ ਰਹੇ, ਜਿਹੜੀ ਬੀਬੀ ਟੈਕਸ ਲਾਉਂਦੀ ਸੀ, ਉਸ ਨੇ ਅਪਰੂਵਲਾਂ ਹੀ ਨਹੀਂ ਦਿੱਤੀਆਂ। ਰੇਤਾ, ਬਜਰੀ 35 ਰੁਪਏ ਫੁੱਟ ਤੇ ਪਹੁੰਚ ਗਿਆ ਸੀ। ਜਦੋਂ ਮਹਿੰਗਾ ਹੁੰਦਾ ਹੈ ਤਾਂ ਉਦੋਂ ਬਲੈਕ ਵੀ ਹੁੰਦੀ ਹੈ। ਇਸ ਕਾਰਨ ਤਕਰੀਬਨ 8000 ਕਰੋੜ ਰੁਪਏ ਦੇ ਨੈਸ਼ਨਲ ਹਾਈਵੇਜ਼ ਦੇ ਪ੍ਰੋਜੈਕਟ ਰੁਕੇ ਪਏ ਰਹੇ। ਉਸ ਦੇ ਨਾਲ ਪੰਜਾਬ ਦੇ ਕਿੰਨੇ ਹੀ ਲੋਕਾਂ ਨੂੰ ਜਿਹੜਾ ਰੁਜ਼ਗਾਰ ਮਿਲਣਾ ਸੀ, ਉਹ ਬੰਦ ਹੋ ਗਿਆ ਸੀ ਅਤੇ ਇਸ ਤਰ੍ਹਾਂ ਰੈਵੈਨਿਊ ਦਾ ਲਾਸ ਹੋਇਆ। ਕੰਸਟ੍ਰਕਸ਼ਨ ਦਾ ਬਿਜ਼ਨਸ ਕਿੰਨਾ ਪ੍ਰਭਾਵਿਤ ਹੋਇਆ, ਮਕਾਨਾਂ ਦੀਆਂ ਕਿੰਨੀਆਂ ਕੀਮਤਾਂ ਵਧੀਆਂ, ਕਿੰਨਾ ਨੁਕਸਾਨ ਹੋਇਆ, ਇਹ ਸਾਰੀ ਦੇਣ ਕੇਂਦਰ ਸਰਕਾਰ ਦੀ ਹੈ। ਤਿੰਨ ਸਾਲ ਸਾਨੂੰ ਕੋਈ ਅਪਰੂਵਲਾਂ ਨਹੀਂ ਦਿੱਤੀਆਂ। ਜਦੋਂ ਮੋਦੀ ਸਾਹਿਬ ਦੀ ਸਰਕਾਰ ਆਈ ਤਾਂ ਸਾਨੂੰ ਸੈਂਟਰ ਗੌਰਮਿੰਟ ਨੇ 26 queries ਦੀਆਂ ਇਨਵਾਇਰਨਮੈਂਟ ਦੀ ਕਲੀਅਰੈਂਸ ਜਾਰੀ ਕਰ ਦਿੱਤੀ, ਉਸ ਤੋਂ ਬਾਅਦ ਅਸੀਂ 26 ਆਕਸ਼ਨਾਂ ਕਰ ਦਿੱਤੀਆਂ। 5 ਮਹੀਨੇ ਜਦ ਤੱਕ ਸਰਕਾਰ ਚੇਂਜ ਨਹੀਂ ਹੋਈ, ਇਸ ਕਰਕੇ ਪਈ ਰਹੀ ਕਿ ਗੌਰਮਿੰਟ ਤੋਂ ਠੇਕੇਦਾਰ ਦੇ ਨਾਂ ਤੇ ਟਰਾਂਸਫਰ ਕਰਨੀ ਸੀ ਜਿਹੜਾ ਕਿ ਇੱਕ ਦਿਨ ਦਾ ਪ੍ਰੋਸੀਜਰ ਸੀ। ਹੁਣ ਸਰਕਾਰ ਬਣਦੇ ਹੀ 26 queries ਦੀ ਸਾਨੂੰ ਪਰਮਿਸ਼ਨ ਆ ਗਈ, ਉਸ ਤੋਂ ਬਾਅਦ ਫਿਰ 19 ਦੀ ਆ ਗਈ। ਸਰਦਾਰ ਸੁਖਬੀਰ ਸਿੰਘ ਜੀ ਬਾਦਲ ਜੀ ਨੇ ਜਿਹੜੀ ਕਮੇਟੀ ਗਠਿਤ ਕੀਤੀ ਹੈ, ਉਸ ਵਿੱਚ ਅਸੀਂ ਫੈਸਲਾ ਕੀਤਾ ਹੈ ਕਿ ਸਾਡੇ ਕੋਲ ਤਕਰੀਬਨ 63-64 queries ਆ ਗਈਆਂ ਜਿਹੜੀਆਂ ਕਿ ਪੀ.ਸੀ.ਆਈ.ਈ.ਸੀ.ਨੂੰ ਟਰਾਂਸਫਰ ਕਰ ਦਿੱਤੀਆਂ ਹਨ। ਇਸ ਤਰ੍ਹਾਂ ਤਕਰੀਬਨ 8 ਰੁਪਏ ਫੁੱਟ ਰੇਤਾ ਸਾਈਟ ਤੇ ਮਿਲਣਾ ਹੈ। ਜਿੰਨੀਆਂ ਸਾਨੂੰ ਹੁਣ ਪਰਮਿਸ਼ਨਾਂ ਮਿਲੀਆਂ, ਉਨ੍ਹਾਂ ਦਾ ਫਾਇਦਾ ਇਹ ਹੋਇਆ ਕਿ ਜਿਹੜਾ 25-30 ਰੁਪਏ ਫੁੱਟ ਰੇਤਾ ਮਿਲਦਾ ਸੀ, ਉਹ ਅੱਜ 12-13 ਰੁਪਏ ਫੁੱਟ ਦੇ ਹਿਸਾਬ ਨਾਲ ਮਿਲਦਾ ਹੈ। ਬਜਰੀ 35 ਰੁਪਏ ਫੁੱਟ ਤੋਂ 22 ਰੁਪਏ ਫੁੱਟ ਤੇ ਆ ਗਈ ਹੈ ਤੇ ਜਿਸ ਦਿਨ 63-64 ਸਾਰੀਆਂ ਚਲ ਗਈਆਂ ਤਾਂ ਇਹ ਰੇਤਾ 8-10 ਰੁਪਏ ਫੁੱਟ ਤੇ ਆ

[ ਮੁੱਖ ਸੰਸਦੀ ਸਕੱਤਰ, ਉਦਯੋਗ ਅਤੇ ਵਣਜ ]

ਜਾਣਾ ਹੈ ਫਿਰ ਨਾ ਇਸ ਦੀ ਚੋਰੀ ਹੋਣੀ ਹੈ ਨਾ ਬਲੈਕ ਮਾਰਕਿਟਿੰਗ ਹੋਣੀ ਹੈ। ਸੋ, ਜਿਹੜਾ ਇਹ ਰੇਤਾ, ਬਜਰੀ ਦੇ ਭਾਅ ਵਿੱਚ ਵਾਧਾ ਹੈ, ਇਹ ਤੁਹਾਡੀ ਹੀ ਦੇਣ ਹੈ। ਸਾਡਾ ਇਸ ਵਿੱਚ ਕੋਈ ਕਸੂਰ ਨਹੀਂ ਹੈ। ਜੇ ਤੁਹਾਨੂੰ ਲੋੜ ਪਈ ਤਾਂ ਮੈਂ ਤੁਹਾਨੂੰ ਫੈਕਟਸ ਅਤੇ ਫਿਗਰਜ਼ ਦੇ ਦਿਆਂਗਾ। ਉਹ ਕਹਿੰਦੇ ਰਹੇ ਕਿ ਠੇਕੇਦਾਰ ਨੂੰ ਭੇਜੋ, ਸਰਕਾਰ ਨੂੰ ਨਹੀਂ ਦੇਣੀ ਹੈ ਕਿਉਂਕਿ ਠੇਕੇਦਾਰ ਸਰਕਾਰ ਨਾਲੋਂ ਹਿਸਾਬ ਕਿਤਾਬ ਠੀਕ ਕਰਦਾ ਹੈ। ਮੈਂ ਪੰਜਾਬ ਦੀ ਤਰੱਕੀ ਬਾਰੇ ਇਹ ਕਹਿ ਸਕਦਾ ਹਾਂ ਕਿ, ਸਾਡਾ ਰੋਡ ਨੈਟਵਰਕ ਹਿੰਦੁਸਤਾਨ ਵਿੱਚ ਸਭ ਤੋਂ ਵਧੀਆ ਹੈ। ਗਡਕਰੀ ਸਾਹਿਬ 18000 ਕਰੋੜ ਰੁਪਏ ਦੇ ਪਲਾਨ ਅਨਾਊਂਸ ਕਰਕੇ ਗਏ ਹਨ। ਸਾਰੇ ਸ਼ਹਿਰ ਫੋਰ ਲੇਨ ਹੋਣੇ ਹਨ ਔਰ ਇਹ 18000 ਕਰੋੜ ਰੁਪਏ ਦੀ ਇਨਵੈਸਟਮੈਂਟ ਨਾਲ ਪੰਜਾਬ ਦੀ ਕਿੰਨੀ ਇਕਨਾਮਿਕ ਗਰੋਥ ਹੋਣੀ ਹੈ। ਇਹ ਲਾਹਾ ਵੀ ਸਾਨੂੰ ਨਾ ਹੁੰਦਾ ਜੇਕਰ ਕੇਂਦਰ ਵਿੱਚ ਸਾਡੀ ਸਰਕਾਰ ਨਾ ਹੁੰਦੀ ਕਿਉਂਕਿ ਸਾਡੇ ਬਾਦਲ ਸਾਹਿਬ ਜਾਂ ਵਿੱਤ ਮੰਤਰੀ ਸਾਹਿਬ ਆਪ ਜਾ ਕੇ ਦਿੱਲੀ ਵਿਖੇ ਪੈਰਵੀ ਕਰਦੇ ਹਨ। ਮੁਹਾਲੀ ਵਿਖੇ ਜੂਨ ਜਾਂ ਜੁਲਾਈ ਵਿੱਚ ਇੰਟਰਨੈਸ਼ਨਲ ਏਅਰਪੋਰਟ ਚਾਲੂ ਹੋ ਜਾਣਾ ਹੈ। ਮੁਹਾਲੀ ਵਿੱਚ ਅਸੀਂ ਇੰਡੀਅਨ ਸਕੂਲ ਆਫ ਬਿਜ਼ਨਸ, ਨਾਈਪਰ, ਆਈਸਰ, ਟਾਟਾ ਕੈਂਸਰ ਹਸਪਤਾਲ, ਇਨਫੋਸਿਸ ਲੈ ਕੇ ਆਏ ਹਾਂ ਅਤੇ 200 ਹੋਰ ਛੋਟੀ-ਛੋਟੀ ਕੰਪਨੀਆਂ ਨੂੰ ਇੱਕ-ਇੱਕ ਏਕੜ ਜ਼ਮੀਨ ਦਿੱਤੀ ਹੈ। ਈਕੋ ਸਿਟੀ, ਮੈਡੀਸਿਟੀ ਬਣਾਈ ਹੈ ਅਤੇ ਆਈ.ਟੀ. ਸਿਟੀ ਬਣਾ ਰਹੇ ਹਾਂ। ਅਸੀਂ ਉਥੇ 3-4 ਹਜ਼ਾਰ ਕਰੋੜ ਰੁਪਿਆ ਰੋਡ ਨੈੱਟਵਰਕ ਤੇ ਖਰਚ ਕੀਤਾ ਹੈ ਜਿਸ ਦੇ ਸਾਰਥਿਕ ਨਤੀਜੇ ਮਿਲ ਰਹੇ ਹਨ। ਏਅਰਪੋਰਟ ਚੱਲਣ ਤੋਂ ਬਾਅਦ ਉਥੇ ਕਿੰਨੀ ਹੀ ਇਨਵੈਸਟਮੈਂਟ ਹੋ ਜਾਣੀ ਹੈ। ਜੇਕਰ ਮੈਂ ਇਕੱਲੀ ਇਨਫੋਸਿਸ ਕੰਪਨੀ ਦੀ ਹੀ ਗੱਲ ਕਰਾਂ ਤਾਂ ਉਹ 50 ਏਕੜ ਵਿੱਚ ਹੈ। ਉਸ 50 ਏਕੜ ਵਿੱਚ 8 ਤੋਂ 10 ਹਜ਼ਾਰ ਨੌਜਵਾਨ ਬੱਚਿਆਂ ਨੂੰ ਰੁਜ਼ਗਾਰ ਮਿਲਣਾ ਹੈ। ਦੇਖੋ ਜਦੋਂ 10 ਹਜ਼ਾਰ ਬੱਚਿਆਂ ਦੀ ਸੈਲਰੀ 1 ਲੱਖ ਰੁਪਏ ਤੋਂ ਉਪਰ ਹੋਵੇਗੀ ਤਾਂ ਸਾਡੀ ਇਕਾਨਮੀ ਕਿੰਨੀ ਵਧੇਗੀ। ਕਿਸੇ ਦੀ ਦੁਕਾਨ ਚੱਲੇਗੀ, ਕਿਸੇ ਦਾ ਮਕਾਨ ਬਣੇਗਾ, ਕਿਸੇ ਦਾ ਹੋਟਲ ਜਾਂ ਬਿਜ਼ਨਸ ਚੱਲੇਗਾ। ਸੋ, ਪੰਜਾਬ ਵਿੱਚ ਇਕਾਨਮੀ ਦੀ ਜਿਹੜੀ ਇੰਨੀ ਗਰੋਥ ਹੋਣੀ ਹੈ, ਇਹ ਸਰਦਾਰ ਪਰਕਾਸ਼ ਸਿੰਘ ਬਾਦਲ ਸਾਹਿਬ ਦੀ ਦੇਣ ਹੈ। ਇਹ ਬਿਲਕੁਲ ਸੱਚਾਈ ਹੈ। ਤੁਸੀਂ ਮੇਰੇ ਨਾਲ ਮੁਹਾਲੀ ਚੱਲਿਉ, ਇਹ ਸ਼ਹਿਰ ਚੰਡੀਗੜ੍ਹ ਤੋਂ ਵੀ ਵਧੀਆ ਸ਼ਹਿਰ ਬਣ ਗਿਆ ਹੈ। ਮੁੱਲਾਂਪੁਰ ਵਾਲੇ

ਪਾਸੇ ਕਿੰਨੀ ਤਰੱਕੀ ਹੋਈ ਹੈ, ਇਹ ਸਾਡੀ ਸਰਕਾਰ ਦੀ ਦੇਣ ਹੈ। ਸੋਸ਼ਲ ਵੈਲਫੇਅਰ ਵਾਸਤੇ ਸ਼ਗਨ ਸਕੀਮ, ਗਰੀਬ ਬੱਚੀਆਂ ਨੂੰ ਸਕੂਲਾਂ ਵਿੱਚ ਸਾਈਕਲ ਦੇਣ ਦੀ ਸਕੀਮ ਚਾਲੂ ਕੀਤੀ ਹੈ। ਹੁਣ ਪੈਨਸ਼ਨ ਵੀ ਸਮੇਂ ਸਿਰ ਮਿਲਦੀ ਹੈ। ਆਟਾ ਦਾਲ ਸਕੀਮ ਦੇ 31 ਲੱਖ ਪਰਿਵਾਰਾਂ ਦੇ ਕਾਰਡ ਬਣੇ ਹਨ। 31 ਲੱਖ ਪਰਿਵਾਰਾਂ ਨੂੰ ਕਣਕ ਤੇ ਦਾਲ ਬਹੁਤ ਸਸਤੇ ਰੇਟ ਤੇ ਦਿੱਤੀ ਜਾ ਰਹੀ ਹੈ।

ਜਿਹੜੀ ਕਰਜ਼ੇ ਦੀ ਗੱਲ ਕੀਤੀ ਜਾ ਰਹੀ ਸੀ, ਜਦੋਂ ਤੁਸੀਂ 2007 ਵਿੱਚ ਸਰਕਾਰ ਛੱਡੀ ਸੀ ਉਦੋਂ ਕਰਜ਼ੇ ਦੀ ਜੀ.ਐਸ.ਡੀ.ਪੀ. ਦੀ ਰੇਸ਼ੋ 23.53% ਸੀ। ਜਿੰਨੀ ਆਮਦਨ ਸੀ ਉਸ ਦਾ 23.53% ਵਿਆਜ ਸੀ। ਅੱਜ ਇਹ 21.42% ਹੈ। ਜਿੰਨੀ ਆਮਦਨ ਹੈ ਉਸ ਦਾ 21.42% ਵਿਆਜ ਦੇ ਰਹੇ ਹਾਂ। ਇਹ ਵੀ ਸਰਕਾਰ ਦੀ ਅਚੀਵਮੈਂਟ ਹੈ। 2007 ਵਿੱਚ ਆਮਦਨ 9899 ਕਰੋੜ ਰੁਪਏ ਸੀ ਅਤੇ ਹੁਣ 29351 ਕਰੋੜ ਰੁਪਏ ਹੈ। ਰੈਵੇਨਿਊ ਦੀ ਗਰੋਥ ਪਿਛਲੇ ਸਾਲਾਂ ਵਿੱਚ 3 ਗੁਣਾ ਹੋ ਗਈ ਹੈ। ਇਸ ਤੋਂ ਇਲਾਵਾ ਜਿਹੜਾ ਡਿਵੈਲਪਮੈਂਟ ਅਤੇ ਨਾਨ ਡਿਵੈਲਪਮੈਂਟ ਐਕਸਪੈਂਡੀਚਰ ਹੈ, ਉਹ 11899 ਕਰੋੜ ਰੁਪਏ ਤੋਂ ਵੱਧ ਕੇ 27343 ਕਰੋੜ ਰੁਪਏ ਤੇ ਪਹੁੰਚਿਆ ਹੈ, ਇਹ ਸਾਡੀ ਸਰਕਾਰ ਦੀ ਅਚੀਵਮੈਂਟ ਹੈ। ਮੈਂ ਕਹਿ ਸਕਦਾ ਹਾਂ ਕਿ ਜਿਹੜਾ ਬਜਟ ਸਾਡੇ ਸਤਿਕਾਰਯੋਗ ਵਿੱਤ ਮੰਤਰੀ ਜੀ ਨੇ ਪੇਸ਼ ਕੀਤਾ ਹੈ, ਇਸ ਵਿੱਚ ਹਰ ਵਰਗ ਦਾ, ਹਰ ਜਾਤ ਦਾ, ਹਰ ਧਰਮ ਦਾ, ਚਾਹੇ ਉਹ ਕਿਸਾਨ ਹੈ, ਮਜ਼ਦੂਰ ਹੈ, ਹਰ ਇੱਕ ਦਾ ਪੂਰੀ ਤਰ੍ਹਾਂ ਖਿਆਲ ਰੱਖਿਆ ਗਿਆ ਹੈ। ਇਸ ਨਾਲ ਜਿੱਥੇ ਸਾਡੇ ਕਿਸਾਨਾਂ ਨੂੰ ਫਾਇਦਾ ਹੋਵੇਗਾ, ਡਾਈਵਰਸੀਫਿਕੇਸ਼ਨ ਹੋਵੇਗੀ, ਉਥੇ ਵਪਾਰ ਨੂੰ ਵੀ ਵਾਧਾ ਮਿਲੇਗਾ। ਨੌਜਵਾਨਾਂ ਨੂੰ ਰੁਜ਼ਗਾਰ ਮਿਲੇਗਾ ਅਤੇ ਗਰੀਬਾਂ ਦੀਆਂ ਲੋਕ ਭਲਾਈ ਦੀਆਂ ਸਕੀਮਾਂ ਨਾਲ ਗਰੀਬਾਂ ਦਾ ਸੋਸ਼ਲ ਸਟੇਟਸ ਵਧੇਗਾ। ਮੈਂ ਕਹਿ ਸਕਦਾ ਹਾਂ ਕਿ ਇਸ ਤੋਂ ਵਧੀਆ ਬਜਟ ਨਹੀਂ ਹੋ ਸਕਦਾ। ਇਸ ਤੋਂ ਵੱਡੀ ਅਚੀਵਮੈਂਟ ਕੋਈ ਨਹੀਂ ਹੋ ਸਕਦੀ। ਇਸ ਅਚੀਵਮੈਂਟ ਦਾ ਸਿਲ੍ਹਾ ਪੰਜਾਬ ਦੇ ਲੋਕਾਂ ਨੇ ਸਾਨੂੰ ਦਿੱਤਾ ਹੈ। 129 ਮਿਉਂਸਪੈਲਿਟੀ ਦੀਆਂ ਚੋਣਾਂ ਹੋਈਆਂ ਸਨ ਅਤੇ ਅਸੀਂ 120 ਤੇ ਜਿੱਤ ਪ੍ਰਾਪਤ ਕੀਤੀ ਹੈ। 6 ਕਾਰਪੋਰੇਸ਼ਨਾਂ ਵਿੱਚ ਵੀ ਸਾਡੇ ਮੇਅਰ ਬਣੇ ਹਨ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਮੇਰੇ ਹਲਕੇ ਵਿੱਚ ਬਾਦਲ ਸਾਹਿਬ ਨੇ 91 ਕਰੋੜ ਦਾ ਬਰਿੱਜ ਗਡਕਰੀ ਸਾਹਿਬ ਕੋਲ ਜਾ ਕੇ 9 ਮਹੀਨੇ ਵਿੱਚ ਹੀ ਅਪਰੂਵ ਕਰਵਾ ਲਿਆ। ਕਾਲਜ ਅਤੇ ਸਕੂਲ ਅੱਪਗਰੇਡ ਕੀਤੇ। ਇਸ ਦਾ ਨਤੀਜਾ

[ ਮੁੱਖ ਸੰਸਦੀ ਸਕੱਤਰ, ਉਦਯੋਗ ਅਤੇ ਵਣਜ ]

ਇਹ ਹੋਇਆ ਕਿ ਸਾਡੇ ਮਿਉਂਸਿਪਲ ਕਾਰਪੋਰੇਸ਼ਨ ਦੀਆਂ 67 ਸੀਟਾਂ ਵਿੱਚੋਂ ਸਾਰੇ 67 ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਦੇ ਬਣੇ ਹਨ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਸਭ ਤੋਂ ਵੱਡੀ ਗੱਲ ਇਹ ਹੈ ਕਿ ਕਾਂਗਰਸ ਸਿਰਫ 14 ਸੀਟਾਂ ਤੇ ਲੜੀ ਹੈ ਅਤੇ ਸਾਰੀਆਂ ਸੀਟਾਂ ਤੇ 100 ਤੋਂ ਵੱਧ ਵੋਟਾਂ ਨਹੀਂ ਪਈਆਂ। ਦੇਖੋ ਇਹ ਕਿੰਨਾ ਵੱਡਾ ਰਿਕਾਰਡ ਹੈ। ਜਿਹੜੇ 15-20 ਟੋਪੀਆਂ ਵਾਲੇ ਖੜ੍ਹੇ ਸਨ, ਉਨ੍ਹਾਂ ਨੂੰ ਵੀ ਕਿਸੇ ਨੂੰ 200 ਤੋਂ ਵੱਧ ਵੋਟ ਨਹੀਂ ਪਈ। ਸਾਨੂੰ 80% ਵੋਟਾਂ ਪਈਆਂ ਹਨ ਅਤੇ 20% ਵੋਟਾਂ ਹੋਰਾਂ ਨੂੰ ਪਈਆਂ ਹਨ।ਇਸ ਤੋਂ ਵੱਡਾ ਲੋਕ ਫਤਵਾ ਨਹੀਂ ਹੋ ਸਕਦਾ।ਅਸੀਂ ਮੋਗੇ ਦੀ ਸੀਟ ਜਿੱਤੇ ਹਾਂ ਜਿਹੜੀ ਕਿ ਕਾਂਗਰਸ ਦੀ ਹੁੰਦੀ ਸੀ (ਵਿਘਨ) ਆਹ ਧੂਰੀ ਵਾਲੀ ਇਲੈਕਸ਼ਨ ਵਿਚ ਹੀ ਇਨ੍ਹਾਂ ਨੂੰ ਪਤਾ ਲੱਗ ਜਾਣਾ ਹੈ। (ਵਿਘਨ).. ਮੈਂ ਕਨਕਲੂਡ ਕਰਨ ਲੱਗਾ ਹਾਂ। ਧੂਰੀ ਵਿਚ ਇਨ੍ਹਾਂ ਨੂੰ (ਆਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) ਕੈਂਡੀਡੇਟ ਨਹੀਂ ਮਿਲਿਆ, ਇਨ੍ਹਾਂ ਅਡਾਪਟ ਕਰਕੇ ਕੈਂਡੀਡੇਟ ਖੜ੍ਹਾ ਕੀਤਾ ਹੈ। (ਵਿਘਨ) ਇਸ ਤੋਂ ਮਾੜੀ ਹਾਲਤ ਤਾਂ ਇਨ੍ਹਾਂ ਦੀ ਕਦੀ ਵੀ ਨਹੀਂ ਹੋਈ ਹੋਣੀ। ਦਿੱਲੀ ਵਿਚ ਵੀ ਵੇਖ ਲਵੋ, ਤੁਹਾਡੇ ਖਾਤੇ ਵਿਚ ਤਾਂ ਕੇਵਲ 9% ਵੋਟਾਂ ਹੀ ਰਹਿ ਗਈਆਂ ਹਨ। ਮੈਂ ਕਹਿ ਸਕਦਾ ਹਾਂ ਕਿ ਇਸ ਤੋਂ ਵਧੀਆ ਬਜਟ ਨਹੀਂ ਹੋ ਸਕਦਾ। ਇਹ ਪਬਲਿਕ ਦੇ ਹਿੱਤਾਂ ਦੀ ਰਾਖੀ ਕਰਨ ਵਾਲਾ ਬਜਟ ਸਰਦਾਰ ਢੀਂਡਸਾ ਜੀ ਨੇ ਇਥੇ ਪੇਸ਼ ਕੀਤਾ ਹੈ। ਅਖੀਰ ਵਿਚ ਮੈਂ, ਸਾਰੇ ਸਦਨ ਨੂੰ ਖਾਸ ਕਰਕੇ ਆਪਣੇ ਆਪੋਜ਼ੀਸ਼ਨ ਦੇ ਵੀਰਾਂ ਨੂੰ ਬੇਨਤੀ ਕਰਦਾ ਹਾਂ ਕਿ ਇਸ ਬਜਟ ਨੂੰ ਸਰਬਸੰਮਤੀ ਨਾਲ ਪਾਸ ਕਰਨਾ ਚਾਹੀਦਾ ਹੈ ਤਾਂ ਕਿ ਜਿਸ ਤਰ੍ਹਾਂ ਪੰਜਾਬ ਦੀ ਤਰੱਕੀ ਜਿਹੜੀ ਪਿਛਲੇ 7-8 ਸਾਲਾਂ ਤੋਂ ਹੋ ਰਹੀ ਹੈ ਅਤੇ ਅੱਗੇ ਵਧ ਰਹੀ ਹੈ, ਇਸ ਦਾ ਗਰਾਫ ਹੋਰ ਵਧੇ, ਇਹ ਥੱਲੇ ਨੂੰ ਨਾ ਆਵੇ। ਧੰਨਵਾਦ।

**ਸਰਦਾਰ ਸਾਧੂ ਸਿੰਘ (ਨਾਭਾ, ਐਸ.ਸੀ.) :** ਬਹੁਤ ਹੀ ਮਾਣ ਤੇ ਸਤਿਕਾਰਯੋਗ ਚੇਅਰਮੈਨ ਸਾਹਿਬ, ਆਪ ਜੀ ਨੇ ਮੈਨੂੰ....

**ਸ਼੍ਰੀ ਸਭਾਪਤੀ :** ਮੇਰੀ ਰਿਕੁਐਸਟ ਹੈ ਕਿ 10-10 ਮਿੰਟ ਦਾ ਸਮਾਂ ਲੈਣਾ ਹੈ।

**ਸਰਦਾਰ ਸਾਧੂ ਸਿੰਘ :** ਸਾਡੀ ਪਾਰਟੀ ਦਾ ਟਾਈਮ ਬਹੁਤ ਪਿਆ ਹੈ ਜੀ।ਚੇਅਰਮੈਨ ਸਾਹਿਬ, ਸਰਦਾਰ ਪਰਮਿੰਦਰ ਸਿੰਘ ਢੀਂਡਸਾ ਜੀ ਵੱਲੋਂ ਖਜ਼ਾਨਾ ਮੰਤਰੀ ਦੇ ਤੌਰ ਤੇ ਜਿਹੜਾ ਬਜਟ ਪੇਸ਼ ਕੀਤਾ ਗਿਆ ਹੈ, ਉਸ ਉਤੇ ਬੋਲਣ ਦਾ

ਮੈਨੂੰ ਮੌਕਾ ਦਿੱਤਾ ਹੈ। ਮੈਂ ਦਿਲ ਦੀਆਂ ਗਹਿਰਾਈਆਂ ਤੋਂ ਤੁਹਾਡਾ ਧੰਨਵਾਦ ਕਰਦਾ ਹਾਂ। ਸਰਦਾਰ ਲਾਲ ਸਿੰਘ ਜੀ ਨੇ ਬੋਲਦੇ ਹੋਏ ਠੀਕ ਕਿਹਾ ਹੈ ਅਤੇ ਉਨ੍ਹਾਂ ਨੇ ਪੂਰੇ ਅੰਕੜਿਆਂ ਨਾਲ ਇਸ ਬਜਟ ਉਤੇ ਆਪਣਾ ਭਾਸ਼ਣ ਦਿੱਤਾ ਹੈ। ਉਨ੍ਹਾਂ ਨੇ ਇਕ ਗੱਲ ਬੜੀ ਮਾਅਰਕੇ ਦੀ ਕਹੀ ਹੈ ਕਿ ਸਰਦਾਰ ਪਰਮਿੰਦਰ ਸਿੰਘ ਜੀ ਢੀਂਡਸਾ ਇਕ ਪੜ੍ਹਿਆ-ਲਿਖਿਆ ਨੌਜਵਾਨ ਖਜ਼ਾਨਾ ਮੰਤਰੀ ਹੈ। ਇਨ੍ਹਾਂ ਦੀਆਂ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਵੀ ਇਹ ਕੁਝ ਨਹੀਂ ਕਰ ਸਕੇ। ਕਿਵੇਂ ਨਹੀਂ ਕਰ ਸਕੇ? ਚੇਅਰਮੈਨ ਸਾਹਿਬ, ਮੁਹੰਮਦ ਭਾਈਚਾਰੇ ਵਿਚ ਇਕ ਕਹਾਵਤ ਹੈ, ਜਿਸ ਚੀਜ਼ ਵਿਚ ਕੋਈ ਤੱਤ ਨਾ ਹੋਵੇ, ਜਿਵੇਂ ਇਕ ਗਲਾਸ ਖਾਲੀ ਹੈ, ਆਪਾਂ ਕਹਿੰਦੇ ਹਾਂ ਕਿ ਇਸ ਵਿਚ ਕੁਝ ਵੀ ਨਹੀਂ ਹੈ ਪ੍ਰੰਤੂ ਉਹ ਕਹਿੰਦੇ ਹਨ ਇਸ ਵਿਚ ਅੱਲ੍ਹਾ ਹੀ ਅੱਲ੍ਹਾ ਹੈ।ਕਹਿਣ ਦਾ ਭਾਵ ਹੈ ਕਿ ਇਨ੍ਹਾਂ ਦਾ ਖਜ਼ਾਨਾ ਤੇ ਸਰਕਾਰ ਰੱਬ ਆਸਰੇ ਹੀ ਚਲ ਰਹੀ ਹੈ।(ਵਿਘਨ) ਇਨ੍ਹਾਂ ਦੇ ਪੱਲੇ ਕੁਝ ਵੀ ਨਹੀਂ ਹੈ। (ਵਿਘਨ) ਮੇਰੀ ਬੇਨਤੀ ਹੈ ਕਿ ਵਿਚ ਨਾ ਬੋਲੋ।ਵੇਖੋ, ਮੈਂ ਦੁਖਵੀਂ ਗੱਲ ਨਹੀਂ ਕਰਨੀ। ਅੱਜ ਪੰਜਾਬ ਦੇ ਗਰੀਬਾਂ ਦੀ ਗੱਲ ਹੈ, ਇੰਡਸਟਰੀਲਿਸਟਾਂ ਦੀ ਗੱਲ ਹੈ, ਪੰਜਾਬ ਦੇ ਕਿਸਾਨ ਦੀ ਗੱਲ ਹੈ, ਅੱਜ ਪੰਜਾਬ ਦੇ ਨੌਜਵਾਨਾਂ ਦੀ ਗੱਲ ਹੈ। ਚੇਅਰਮੈਨ ਸਾਹਿਬ, ਇਹ ਇਕ ਪਲੇਟਫਾਰਮ ਹੈ ਕਿ ਜਿਹੜੇ ਲੋਕਾਂ ਨੇ ਡੇਢ-ਡੇਢ ਲੱਖ ਵੋਟਾਂ ਪਾ ਕੇ ਸਾਨੂੰ ਇਥੇ ਵਿਧਾਨ ਸਭਾ ਵਿਚ, ਇਸ ਪਵਿੱਤਰ ਹਾਊਸ ਵਿਚ ਭੇਜਿਆ ਹੈ । ਚੇਅਰਮੈਨ ਸਾਹਿਬ, ਜੇਕਰ ਅਸੀਂ ਉਨ੍ਹਾਂ ਦੇ ਹੱਕਾਂ ਦੀ ਗੱਲ ਇਥੇ ਨਹੀਂ ਕਰਾਂਗੇ ਤਾਂ ਸਾਨੂੰ ਰੱਬ ਨੇ ਵੀ ਮੁਆਫ ਨਹੀਂ ਕਰਨਾ।ਇਹ ਮੈਂ ਦਿਲ ਦੀ ਗੱਲ ਕਹਿ ਰਿਹਾ ਹਾਂ। ਜਿਹੜਾ ਸਰਦਾਰ ਪਰਮਿੰਦਰ ਸਿੰਘ ਢੀਂਡਸਾ, ਖਜ਼ਾਨਾ ਮੰਤਰੀ ਜੀ ਨੇ ਇਥੇ ਘਾਟੇ ਵਾਲਾ ਬਜਟ ਲਿਆਂਦਾ ਹੈ, ਮੈਂ ਸਮਝਦਾ ਹਾਂ ਕਿ ਇਨ੍ਹਾਂ ਦੀ ਮਜਬੂਰੀ ਸਮਝ ਲਵੋ, ਇਨ੍ਹਾਂ ਦੀ ਪੇਸ਼ ਨਹੀਂ ਗਈ ਸਮਝ ਲਵੋ ਜਾਂ ਇਨ੍ਹਾਂ ਨੂੰ ਅੱਗੇ ਨੂੰ ਕੋਈ ਰਸਤਾ ਨਹੀਂ ਦਿੱਸ ਰਿਹਾ ਜਿਸ ਦੀ ਕਿ ਕਈ ਵਾਰੀ ਆਸ ਹੁੰਦੀ ਹੈ ਕਿ ਭਾਈ ਦੋ ਮਹੀਨੇ ਤੰਗੀ-ਤੁਰਸ਼ੀ ਹੈ, ਅੱਗੇ ਆਉਣ ਵਾਲਾ ਸੀਜ਼ਨ ਹਾੜ੍ਹੀ ਦਾ ਆਉਣਾ ਹੈ ਤੇ ਫਿਰ ਚੰਗੇ ਦਿਨ ਆ ਜਾਣੇ ਹਨ । ਆਪਾਂ ਲੈ ਦੇ ਕੇ ਗੁਜ਼ਾਰਾ ਕਰ ਲਵਾਂਗੇ । ਆਪਾਂ ਘੱਟੋ ਘੱਟ ਮਕਾਨ ਬਣਾਉਣ ਦੀ ਨੀਂਹ ਤਾਂ ਰੱਖ ਲਈਏ। ਆਪਾਂ ਕੋਈ ਸਕੀਮ ਤਾਂ ਬਣਾ ਲਈਏ। ਪਰ, ਚੇਅਰਮੈਨ ਸਾਹਿਬ, ਅਫਸੋਸ ਦੀ ਗੱਲ ਹੈ ਕਿ ਇਹ ਤਾਂ ਕੋਈ ਸਕੀਮ ਵੀ ਨਹੀਂ ਬਣਾ ਸਕੇ। ਕਿਸੇ ਗਰੀਬ ਲਈ ਕੋਈ ਸਕੀਮ ਨਹੀਂ ਬਣਾਈ, ਕੋਈ ਨੀਂਹ ਰੱਖਣ ਦੀ ਵੀ ਕੋਸ਼ਿਸ਼ ਨਹੀਂ ਕੀਤੀ। ਗੱਲਾਂਬਾਤਾਂ ਨਾਲ ਹੀ ਸਾਰੀ ਗਏ । ਇੱਕ ਬਹੁਤ ਹੀ

[ ਸਰਦਾਰ ਸਾਧੂ ਸਿੰਘ ]

ਸੁਘੜ ਸਿਆਣਾ ਬੰਦਾ ਜ਼ਿਆਦਾ ਹੀ ਚਲਾਕ ਹੋਵੇ, ਉਸ ਦੇ ਅੱਲੇ ਪੱਲੇ ਕੱਖ ਨਾ ਹੋਵੇ ਤੇ ਇਨ੍ਹਾਂ ਵਾਂਗ ਜ਼ਿਆਦਾ ਹੀ ਸਿਆਣਾ ਹੋ ਜਾਵੇ ਤੇ ਉਹ ਫਿਰ ਕੀ ਕਰਦਾ ਹੈ ।ਜਦੋਂ ਉਸ ਦੇ ਘਰ ਕੋਈ ਪਰਾਹੁਣਾ ਤਰਾਹੁਣਾ ਆ ਜਾਂਦਾ ਹੈ ਤੇ ਉਸ ਨੂੰ ਕਹਿੰਦਾ ਹੈ ਕਿ ਭਾਈ, ਚਾਹ ਪਿਲਾਈਏ। ਉਹ ਕਹਿੰਦਾ ਹੈ, ਪਿਲਾ ਦਿਓ ਜੀ । ਫਿਰ ਕਹਿੰਦਾ ਹੈ, ਦੁੱਧ ਕਾਹਦਾ ਹੋਵੇ, ਗਾਂ ਦਾ ਹੋਵੇ, ਮੱਝ ਦਾ ਹੋਵੇ, ਬੱਕਰੀ ਦਾ ਹੋਵੇ । ਅੱਗੋਂ ਉਹ ਕਹਿੰਦਾ ਹੈ, ਜਿਸ ਦਾ ਮਰਜ਼ੀ ਹੋਵੇ । ਫਿਰ ਕਹਿੰਦਾ ਹੈ, ਚੀਨੀ ਹੋਵੇ ਜਾਂ ਗੁੜ ਹੋਵੇ । ਉਹ ਫਿਰ ਜਦੋਂ ਥੱਕ ਗਿਆ ਤੇ ਕਹਿੰਦਾ ਹੈ ਕਿ ਚਾਹ ਪਿਲਾਵੇਂਗਾ ਵੀ ਜਾਂ ਗੱਲਾਂਬਾਤਾਂ ਨਾਲ ਹੀ ਸਾਰੀ ਜਾਵੇਗਾ। ਅਜੇ ਚਾਹ ਪੀਤੀ ਨਹੀਂ, ਉਸ ਤੋਂ ਬਾਅਦ ਕਹਿੰਦਾ ਹੈ ਕਿ ਕੜਾਹ ਖਵਾਈਏ। ਉਹ ਅੱਗੋਂ ਕਹਿੰਦਾ ਹੈ ਕਿ ਜੇ ਚਾਹ ਨਹੀਂ ਪਿਲਾਉਣੀ ਤੇ ਫਿਰ ਕੜਾਹ ਹੀ ਖਿਲਾ ਦਿਓ। ਕਹਿੰਦਾ ਹੈ ਕਿ ਸੂਜ਼ੀ ਦਾ ਬਣਾਈਏ ਜਾਂ ਆਟੇ ਦਾ ਬਣਾਈਏ, ਦੇਸੀ ਘਿਓ ਦਾ ਬਣਾਈਏ ਜਾਂ ਫਾਰਮੀ ਘਿਓ ਦਾ ਬਣਾਈਏ । ਉਹ ਕਹਿੰਦਾ ਹੈ ਕਿ ਨਾ ਤੁਸੀਂ ਕੜਾਹ ਬਣਾਉਣਾ ਹੈ ਤੇ ਨਾ ਹੀ ਚਾਹ ਪਿਲਾਈ ਹੈ । ਕਹਿਣ ਦਾ ਭਾਵ, ਚੇਅਰਮੈਨ ਸਾਹਿਬ, ਕਿਸੇ ਸਿਆਣੇ ਨੇ ਫਿਰ ਕਿਹਾ, ਗੱਲਾਂਬਾਤਾਂ ਦੀ ਚਾਹ ਤੇ ਦਲੀਲਾਂ ਦਾ ਕੜਾਹ । ਇਨ੍ਹਾਂ ਦਾ ਜਿਹੜਾ ਇਹ ਬਜਟ ਲਿਆਂਦਾ ਗਿਆ ਹੈ, ਇਹ ਸਿਰਫ ਗੱਲਾਂਬਾਤਾਂ ਦੀ ਚਾਹ ਤੇ ਦਲੀਲਾਂ ਦਾ ਕੜਾਹ ਹੀ ਹੈ ।

ਇਸ ਬਾਰੇ ਮੈਂ ਅੱਗੇ ਤੁਹਾਨੂੰ ਦੱਸਦਾ ਹਾਂ । ਚੇਅਰਮੈਨ ਸਾਹਿਬ, ਇਸ ਵਿੱਚ ਸ਼ਹਿਰੀਆਂ ਦੀ ਗੱਲ ਕਹੀ ਹੈ । ਇਸ ਵਿੱਚ ਲਿਖਿਆ ਹੈ ਕਿ ਰਾਜ ਦੀ ਕੁੱਲ ਵਸੋਂ ਦਾ 37% ਹਿੱਸਾ ਸ਼ਹਿਰੀ ਵੱਸੋਂ ਹੈ । ਵਿੱਤ ਮੰਤਰੀ ਵੱਲੋਂ 50,000 ਮਕਾਨ ਉਸਾਰਨ ਦੀ ਗੱਲ ਰੱਖੀ ਗਈ ਹੈ, ਤਜਵੀਜ਼ ਰੱਖੀ ਗਈ ਹੈ ਪਰੰਤੂ, ਅੱਗੇ ਦੇਖਣ ਵਾਲੀ ਗੱਲ ਹੈ ਕਿ ਇਹ ਮਕਾਨ ਕਿੱਥੇ ਤੇ ਕਿੰਨੀ ਰਕਮ ਵਿੱਚ ਬਣਨੇ ਹਨ, ਇਹ ਕਿਨ੍ਹਾਂ ਲਾਭ ਪਾਤਰੀਆਂ ਨੂੰ ਮੁਹੱਈਆ ਹੋਣਗੇ, ਇਸ ਬਾਰੇ ਵਿੱਤ ਮੰਤਰੀ ਜੀ ਨੇ ਬਜਟ ਵਿਚ ਇੱਕ ਕੌਡੀ ਵੀ ਨਹੀਂ ਦੱਸੀ ਕਿ ਇਸ ਵਾਸਤੇ ਕਿੰਨੇ ਪੈਸੇ ਰੱਖੇ ਹਨ ਤੇ ਇੱਕ ਮਕਾਨ ਤੇ ਕਿੰਨੇ ਲੱਖ ਰੁਪਏ ਲੱਗਣੇ ਹਨ ਅਤੇ ਇਹ ਕਿਹੜੀ ਜਗ੍ਹਾ ਬਣਨੇ ਹਨ ਤਾਂ ਫਿਰ ਉਹ ਗੱਲਾਂਬਾਤਾਂ ਦੀ ਚਾਹ ਤੇ ਦਲੀਲਾਂ ਦਾ ਕੜਾਹ ਨਾ ਹੋਇਆ ਤੇ ਫਿਰ ਹੋਰ ਕੀ ਹੋਇਆ? ਠੀਕ ਹੈ ਨਾ । ਕਹਿਣ ਦਾ ਭਾਵ ਹੈ ਕਿ ਅੱਜ ਮੈਂ ਦੱਸਣਾ ਚਾਹੁੰਦਾ ਹਾਂ ਕਿ ਸ਼ਹਿਰੀਆਂ ਨਾਲ ਇਹ ਮਜ਼ਾਕ ਹੋ ਰਿਹਾ ਹੈ। ਤੁਸੀਂ ਪੰਜਾਹ ਹਜ਼ਾਰ ਛੱਡ ਕੇ ਭਾਵੇਂ ਲੱਖ ਮਕਾਨ ਬਣਾਓ ਪਰ ਤੁਸੀਂ ਤਾਂ ਇੱਕ ਦੀ

ਵੀ ਗੱਲ ਨਹੀਂ ਕੀਤੀ। ਚੇਅਰਮੈਨ ਸਾਹਿਬ, ਅੱਜ ਪੰਜਾਬ ਦੇ ਸ਼ਹਿਰੀਆਂ ਨਾਲ ਕੋਝੇ ਮਜ਼ਾਕ ਹੋ ਰਹੇ ਹਨ । ਅੱਜ ਸ਼ਹਿਰ ਦੀ ਗੱਲ ਕੀਤੀ ਹੈ। ਬੈਠੇ ਹਨ, ਜਾਖੜ ਸਾਹਿਬ । ਯੂ.ਪੀ.ਏ. ਦੀ ਸਰਕਾਰ ਵੇਲੇ ਅਸੀਂ ਉਨ੍ਹਾਂ ਕੋਲ ਇਕੱਠੇ ਗਏ। ਜਦੋਂ ਅਸੀਂ ਦੇਖਿਆ ਕਿ ਬਾਦਲ ਸਾਹਿਬ ਦੇ ਅੱਠ ਸਾਲ ਲੰਘ ਗਏ ਹਨ ਤੇ ਪੰਜਾਬ ਦੇ ਲੋਕਾਂ ਲਈ, ਸ਼ਹਿਰੀਆਂ ਲਈ ਕੱਖ ਨਹੀਂ ਹੋਇਆ। ਸ਼ਹਿਰੀਆਂ ਦੀ ਹਾਲਤ ਮਾੜੀ ਹੈ । ਸ਼ਹਿਰਾਂ ਵਿੱਚ ਗੋਡੇ ਗੋਡੇ ਪਾਣੀ ਖੜ੍ਹਾ ਹੈ। ਜਿੱਥੇ ਰੂੜੀਆਂ ਪਈਆਂ ਹਨ, ਉਥੇ ਰੂੜੀਆਂ ਹੀ ਪਈਆਂ ਹਨ । ਇੰਨੇ ਮਾੜੇ ਹਾਲਾਤ ਸਨ ਤਾਂ ਅਸੀਂ ਇਕੱਠੇ ਹੋ ਕੇ ਗਏ । ਅਸੀਂ ਸ਼ਹਿਰਾਂ ਦੇ ਵਿਕਾਸ ਲਈ 1200 ਕਰੋੜ ਰੁਪਿਆ ਮਨਜ਼ੂਰ ਕਰਵਾ ਕੇ ਲਿਆਂਦਾ, ਇਹ ਜਾਖੜ ਸਾਹਿਬ ਦੀ ਦੇਣ ਹੈ, ਅਸੀਂ ਇਨ੍ਹਾਂ ਦੇ ਨਾਲ ਸੀ। ਇਹ ਪੈਸਾ ਅਸੀਂ ਮਨਜ਼ੂਰ ਕਰਵਾਇਆ ਤੇ ਜਦੋਂ ਪੈਸਾ ਮਨਜ਼ੂਰ ਹੋ ਗਿਆ ਤਾਂ ਇਸ ਬਾਰੇ ਸਰਦਾਰ ਸੁਖਬੀਰ ਸਿੰਘ ਬਾਦਲ, ਮਾਨਯੋਗ ਡਿਪਟੀ ਚੀਫ ਮਨਿਸਟਰ ਜੀ ਨੂੰ ਪਤਾ ਲੱਗਿਆ। ਸਾਡੇ ਮਹਾਰਾਣੀ ਪਰਨੀਤ ਕੌਰ ਜੀ, ਸੈਂਟਰ ਵਿਖੇ ਵਿਦੇਸ਼ ਰਾਜ ਮੰਤਰੀ ਸੀ । ਉਸ ਵਿੱਚ ਨਾਭੇ ਲਈ 65 ਕਰੋੜ 25 ਲੱਖ ਰੁਪਿਆ ਮਨਜ਼ੂਰ ਹੋਇਆ ਸੀ । ਅਸੀਂ ਸੋਚਿਆ ਕਿ ਇਸ ਨਾਲ ਸੋਨੇ ਵਰਗੀਆਂ ਗਲੀਆਂ ਨਾਲੀਆਂ ਬਣ ਜਾਣੀਆਂ ਹਨ ਤੇ ਸੀਵਰੇਜ ਆਦਿ ਦਾ ਵੀ ਸਾਰਾ ਹੀ ਕੰਮ ਹੋ ਜਾਣਾ ਹੈ ਪਰ ਮਾਂ ਦੇ ਸ਼ੇਰਾਂ ਨੇ ਕੀ ਕੀਤਾ । ਅਸੀਂ ਅਜੇ ਸੋਚਦੇ ਹੀ ਪਏ ਸੀ ਕਿ ਅਸੀਂ ਮਹਾਰਾਣੀ ਸਾਹਿਬਾ ਨੂੰ ਨੀਂਹ ਪੱਥਰ ਲਈ ਬੁਲਾਉਣਾ ਹੈ ਪਰ ਇਨ੍ਹਾਂ ਨੇ ਜਿਉਂ ਹੈਲੀਕਾਪਟਰ ਦੱਬਿਆ, ਚੱਲ ਨਾਭੇ । ਉਥੇ ਨਾਭੇ ਦੀ ਅਨਾਜ ਮੰਡੀ ਵਿੱਚ ਨੀਂਹ ਪੱਥਰ ਰੱਖਿਆ। ਮੈਂ ਝੂਠ ਨਹੀਂ ਬੋਲਦਾ। ਨੀਂਹ ਪੱਥਰ ਰੱਖ ਦਿੱਤਾ । ਇਹ ਮੈਂ ਇਨ੍ਹਾਂ ਦੀ ਗਲਤੀ ਕਹਾਂਗਾ, ਅਣਗਹਿਲੀ ਕਹਾਂਗਾ ਕਿ ਨੀਂਹ ਪੱਥਰ ਰੱਖੇ ਨੂੰ ਅੱਠ ਮਹੀਨੇ ਲੰਘ ਗਏ, ਪਤਾ ਨਹੀਂ ਕੀ ਕਰਦੇ ਰਹੇ। ਨੀਂਹ ਪੱਥਰ ਰੱਖ ਕੇ ਸੋਚਦੇ ਸੀ ਕਿ ਪਤਾ ਨਹੀਂ ਕਿ ਇਹ ਆਪਣੇ ਆਪ ਹੀ ਬਣ ਜਾਵੇਗਾ, ਆਪਣੇ ਆਪ ਹੀ ਸੀਵਰੇਜ ਪੈ ਜਾਵੇਗਾ। ਪੈਸੇ ਨਹੀਂ ਕਢਾਏ ਮਾਂ ਦੇ ਸ਼ੇਰਾਂ ਨੇ। ਪੈਸੇ ਕਢਾਏ ਹੀ ਨਹੀਂ। ਇੰਨੇ ਨੂੰ ਹੋਇਆ ਕੀ, ਇਹ ਸੋਚਣ ਵਾਲੀਆਂ ਗੱਲਾਂ ਹਨ। ਚੇਅਰਮੈਨ ਸਾਹਿਬ, ਹੋਇਆ ਕੀ, ਦੁੱਖ ਆਉਂਦਾ ਹੈ। ਬੜੀ ਹਿੰਮਤ ਨਾਲ ਜਾਖੜ ਸਾਹਿਬ ਨੇ ਪੈਸੇ ਮਨਜ਼ੂਰ ਕਰਵਾਏ ਪਰ ਹੋਇਆ ਕੀ, ਅੱਛੇ ਦਿਨ ਆਏਂਗੇ। ਅੱਛੇ ਦਿਨ ਆਏਂਗੇ ਭਾਈਓ ਬਹਿਨੋ, ਅੱਛੇ ਦਿਨ ਆਏਂਗੇ। ਬਾਦਲ ਸਾਹਿਬ ਵੀ, ਅਕਾਲੀ ਦਲ ਦੇ ਲੋਕ ਵੀ ਕਿਹਾ ਕਰਨ ਕਿ ਮੋਦੀ ਸਾਹਿਬ ਠੀਕ ਕਹਿ ਰਹੇ ਹਨ। ਸਰਕਾਰ ਸਾਡੀ ਆਉਣੀ ਹੈ, ਅੱਛੇ ਦਿਨ ਆ ਜਾਣੇ

[ ਸਰਦਾਰ ਸਾਧੂ ਸਿੰਘ ]

ਹਨ। ਮਾਣਕ ਦਾ ਗੀਤ ਸੀ – ਜੀ.ਟੀ. ਰੋਡ ਤੇ ਦੁਹਾਈਆਂ ਪਾਵੇ ਯਾਰਾਂ ਦਾ ਟਰੱਕ ਬੱਲੀਏ। ਕਹਿੰਦਾ ਆਏਂ ਨਹੀਂ ਹੈ – ਜੀ.ਟੀ. ਰੋਡ ਤੇ ਟਰੱਕ ਆਉਣੇ ਨੇ, ਸੈਂਕੜੇ ਹਜ਼ਾਰ ਹਜ਼ਾਰ ਨੋਟਾਂ ਦੇ ਭਰੇ ਹੋਏ। ਸੁਪਨੇ ਲੈ ਲਏ। ਸੁਪਨੇ ਲੈ ਲਏ ਸ਼ੇਖਚਿਲੀ ਵਾਂਗੂੰ।

(**ਇੱਕ ਅਵਾਜ਼ :** ਮੁੰਗੇਰੀ ਲਾਲ ਵਾਂਗੂੰ।)

**ਸਰਦਾਰ ਸਾਧੂ ਸਿੰਘ :** ਮੁੰਗੇਰੀ ਲਾਲ ਤੁਹਾਡੇ ਕਹਿੰਦੇ ਹੋਣੇ ਹਨ, ਸਾਡੇ ਸ਼ੇਖਚਿਲੀ ਕਹਿੰਦੇ ਹਨ। ਸ਼ੇਖਚਿਲੀ ਵਾਂਗੂੰ ਸੁਪਨੇ ਲੈ ਲਏ। ਹੋਇਆ ਕੀ ਕਿ ਸਰਕਾਰ ਬਣ ਗਈ। ਚਲੋ ਮੁਬਾਰਕ ਹੋਵੇ। ਸਰਕਾਰਾਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ। ਇਹ ਕਿਸੇ ਦੇ ਘਰ ਦੀ ਜਗੀਰ ਨਹੀਂ ਹੈ, ਨਾ ਕੋਈ ਰਿਆਸਤਾਂ ਹਨ। ਰਾਜੇ ਦੇ ਘਰ ਰਾਜਾ ਪੁੱਤਰ ਨਹੀਂ ਪੈਦਾ ਹੁੰਦਾ। ਚੇਅਰਮੈਨ ਸਾਹਿਬ, ਅੱਜ ਗਰੀਬ ਦੀ ਪਰਚੀ ਵੀ ਉਨੀ ਹੈ। 1000 ਕਰੋੜ ਰੁਪਏ ਦੇ ਮਾਲਕ ਦੀ ਪਰਚੀ ਦੀ ਕੀਮਤ ਵੀ ਉਨੀ ਹੁੰਦੀ ਹੈ। ਅੱਜ ਵੋਟਰ ਫੈਸਲਾ ਕਰਦਾ ਹੈ ਕਿ ਕਿਸ ਨੂੰ ਰਾਜ ਭਾਗ ਤੇ ਬਿਠਾਉਣਾ ਹੈ। ਸਰਕਾਰ ਆ ਗਈ। ਮੋਦੀ ਸਾਹਿਬ ਪ੍ਰਧਾਨ ਮੰਤਰੀ ਬਣ ਗਏ। ਸਾਨੂੰ ਅਫਸੋਸ ਤਾਂ ਸੀ ਕਿ ਅਸੀਂ ਹਾਰ ਗਏ, ਚਲੋ ਕੋਈ ਗੱਲ ਨਹੀਂ। ਮਨ ਨੂੰ ਇੰਨੀ ਸ਼ਾਂਤੀ ਸੀ ਕਿ ਸਾਡੀ ਸਰਕਾਰ ਨੂੰ, ਬਾਦਲ ਸਾਹਿਬ ਨੂੰ ਅਤੇ ਸਾਡੇ ਇਨ੍ਹਾਂ ਸਾਥੀਆਂ ਨੂੰ ਬੜੀਆਂ ਆਸਾਂ ਹਨ। ਗੁਫਤਗੂ ਹੋ ਗਈ ਹੋਣੀ ਹੈ। ਇਨ੍ਹਾਂ ਨੇ ਪਹਿਲਾਂ ਹੀ ਕਹਿ ਦਿੱਤਾ ਹੋਣਾ ਹੈ ਕਿ 1000 ਕਰੋੜ ਰੁਪਿਆ ਚਾਹੀਦਾ ਹੈ। ਹੁਣ ਤਾਂ ਪੰਜਾਬ ਦੇ ਚੰਗੇ ਦਿਨ ਆ ਜਾਣਗੇ ਬਾਕੀ ਕਿਸੇ ਦੇ ਆਉਣ, ਨਾ ਆਉਣ ਕਿਉਂਕਿ ਇਨ੍ਹਾਂ ਨੇ ਸੁੱਖਾਂ ਹੀ ਬੜੀਆਂ ਸੁੱਖੀਆਂ ਸੀ। ਬੜੀਆਂ ਸੁੱਖਾਂ ਸੁੱਖੀਆਂ ਸੀ। ਹੋਇਆ ਕੀ? ਕਹਿੰਦਾ ਮਾਂ ਮੈਂ ਥਾਣੇਦਾਰ ਭਰਤੀ ਹੋਣਾ ਹੈ।ਉਹ ਕਹਿੰਦੀ, ਪੁੱਤ ਫਿਰ। ਕਹਿੰਦਾ ਬੇਬੇ ਪਹਿਲਾਂ ਸੇਵਾ ਤੁਹਾਡੀ ਕਰਾਂਗਾ। ਉਹੀ ਗੱਲ ਹੋਈ। ਮੋਦੀ ਸਾਹਿਬ ਪ੍ਰਧਾਨ ਮੰਤਰੀ ਬਣ ਗਏ। ਬੜੀਆਂ ਆਸਾਂ ਸਨ ਪਰ ਹੋਇਆ ਕੀ ਕਿ ਜਿਹੜਾ 1200 ਕਰੋੜ ਰੁਪਿਆ ਲਿਆਂਦਾ ਸੀ, ਅੱਛੇ ਦਿਨ ਆਏਂਗੇ ਭਾਈਓ ਬਹਿਨੋ। ਪਹਿਲੀ ਸੱਟ ਪੰਜਾਬ ਤੇ ਮਾਰੀ ਅਤੇ 1200 ਕਰੋੜ ਰੁਪਿਆ ਵਾਪਸ ਲੈ ਗਏ। (ਵਿਰੋਧੀ ਧਿਰ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜਾਂ) ਦੇਣੀ ਕੀ ਸੀ ਦੁਆਨੀ, 1200 ਕਰੋੜ ਰੁਪਿਆ ਪੰਜਾਬ ਦਾ ਵਾਪਸ ਲੈ ਕੇ ਉਨ੍ਹਾਂ ਨੇ ਸ਼ਹਿਰਾਂ ਦੇ ਲੋਕਾਂ ਨਾਲ ਧ੍ਰੋਹ ਕਮਾਇਆ ਹੈ। ਮੈਂ ਸਮਝਦਾ ਹਾਂ ਕਿ ਢੀਂਡਸਾ ਸਾਹਿਬ, ਪ੍ਰਮਾਤਮਾ ਤੁਹਾਨੂੰ ਸੁਮੱਤ ਬਖਸ਼ੇ। ਤੁਸੀਂ

ਇੰਨੇ ਤਕੜੇ ਹੋਵੋ ਕਿ ਉਥੇ ਜਾ ਕੇ ਧਰਨਾ ਲਗਾਈਏ ਕਿ ਆਪਣੇ ਕੋਲੋਂ ਤਾਂ ਪੀ.ਐਮ. ਸਾਹਿਬ, ਕੀ ਦੇਣਾ ਸੀ ਜਿਹੜਾ ਸਾਡੇ ਯੂ.ਪੀ.ਏ. ਵੇਲੇ ਦਾ 1200 ਕਰੋੜ ਰੁਪਿਆ ਸ਼ਹਿਰਾਂ ਦਾ ਪੈਸਾ ਹੈ, ਉਹ ਤਾਂ ਸਾਨੂੰ ਦੇ ਦਿਓ। (ਵਿਘਨ) ਮੈਂ ਪ੍ਰਮਾਤਮਾ ਦੀ ਸਹੁੰ ਖਾ ਕੇ ਕਹਿੰਦਾ ਹਾਂ, ਆਪਣੇ ਲੀਡਰ ਤੋਂ ਇਜਾਜ਼ਤ ਲੈ ਕੇ ਤੁਹਾਡੇ ਨਾਲ ਜਾ ਕੇ ਭੁੱਖ ਹੜਤਾਲ ਤੇ ਕਹੋ, ਮਰਨ ਵਰਤ ਤੇ ਕਹੋ, ਮੈਂ ਪੰਜਾਬ ਦੇ 1200 ਕਰੋੜ ਰੁਪਏ ਵਾਸਤੇ ਜ਼ਰੂਰ ਬੈਠਾਂਗਾ। ਤੁਸੀਂ ਚਲੋ, ਅਸੀਂ ਤੁਹਾਡੇ ਨਾਲ ਚਲਦੇ ਹਾਂ ਪਰ ਲੇਕਿਨ ਬੜਾ ਅਫਸੋਸ ਹੋਇਆ ...

**ਸ਼੍ਰੀ ਸੁਨੀਲ ਜਾਖੜ (ਬੈਠੇ ਬੈਠੇ) :** ਨਾਭੇ ਦਾ 65 ਕਰੋੜ ਰੁਪਿਆ ਹੈ।

**ਸਰਦਾਰ ਸਾਧੂ ਸਿੰਘ :** 65 ਕਰੋੜ ਨਾਭੇ ਦਾ ਹੈ (ਵਿਘਨ) ਜੇ ਤੁਸੀਂ ਵਾਇਦਾ ਕਰੋ ਤਾਂ ਮੈਂ ਬੈਠਣ ਨੂੰ ਤਿਆਰ ਹਾਂ। ਮੈਨੂੰ ਨਾਲ ਲੈ ਕੇ ਚੱਲੋ। ਸੋ, ਮੇਰੇ ਕਹਿਣ ਦਾ ਭਾਵ ਹੈ ਕਿ ਇਹ ਪੈਸਾ ਯੂ.ਪੀ.ਏ. ਦੀ ਸਰਕਾਰ ਨੇ ਦਿੱਤਾ ਹੈ। ਚੇਅਰਮੈਨ ਸਾਹਿਬ, ਸਿਆਣੇ ਕਹਿੰਦੇ ਹਨ ਕਿ ਗੱਲਾਂ ਕਰਨੀਆਂ ਸੁਖਾਲੀਆਂ ਪਰ ਔਖੇ ਪਾਲਣੇ ਬੋਲ। ਉਹ ਸਰਦਾਰ ਮਨਮੋਹਨ ਸਿੰਘ ਹੀ ਸੀ ਕਿ ਬਾਦਲ ਸਾਹਿਬ ਨੇ ਇੰਨੇ ਕੁ (ਥੋੜ੍ਹਾ ਜਿਹਾ ਹੱਥ ਖੋਲ੍ਹ ਕੇ ਦਿਖਾਉਂਦੇ ਹੋਏ) ਫੁੱਲ ਲੈ ਕੇ ਜਾਣੇ ਅਤੇ ਇੰਨੇ ਸਾਰੇ ਚੈੱਕ ਲਿਆਉਣੇ (ਜ਼ਿਆਦਾ ਹੱਥ ਖੋਲ੍ਹ ਕੇ ਦਿਖਾਉਂਦੇ ਹੋਏ) ਇੰਨੇ ਚੈੱਕ ਲੈ ਕੇ ਆਉਣੇ। ਉਸ ਤੋਂ ਬਾਅਦ ਬਾਦਲ ਸਾਹਿਬ ਮੋਦੀ ਸਾਹਿਬ ਕੋਲ ਚਲੇ ਗਏ। ਬਾਦਲ ਸਾਹਿਬ ਦਿਆਨਤਦਾਰ ਅਤੇ ਸਾਡੇ ਬਜ਼ੁਰਗ ਸਿਆਣੇ ਹਨ। ਸਾਡੇ ਮਨ ਨੂੰ ਵੀ ਸੱਟ ਵੱਜੀ ਕਿ ਇੰਨੇ ਚਾਅ ਨਾਲ ਸਰਕਾਰ ਲਿਆਂਦੀ ਹੋਵੇ ਤੇ ਜਦੋਂ ਉਹ ਉਨ੍ਹਾਂ ਨੂੰ ਵਧਾਈ ਦੇਣ ਗਏ, ਕੁਝ ਮੰਗਣ ਗਏ ਤਾਂ ਅੱਗੇ ਤੋਂ ਉਨ੍ਹਾਂ ਨੇ ਹਿਸਾਬ ਮੰਗ ਲਿਆ ਕਿ ਕਹਿੰਦੇ ਇੰਨੇ ਹਜ਼ਾਰ ਕਰੋੜ ਰੁਪਏ ਦਾ ਪਿਛਲਾ ਹਿਸਾਬ ਦਿਉ, ਉਨ੍ਹਾਂ ਨੇ ਇਨ੍ਹਾਂ ਕੋਲੋਂ 40000 ਕਰੋੜ ਰੁਪਏ ਦਾ ਹਿਸਾਬ ਮੰਗ ਲਿਆ । ਸਰਦਾਰ ਮਨਮੋਹਨ ਸਿੰਘ, ਗੁਰੂ ਦੇ ਸਿੱਖ ਨੇ ਕਦੇ ਇਹ ਨਹੀਂ ਸੀ ਕਿਹਾ ਕਿ ਪੰਜਾਬ ਵਿਚ ਅਕਾਲੀ ਦਲ ਦੀ ਸਰਕਾਰ ਹੈ। ਉਨ੍ਹਾਂ ਨੇ ਪੰਜਾਬੀਆਂ ਲਈ, ਪੰਜਾਬ ਲਈ ਜਿੰਨੇ ਪੈਸੇ ਮੰਗੇ, ਉਹ ਉਨ੍ਹਾਂ ਨੇ ਦਿੱਤੇ। ਪਰ ਬਾਦਲ ਸਾਹਿਬ, ਮੈਨੂੰ ਇਕ ਗੱਲ ਦਾ ਅਫਸੋਸ ਹੈ ਕਿ ਤੁਹਾਡੇ ਮੂੰਹੋਂ ਇਹ ਗੱਲ ਜਚਦੀ ਨਹੀਂ ਸੀ, ਜਦੋਂ ਉਥੋਂ ਪੈਸੇ ਲਿਆਉਣੇ ਤੇ ਰਾਜਪੁਰਾ ਟੱਪਣਾ ਇਥੇ ਆ ਕੇ ਕਹਿ ਦੇਣਾ ਕਿ ਮਨਮਹੋਨ ਸਿੰਘ, ਯੂ.ਪੀ.ਏ.ਦੀ ਸਰਕਾਰ ਸਾਡੇ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਦੀ ਹੈ..

**ਸ਼੍ਰੀ ਸਭਾਪਤੀ:** ਸਮਾਪਤੀ ਕਰੋ ਜੀ।

**ਸਰਦਾਰ ਸਾਧੂ ਸਿੰਘ :** ਇਹ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਹੁਣ ਤਾਂ ਭਾਈ ਅਸਲੀ ਮਾਂ ਆ ਗਈ ਹੈ । ਅਸਲੀ ਮਾਂ ਕਿੰਨੇ ਕੁ ਪੈਸੇ ਦੇਵੇਗੀ, ਮੈਨੂੰ ਤਾਂ ਸਮਝ ਨਹੀਂ ਲੱਗਦੀ। ਸੋ, ਏਥੇ ਗੱਲ ਕੀਤੀ ਗਈ ਹੈ ਕਿ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਦੇ ਬੱਚਿਆਂ ਲਈ 411 ਕਰੋੜ ਰੁਪਏ ਦੀ ਰਾਸ਼ੀ ਰੱਖੀ ਗਈ ਹੈ ਪਰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਹ ਤਾਂ ਪਤਾ ਨਹੀਂ ਹੈ ਕਿ ਇਹ ਰਾਸ਼ੀ ਰੱਖੀ ਹੈ ਜਾਂ ਐਵੇਂ ਹੀ ਗੱਲਾਂਬਾਤਾਂ ਵਾਲਾ ਹੀ ਕੰਮ ਹੈ ਪਰ ਜਿਹੜਾ ਬੱਚਿਆਂ ਦਾ ਪਿਛਲੇ ਇਕ ਸਾਲ ਦਾ ਵਜ਼ੀਫਾ ਸੀ, ਉਹ ਬੱਚਿਆਂ ਨੂੰ ਹੁਣ ਤੱਕ ਮਿਲਿਆ ਨਹੀਂ, ਇਹ ਵਜ਼ੀਫਾ ਖਾ ਗਏ ।ਇਲੈਕਸ਼ਨ ਦੇ ਟਾਈਮ ਵਿਚ..

**ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ (ਸਰਦਾਰ ਗੁਲਜਾਰ ਸਿੰਘ ਰਣੀਕੇ):** ਚੇਅਰਮੈਨ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਅੱਗੇ ਵੀ ਕਿਹਾ ਸੀ ਕਿ ਆਪਾਂ ਟਾਈਮ ਬਰਬਾਦ ਕਰਨ ਵਾਲੀ ਗੱਲ ਕਰ ਰਹੇ ਹਾਂ। ਕੱਲ੍ਹ ਨੂੰ ਇਨ੍ਹਾਂ ਦੇ ਸਵਾਲ ਲੱਗੇ ਹੋਏ ਹਨ ਤਾਂ ਮੈਂ ਉਸ ਵੇਲੇ ਇਨ੍ਹਾਂ ਨੂੰ ਦੱਸ ਦਿਆਂਗਾ । ਜੇ ਬੱਚਿਆਂ ਦੇ ਵਜ਼ੀਫੇ ਦੇ ਪੈਸੇ ਚਲੇ ਗਏ ਤਾਂ ਇਹ ਅਸੈਂਬਲੀ ਵਿਚ ਨਾ ਵੜਨ ਤੇ ਜੇ ਨਾ ਗਏ ਤਾਂ ਮੈਂ ਨਹੀਂ ਵੜਾਂਗਾ। (ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ) ਐਵੇਂ ਆਪਾਂ ਬੋਲੀ ਜਾਣਾ, ਨਾ ਕੋਈ ਲੈਣਾ, ਨਾ ਕੋਈ ਦੇਣਾ। (ਵਿਘਨ)

**ਸਰਦਾਰ ਸਾਧੂ ਸਿੰਘ :** ਕੀ ਇਸ ਸਾਲ ਦਾ ਹੁਣ ਤੱਕ ਦਾ ਦਿੱਤਾ ਹੈ ਜਾਂ ਨਹੀਂ?(ਵਿਘਨ)

**ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ :** ਇਕ ਮਿੰਟ ਜੀ। (ਵਿਘਨ) ਸ਼ਗਨ ਸਕੀਮ ਦੇ ਪੈਸਿਆਂ ਦਾ ਰੌਲਾ ਸੀ ਉਹ ਸਾਡਾ ਫਰਵਰੀ ਤੱਕ ਦਾ ਕਲੀਅਰ ਹੋ ਗਿਆ ਹੈ। ਇਨ੍ਹਾਂ ਦੇ ਵੇਲੇ ਜਦੋਂ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਸੀ ਤਾਂ ਉਨ੍ਹਾਂ ਦਾ 42 ਕਰੋੜ ਰੁਪਿਆ ਆਪਾਂ ਆ ਕੇ ਦਿੱਤਾ ਸੀ, ਸਾਨੂੰ ਦੇਣਾ ਪਿਆ ਸੀ, ਉਹ ਤਾਂ ਇਹ ਸ਼ਗਨ ਸਕੀਮ ਵੀ ਬੰਦ ਕਰ ਗਏ ਸੀ। ਇਹ ਕਿਸ ਤਰ੍ਹਾਂ ਅਨੁਸੂਚਿਤ ਜਾਤੀਆਂ ਦੀ ਗੱਲ ਕਰਦੇ ਹਨ..

**ਸਰਦਾਰ ਸਾਧੂ ਸਿੰਘ :** ਮੈਂ ਅਨੁਸੂਚਿਤ ਜਾਤੀਆਂ ਦੇ ਮਾਮਲੇ ਤੇ ਨਹੀਂ ਬੋਲ ਰਿਹਾ। ਮੈਂ ਖਜ਼ਾਨੇ ਉਤੇ ਬੋਲ ਰਿਹਾ ਹਾਂ।

**ਸ਼੍ਰੀ ਸਭਾਪਤੀ :** ਧਰਮਸੋਤ ਜੀ, ਸਮਾਪਤੀ ਕਰੋ ਜੀ। ਤੁਹਾਡਾ ਸਮਾਂ ਹੋ ਗਿਆ ਹੈ।

**ਸਰਦਾਰ ਸਾਧੂ ਸਿੰਘ :** ਸਾਡੀ ਪਾਰਟੀ ਦਾ ਸਮਾਂ ਹੈ, ਕੋਈ ਗੱਲ ਨਹੀਂ।

**ਸ਼੍ਰੀ ਸਭਾਪਤੀ :** ਜੋ ਲਿਖ ਕੇ ਭੇਜਿਆ ਹੈ, ਉਸ ਅਨੁਸਾਰ ਤੁਹਾਡਾ ਸਮਾਂ ਖਤਮ ਹੋ ਗਿਆ ਹੈ।

**ਸਰਦਾਰ ਸਾਧੂ ਸਿੰਘ :** ਆਹ, ਜਾਖੜ ਸਾਹਿਬ ਬੈਠੇ ਹਨ, ਇਹ ਕਹਿ ਦੇਣ ਤਾਂ ਮੈਂ ਬੰਦ ਹੋ ਜਾਂਦਾ ਹਾਂ।

**ਸ਼੍ਰੀ ਸਭਾਪਤੀ :** ਨਹੀਂ, ਜਾਖੜ ਸਾਹਿਬ ਨੂੰ ਪੁੱਛ ਲਵੋ। ਫਿਰ ਤੁਹਾਡੇ ਬਾਕੀ ਬੁਲਾਰੇ ਰਹਿ ਜਾਣਗੇ। ਤੁਸੀਂ ਸਮਾਪਤੀ ਕਰੋ।

**ਸ਼੍ਰੀ ਸੁਨੀਲ ਜਾਖੜ :** ਚੇਅਰਮੈਨ ਸਾਹਿਬ, ਨਾਗਰਾ ਸਾਹਿਬ ਦਾ ਟਾਈਮ ਐਡਜਸਟ ਕਰ ਦਿਉ।

**ਸ਼੍ਰੀ ਸਭਾਪਤੀ:** ਠੀਕ ਹੈ।

**ਸਰਦਾਰ ਸਾਧੂ ਸਿੰਘ :** ਸੋ, ਕਹਿਣ ਦਾ ਭਾਵ ਕਿ ਅਸੀਂ ਇਲੈਕਸ਼ਨਾਂ ਦੇ ਸਮੇਂ ਵਿੱਚ ਲੋਕਾਂ ਨਾਲ ਵੋਟਾਂ ਲੈਣ ਵਾਸਤੇ ਮਖੌਲ ਬਣਾ ਲਿਆ । ਇਨ੍ਹਾਂ ਨੇ ਕਿਹਾ ਸੀ ਕਿ ਬੱਚਿਆਂ ਨੂੰ ਲੈਪਟਾਪ ਦਿਆਂਗੇ । ਚੇਅਰਮੈਨ ਸਾਹਿਬ, ਲਗਭਗ ਸਾਢੇ ਤਿੰਨ ਸਾਲ ਹੋ ਗਏ ਹਨ, ਅੱਜ ਤੱਕ ਕਿਸੇ ਨੂੰ ਲੈਪਟਾਪ ਨਹੀਂ ਦਿੱਤਾ ਗਿਆ, ਲੈਪਟਾਪ ਨਹੀਂ ਪਹੁੰਚੇ। ਇਨ੍ਹਾਂ ਨੇ ਕਿਹਾ ਸੀ ਕਿ ਜਿੰਨੇ ਬੇਰੁਜ਼ਗਾਰ ਬੱਚੇ ਹਨ ਉਨ੍ਹਾਂ ਨੂੰ 1000-1000 ਰੁਪਿਆ ਪ੍ਰਤੀ ਮਹੀਨੇ ਦਾ ਦਿਆ ਕਰਾਂਗੇ । ਇਹ ਇਮਾਨਦਾਰੀ ਨਾਲ ਦੱਸਣ ਕਿ ਕਿਸੇ ਇਕ ਬੱਚੇ ਨੂੰ ਇਕ ਹਜ਼ਾਰ ਰੁਪਿਆ ਮਿਲਿਆ ਹੈ? ਕੀ ਇਹ ਗਰੀਬ ਲੋਕਾਂ ਨਾਲ ਧੋਖਾ ਨਹੀਂ ਹੈ? ਚੇਅਰਮੈਨ ਸਾਹਿਬ, ਕਿਸੇ ਦਾ ਜੀਅ ਨਹੀਂ ਕਰਦਾ ਕਿ ਉਹ ਇਕ ਹਜ਼ਾਰ ਰੁਪਏ ਲਈ ਹੱਥ ਅੱਡੇ, ਉਹ ਲਾਚਾਰ, ਗਰੀਬ ਬੱਚਿਆਂ ਨਾਲ ਮਜ਼ਾਕ ਹੈ । ਮੈਂ ਸਮਝਦਾ ਹਾਂ ਕਿ ਇਹ ਬਹੁਤ ਵੱਡਾ ਧੋਖਾ ਹੈ ਜਦੋਂ ਤੁਸੀਂ ਲੋਕਾਂ ਨਾਲ ਕਰਦੇ ਹੋ ਉਸ ਲਈ ਤੁਹਾਨੂੰ ਜਵਾਬਦੇਹ ਹੋਣਾ ਪਵੇਗਾ।

[ ਸਰਦਾਰ ਸਾਧੂ ਸਿੰਘ ]

ਚੇਅਰਮੈਨ ਸਾਹਿਬ, ਗੁਰੂ ਕੀ ਨਗਰੀ, ਮੰਡੀ ਗੋਬਿੰਦਗੜ੍ਹ ਨੂੰ ਮੀਰੀ ਪੀਰੀ ਦੇ ਪਾਤਸ਼ਾਹ ਸ਼ਾਹਿਬ, ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਹੈ। ਇਸ ਨੂੰ ਗੁਰੂ ਕੀ ਨਗਰੀ ਕਹਿੰਦੇ ਹਨ। (ਵਿਘਨ) ਹਾਂ ਜੀ, ਮੰਡੀ ਗੋਬਿੰਦਗੜ੍ਹ ਨੂੰ, ਛੇਵੇਂ ਪਾਤਸ਼ਾਹ ਜੀ ਦੀ ਚਰਨ ਛੋਹ ਪ੍ਰਾਪਤ ਹੈ, ਪਲੀਜ਼ ਵਿਚ ਨਾ ਬੋਲੋ। ਅੱਜ ਮੰਡੀ ਗੋਬਿੰਦਗੜ੍ਹ ਉਜੜੀ ਪਈ ਹੈ । ਅੱਜ ਉਥੇ 25000 ਤੋਂ ਵੱਧ ਲੇਬਰ ਵਿਹਲੀ ਬੈਠੀ ਹੈ ਔਰ 80 ਫੀਸਦੀ ਇੰਡਸਟਰੀ ਬੰਦ ਪਈ ਹੈ । ਮੈਂ ਸਮਝਦਾ ਹਾਂ ਕਿ ਪੰਜਾਬ ਦੀ ਇੰਡਸਟਰੀ ਨੂੰ ਬੰਦ ਕਰਨ ਲਈ, ਉਜੜਨ ਦਾ ਨੀਂਹ ਪੱਥਰ ਉਦੋਂ ਰੱਖਿਆ ਗਿਆ ਸੀ ਜਦੋਂ ਐਨ.ਡੀ.ਏ. ਦੀ ਸਰਕਾਰ ਦੇ ਉਦੋਂ ਦੇ ਪ੍ਰਧਾਨ ਮੰਤਰੀ ਵਾਜਪਾਈ ਸਾਹਿਬ ਸੀ ਔਰ ਖਾਸ ਕਰਕੇ ਮੈਨੂੰ ਇਸ ਕਰਕੇ ਗਿਲਾ ਹੈ ਕਿ ਉਸ ਮਨਿਸਟਰੀ ਵਿਚ ਮਾਨਯੋਗ ਸਰਦਾਰ ਸੁਖਬੀਰ ਸਿੰਘ ਬਾਦਲ, ਇੰਡਸਟਰੀ ਮਨਿਸਟਰ ਸਨ। ਉਦੋਂ ਪੰਜਾਬ ਦੀ ਇੰਡਸਟਰੀ ਨੂੰ ਉਜਾੜਨ ਦਾ ਰਾਹ ਪੱਧਰਾ ਹੋਇਆ ਜਦੋਂ ਤੁਹਾਡੇ ਗਵਾਂਢ ਵਿੱਚ ਹਿਮਾਚਲ ਪ੍ਰਦੇਸ਼ ਨੂੰ ਇੰਨੀਆਂ ਵੱਡੀਆਂ ਰਿਆਇਤਾਂ ਦੇ ਦਿੱਤੀਆਂ, ਉਤਰਾਂਚਲ ਵਿੱਚ ਰਿਆਇਤਾਂ ਦੇ ਦਿੱਤੀਆਂ, ਜੰਮੂ-ਕਸ਼ਮੀਰ ਵਿੱਚ ਰਿਆਇਤਾਂ ਦੇ ਦਿੱਤੀਆਂ। ਪਿੱਛੇ ਜਿਹੇ ਸਾਲ 2013 ਵਿੱਚ ਅਸੀਂ ਕੇਰਲਾ ਗਏ। ਮੈਂ ਸਰਦਾਰ ਸੁਖਬੀਰ ਸਿੰਘ ਨੂੰ ਬਹੁਤਾ ਮਿਲਿਆ ਨਹੀਂ ਹਾਂ। ਕੇਰਲਾ ਵਿੱਚ ਪ੍ਰਵਾਸੀਆਂ ਦਾ ਫੰਕਸ਼ਨ ਅਟੈਂਡ ਕਰਨ ਵਾਸਤੇ ਗਏ ਸੀ। ਮੈਂ ਸੁਖਬੀਰ ਸਿੰਘ ਜੀ ਨਾਲ ਗੱਲ ਕੀਤੀ। ਇਹ ਸੱਚੀ ਗੱਲ ਹੈ, ਸਹੀ ਗੱਲ ਬੋਲ ਰਿਹਾ ਹਾਂ। ਮੈਂ ਕਿਹਾ ਬਾਦਲ ਸਾਹਿਬ, ਇਕ ਬੇਨਤੀ ਹੈ। ਕਹਿਣ ਲੱਗੇ, ਦੱਸੋ? ਮੈਂ ਕਿਹਾ, ਪੰਜਾਬ ਦੀ ਇੰਡਸਟਰੀ ਤਬਾਹ ਹੋ ਗਈ। ਕਹਿਣ ਲੱਗੇ, ਕਿਵੇਂ ਠੀਕ ਹੋਵੇਗੀ? ਮੈਂ ਕਿਹਾ ਮੈਨੂੰ ਬਹੁਤਾ ਤਾਂ ਪਤਾ ਨਹੀਂ...

**ਸ਼੍ਰੀ ਸਭਾਪਤੀ :** ਤੁਸੀਂ ਸਮਾਪਤ ਕਰੋ ਜੀ।

**ਸਰਦਾਰ ਸਾਧੂ ਸਿੰਘ :** ਪਰ ਮੰਡੀ ਗੋਬਿੰਦਗੜ੍ਹ ਦੀ ਇੰਡਸਟਰੀ ਉੱਜੜ ਗਈ ਹੈ। ਉਨ੍ਹਾਂ ਦਾ ਜਵਾਬ ਪਤਾ ਕੀ ਸੀ?

**ਸ਼੍ਰੀ ਸਭਾਪਤੀ :** ਤੁਸੀਂ ਸਮਾਪਤ ਕਰੋ ਜੀ।

**ਸਰਦਾਰ ਸਾਧੂ ਸਿੰਘ :** ਉਨ੍ਹਾਂ ਦਾ ਜਵਾਬ ਇਹ ਸੀ, ਸਾਧੂ ਸਿੰਘ ਜੀ, ਮੰਡੀ ਗੋਬਿੰਦਗੜ੍ਹ ਦੇ ਲੋਕ ਟੈਕਸ ਦੀ ਬਹੁਤ ਚੋਰੀ ਕਰਦੇ ਹਨ। ਮੈਂ ਇਮਾਨਦਾਰੀ ਨਾਲ ਕਹਿੰਦਾ ਹਾਂ, ਮੈਂ ਉਨ੍ਹਾਂ ਨੂੰ ਕਿਹਾ, ਬਾਦਲ ਸਾਹਿਬ, ਮੰਡੀ ਗੋਬਿੰਦਗੜ੍ਹ ਵਿੱਚ

ਤਾਂ ਇੱਧਰੋਂ-ਉੱਧਰੋਂ ਕਰਕੇ ਹੀ ਇੰਡਸਟਰੀ ਬਚੇਗੀ। ਜੇ ਤੁਸੀਂ ਕਹੋ, ਤੁਸੀਂ ਮਾੜਾ-ਮੋਟਾ ਵੀ ਉਨ੍ਹਾਂ ਦੇ ਸਿਰ ਤੇ ਹੱਥ ਨਹੀਂ ਰੱਖਦੇ, ਕੋਈ ਨੱਟ ਢਿੱਲਾ ਨਹੀਂ ਕਰਦੇ ਤਾਂ ਇੰਡਸਟਰੀ ਉੱਜੜਨੀ ਹੀ ਉੱਜੜਨੀ ਹੈ। ਤੁਹਾਡੇ ਨਾਲ ਲਗਦੀ ਸਟੇਟ ਹਿਮਾਚਲ ਪ੍ਰਦੇਸ਼ ਵਿੱਚ 1000 ਰੁਪਏ ਸਸਤਾ ਮਾਲ ਪੈ ਰਿਹਾ ਹੈ, ਇਨ੍ਹਾਂ ਨੂੰ ਹਜ਼ਾਰ ਰੁਪਏ ਮਹਿੰਗਾ ਪੈ ਰਿਹਾ ਹੈ, ਇਹ ਕਿਵੇਂ ਕਾਮਯਾਬ ਹੋਣਗੇ? ਕੀ ਕਰੇਗੀ ਅਜਿਹੀ ਇਮਾਨਦਾਰੀ? ਕਿਵੇਂ ਨਹੀਂ ਇੰਡਸਟਰੀ ਉੱਜੜੇਗੀ। ਮੈਂ ਕਹਿੰਦਾ ਹਾਂ ਕਿ ਉਹ ਟੈਕਸ ਚੋਰੀ ਕਰਦੇ ਹਨ, ਮੈਂ ਟੈਕਸ ਚੋਰੀ ਕਰਨ ਨੂੰ ਅਲਾਓ ਨਹੀਂ ਕਰਦਾ.

**ਸ਼੍ਰੀ ਸਭਾਪਤੀ :** ਬੈਠੋ ਜੀ। ਹਾਂ ਜੀ, ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ।

**ਸਰਦਾਰ ਸਾਧੂ ਸਿੰਘ :** ਇਹ ਕਹਾਵਤ ਹੈ ਕਿ ਜੇ ਚੋਰੀ ਕਰਕੇ ਲੱਖ ਬਚਦੇ ਹਨ, ਜਮ੍ਹਾਂ ਕਰਾਉਣ ਨਾਲੋਂ ਲੱਖ ਰੁਪਿਆ ਬਚਿਆ ਹੈ, ਉਹ ਠੀਕ ਹੈ। ਪੰਜਾਬ ਨੂੰ ਕੁਝ ਦਿੰਦੇ ਹਨ।

**ਸ਼੍ਰੀ ਸਭਾਪਤੀ :** ਬੈਠੋ ਜੀ।

**ਸਰਦਾਰ ਸਾਧੂ ਸਿੰਘ :** ਚੇਅਰਮੈਨ ਸਾਹਿਬ, ਹਾਲੇ ਕੁਐਸਚਨ ਬਹੁਤ ਪਏ ਹਨ।

**ਸ਼੍ਰੀ ਸਭਾਪਤੀ :** ਸਮਾਂ ਨਹੀਂ ਹੈ ਜੀ।

**ਸਰਦਾਰ ਸਾਧੂ ਸਿੰਘ :** ਸਮਾਂ ਕਿਉਂ ਨਹੀਂ? ਸਾਡਾ ਸਮਾਂ ਹੈ ਜੀ।

**ਸ਼੍ਰੀ ਸਭਾਪਤੀ :** ਮੇਰੀ ਬੇਨਤੀ ਸੁਣੋ ਜੀ। 40 ਮਿੰਟ ਸਰਦਾਰ ਲਾਲ ਸਿੰਘ ਜੀ ਬੋਲ ਗਏ ਹਨ ਅਤੇ 40 ਮਿੰਟ ਤੁਸੀਂ ਬੋਲ ਲਏ ਹੋ। 1 ਘੰਟਾ 06 ਮਿੰਟ ਤੁਹਾਡਾ ਟਾਈਮ ਸੀ। ਸੋ, ਇਸ ਸਪੀਚ ਦੀ ਸਮਾਪਤੀ ਕਰੋ।

**ਸਰਦਾਰ ਸਾਧੂ ਸਿੰਘ :** ਮੈਂ ਜ਼ਿਮੀਂਦਾਰਾਂ ਦੀ ਗੱਲ ਕਰ ਰਿਹਾ ਹਾਂ। ਰਾਣਾ ਜੀ ਨੇ ਠੀਕ ਕਿਹਾ ਹੈ। ਅੱਜ ਯੂ.ਪੀ. ਦੀ ਸਰਕਾਰ ਨੇ ਕਿਸਾਨ ਨੂੰ ਮੰਦੀ ਕਾਰਨ ਆਪਣੇ ਖਜ਼ਾਨੇ ਵਿਚੋਂ ਗੰਨੇ ਦਾ 1000 ਰੁਪਿਆ ਪ੍ਰਤੀ ਕੁਇੰਟਲ ਦਿੱਤਾ ਹੈ। ਮੈਂ ਤੁਹਾਡੇ ਰਾਹੀਂ ਮੰਗ ਕਰਦਾ ਹਾਂ ਕਿ ਅੱਜ ਸਰਦਾਰ ਪਰਕਾਸ਼ ਸਿੰਘ ਬਾਦਲ ਕਿਸਾਨਾਂ ਦੇ ਅਲੰਬਰਦਾਰ ਹਨ, ਜੇਕਰ ਯੂ.ਪੀ. ਵਾਲੇ 1000 ਰੁਪਿਆ ਦੇ ਸਕਦੇ ਹਨ ਤਾਂ ਇਨ੍ਹਾਂ ਨੂੰ ਵੀ ਖੁਲ੍ਹੇ ਦਿਲ ਨਾਲ 100 ਰੁਪਿਆ ਪ੍ਰਤੀ ਕੁਇੰਟਲ

[ ਸਰਦਾਰ ਸਾਧੂ ਸਿੰਘ ]

ਪੰਜਾਬ ਦੇ ਕਿਸਾਨਾਂ ਨੂੰ ਦੇਣਾ ਚਾਹੀਦਾ ਹੈ।

**ਸ਼੍ਰੀ ਸਭਾਪਤੀ :** ਧਰਮਸੋਤ ਜੀ, ਬੈਠੋ। ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ਜੀ, ਤੁਸੀਂ ਬੋਲੋ।

**ਸਰਦਾਰ ਸਾਧੂ ਸਿੰਘ :** ਇਸ ਕਰਕੇ ਮੈਂ ਸਮਝਦਾ ਹਾਂ ਕਿ ਇਹ ਸਰਕਾਰ ਨਾ ਤਾਂ ਗਰੀਬ ਪੱਖੀ ਹੈ, ਨਾ ਇਹ ਕਿਸਾਨ ਪੱਖੀ ਹੈ, ਨਾ ਇਹ ਮੁਲਾਜ਼ਮ ਪੱਖੀ ਹੈ, ਨਾ ਇਹ ਜ਼ਿਮੀਂਦਾਰ ਪੱਖੀ ਹੈ। ਸ਼ਹਿਰੀਆਂ ਨਾਲ ਕੋਝਾ ਮਜ਼ਾਕ ਕੀਤਾ ਗਿਆ ਹੈ। ਐਵੇਂ ਹਵਾ ਵਿੱਚ ਗੱਲਾਂ ਕੀਤੀਆਂ ਗਈਆਂ ਹਨ, ਹਵਾ ਵਿੱਚ ਡਾਂਗਾਂ ਮਾਰੀਆਂ ਹੋਈਆਂ ਹਨ, ਇਨ੍ਹਾਂ ਦੇ ਅੱਲੇ-ਪੱਲੇ ਕੱਖ ਨਹੀਂ। ਬਤੌਰ ਭਰਾ ਤਾਂ ਮੈਂ ਇਨ੍ਹਾਂ ਨੂੰ (ਵਿੱਤ ਮੰਤਰੀ ਵੱਲ ਇਸ਼ਾਰਾ) ਪਿਆਰ ਕਰਦਾ ਹਾਂ ਪਰ ਜਦੋਂ ਬਜਟ ਦੀ ਗੱਲ ਆਉਂਦੀ ਹੈ, ਜਿਵੇਂ ਕਿਸੇ ਨੇ ਕਿਹਾ ਸੀ, ਤੇਰੇ ਤੇ ਤਰਸ ਵੀ ਆਉਂਦਾ ਹੈ, ਤੇਰੇ ਤੇ ਗੁੱਸਾ ਵੀ ਆਉਂਦਾ ਹੈ। ਤਰਸ ਇਸ ਕਰਕੇ ਆਉਂਦਾ ਹੈ ਕਿਉਂਕਿ ਇਨ੍ਹਾਂ ਦੇ ਭਾਂਡੇ ਵਿੱਚ ਕੱਖ ਨਹੀਂ ਹੈ ਅਤੇ ਗੁੱਸਾ ਇਸ ਕਰਕੇ ਆਉਂਦਾ ਹੈ ਕਿ ਜਿਹੜੀ ਸਰਕਾਰ ਵਿੱਚ ਇਹ ਬੈਠੇ ਹਨ ਉਹ ਇਨ੍ਹਾਂ ਦੀ ਵਾਹ ਨਹੀਂ ਚੱਲਣ ਦਿੰਦੇ।

**ਸ਼੍ਰੀ ਸਭਾਪਤੀ :** ਤੁਸੀਂ ਬੈਠੋ ਜੀ।

**ਸਰਦਾਰ ਸਾਧੂ ਸਿੰਘ :** ਇਸ ਕਰਕੇ ਮੈਂ ਇਸ ਬਜਟ ਨੂੰ ਬਿਲਕੁਲ ਰਿਜੈਕਟ ਕਰਦਾ ਹਾਂ। ਇਹ ਨਕਾਰਾ ਬਜਟ ਹੈ ਅਤੇ ਅੱਜ ਤੱਕ ਦਾ ਸਭ ਤੋਂ ਮਾੜਾ ਬਜਟ ਹੈ। (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਵੱਲੋਂ ਥੰਪਿੰਗ।)

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ (ਨਕੋਦਰ) :** ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਸਰਦਾਰ ਪਰਮਿੰਦਰ ਸਿੰਘ ਢੀਂਡਸਾ ਜੀ ਵੱਲੋਂ ਜਿਹੜਾ ਚੌਥਾ ਬਜਟ ਪੇਸ਼ ਕੀਤਾ ਗਿਆ ਹੈ, ਉਸ ਤੇ ਬੋਲਣ ਦਾ ਸਮਾਂ ਦਿੱਤਾ ਹੈ। ਪੰਜਾਬ ਦੇ ਬਹੁਤ ਹੀ ਲਾਇਕ, ਮਿੱਠ-ਬੋਲੜੇ ਅਤੇ ਅਗਾਂਹ-ਵਧੂ ਸੋਚ ਰੱਖਣ ਵਾਲੇ ਵਿੱਤ ਮੰਤਰੀ, ਸਰਦਾਰ ਪਰਮਿੰਦਰ ਸਿੰਘ ਢੀਂਡਸਾ ਜੀ ਨੇ ਇਕ ਬਹੁਤ ਹੀ ਵਧੀਆ, ਗ੍ਰੋਥ ਓਰੀਐਂਟਿਡ ਅਤੇ ਸਾਰੇ ਵਰਗਾਂ ਦੇ ਭਲੇ ਵਾਸਤੇ ਚੌਥਾ ਬਜਟ ਪੰਜਾਬ ਦੀ ਅਸੈਂਬਲੀ ਵਿੱਚ ਪੇਸ਼ ਕੀਤਾ ਹੈ। ਅਸੀਂ ਸਾਰਾ ਸਦਨ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦੀ ਅਗਵਾਈ ਵਿੱਚ ਅਤੇ ਸਰਦਾਰ ਸੁਖਬੀਰ ਸਿੰਘ ਬਾਦਲ ਜੀ ਦੇ ਦਿਸ਼ਾ ਨਿਰਦੇਸ਼ ਵਿੱਚ ਸਰਦਾਰ ਪਰਮਿੰਦਰ ਸਿੰਘ ਢੀਂਡਸਾ ਜੀ ਦਾ

ਬਹੁਤ ਧੰਨਵਾਦ ਕਰਦੇ ਹਾਂ। ਆਪਣੀ ਸਰਕਾਰ ਦਾ ਬਜਟ ਸੂਬੇ ਦੀ ਤਰੱਕੀ, ਆਰਥਿਕ ਸੁਧਾਰ ਤੇ ਵਿਕਾਸ, ਵਿੱਤੀ ਹਾਲਾਤਾਂ ਦੀ ਮਜ਼ਬੂਤੀ, ਕਰਜ਼ੇ ਨੂੰ ਘਟਾਉਣਾ, ਘਾਟੇ ਨੂੰ ਸੀਮਤ ਰੱਖਣ ਵਿੱਚ ਦਿਸ਼ਾ-ਬੱਧ ਹੁੰਦਾ ਹੈ। ਉਦਯੋਗਿਕ ਵਿਕਾਸ, ਖੇਤੀਬਾੜੀ ਦੀ ਖੜੋਤ ਨੂੰ ਦੂਰ ਕਰਨਾ, ਖੇਤੀ ਵਿੱਚ ਡਾਈਵਰਸੀਫਿਕੇਸ਼ਨ ਲਿਆਉਣੀ ਅਤੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਸਾਧਨ ਪ੍ਰਦਾਨ ਕਰਨੇ, ਗਰੀਬ ਅਤੇ ਮਿਹਨਤਕਸ਼ ਲੋਕਾਂ ਵਾਸਤੇ ਭਲੇ ਦੀਆਂ ਸਕੀਮਾਂ ਲਿਆਉਣੀਆਂ, ਇਸ ਬਜਟ ਦਾ ਮੁੱਖ ਮੰਤਵ ਹੈ। ਚੇਅਰਮੈਨ ਸਾਹਿਬ, ਪੰਜਾਬੀਆਂ ਨੇ ਸਦਾ ਹੀ ਸਰਬੱਤ ਦੇ ਭਲੇ ਦੀ ਗੱਲ ਆਖੀ ਹੈ। ਮਾਨਵਤਾ ਦੀ ਸੇਵਾ ਨੂੰ ਮੁੱਖ ਰੱਖਦੇ ਹੋਏ ਸਮੁੱਚੇ ਵਰਗਾਂ ਦੇ ਵਿਕਾਸ ਵਾਸਤੇ ਆਪਣੀ ਸਰਕਾਰ ਵਚਨਬੱਧ ਹੈ। ਸਰਕਾਰ ਦੀ ਦੂਰਅੰਦੇਸ਼ੀ ਸਦਕਾ ਸਮੇਂ ਦੀ ਲੋੜ ਨੂੰ ਮੁੱਖ ਰੱਖਦੇ ਹੋਏ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਤੇ ਡਿਪਟੀ.ਸੀ.ਐਮ., ਸਰਦਾਰ ਸੁਖਬੀਰ ਸਿੰਘ ਬਾਦਲ ਜੀ ਨੇ ਈ-ਗਵਰਨੈਂਸ ਸਿਸਟਮ ਵੱਲ ਬਹੁਤ ਵੱਡੇ ਕਦਮ ਚੁੱਕੇ ਹਨ ਜੋ ਕਿ ਆਪਾਂ ਨੂੰ ਬਜਟ ਵਿੱਚ ਦਿਸ ਰਹੇ ਹਨ। ਢੀਂਡਸਾ ਸਾਹਿਬ ਨੇ ਲੋਕਾਂ ਦੇ ਦਰਾਂ ਤੇ ਬੂਹਿਆਂ ਤੱਕ ਦੀ ਸੋਚ ਲੈ ਕੇ 2174 ਸੇਵਾ ਕੇਂਦਰ ਖੋਲ੍ਹਣ ਦਾ ਐਲਾਨ ਕੀਤਾ ਹੈ।

ਚੇਅਰਮੈਨ ਸਾਹਿਬ, ਮੇਰੇ ਸਾਥੀ ਗੱਲਾਂ ਤਾਂ ਬਹੁਤ ਕਰਦੇ ਹਨ ਪਰ ਕਈ ਵਾਰੀ ਬੜਾ ਅਫਸੋਸ ਤੇ ਹਿਰਖ ਆਉਂਦਾ ਹੈ। ਆਪਾਂ ਜਿਸ ਜੈਨਰੇਸ਼ਨ ਵਿੱਚ ਜਨਮੇ ਹਾਂ, ਆਪਣੇ ਆਪ ਨੂੰ ਬੜਾ ਖੁਸ਼ ਕਿਸਮਤ ਸਮਝਦੇ ਹਾਂ ਕਿ ਹੁਣ ਸਾਧਨ ਵੀ ਹਨ, ਤਕਨਾਲੋਜੀ ਵੀ ਹੈ। ਕਿਸੇ ਗੱਲ ਦੀ ਘਾਟ ਨਹੀਂ। ਆਪਣੇ ਬਜ਼ੁਰਗਾਂ ਨੇ ਬੜੇ ਔਖੇ ਸਮੇਂ ਦੇਖੇ, ਬੜੀ ਮਿਹਨਤ ਕਰਕੇ ਪੰਜਾਬ ਨੂੰ ਤੇ ਆਪਣੇ ਪਰਿਵਾਰਾਂ ਨੂੰ ਇਸ ਮੁਕਾਮ ਤੇ ਲੈ ਕੇ ਆਂਦਾ ਹੈ। ਲੇਕਿਨ ਜੇਕਰ 68 ਸਾਲ ਦੀ ਅਜ਼ਾਦੀ ਦਾ ਲੇਖਾ ਜੋਖਾ ਕਰੀਏ, ਅੱਜ ਆਪਾਂ ਕਈ ਗੱਲਾਂ ਤਾਂ ਸ਼ੁਗਲ ਨਾਲ ਵੀ ਕਰਦੇ ਹਾਂ। 68 ਸਾਲ ਪਹਿਲਾਂ ਹਿੰਦੁਸਤਾਨ ਨੂੰ ਸੋਨੇ ਦੀ ਚਿੜੀ ਆਖਿਆ ਜਾਂਦਾ ਸੀ। ਜਦੋਂ ਇੰਗਲਿਸ਼ਸਤਾਨ ਦੇ ਬ੍ਰਿਟਿਸ਼ ਇਥੋਂ ਗਏ, ਉਹ ਜਹਾਜ਼ਾਂ ਦੇ ਜਹਾਜ਼ ਭਰ ਕੇ ਇੰਡੀਆ ਵਿਚੋਂ ਲੈ ਕੇ ਗਏ। ਸਾਡੇ ਦੇਸ਼ ਵਿੱਚ ਪਹਿਲਾਂ ਬਹੁਤ ਸ਼ਕਤੀ ਸੀ, ਬੜਾ ਦਮ ਸੀ, ਆਪਾਂ ਫਿਰ ਗਰੀਬ ਤੇ ਲਚਾਰ ਕਿਉਂ ਹੋ ਗਏ? ਇੰਨੀ ਅਨਪੜ੍ਹਤਾ ਤੇ ਬੇਰੁਜ਼ਗਾਰੀ ਕਿਉਂ ਹੋਈ? ਕਿਉਂ ਆਪਾਂ ਨੂੰ ਇਨ੍ਹਾਂ ਹਾਲਤਾਂ ਦਾ ਸਾਹਮਣਾ ਕਰਨਾ ਪਿਆ? ਅੱਜ ਬੜੇ ਦੁੱਖ ਤੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਲੋਕ ਇਸ ਰਾਜ ਪ੍ਰਬੰਧ ਤੋਂ ਆਪਣੀਆਂ ਆਸਾਂ ਖੋ ਬੈਠੇ ਹਨ। ਅੱਜ ਕਿਉਂ ਸਰਕਾਰ ਨੂੰ ਲੋਕਾਂ ਦੇ ਦਰਬਾਰ ਤੱਕ ਜਾਣਾ ਪੈਂਦਾ ਹੈ? ਇਸ ਕਰਕੇ ਕਿ ਲੋਕਾਂ ਦੀਆਂ ਆਸਾਂ ਪੂਰੀਆਂ

[ ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ]

ਨਹੀਂ ਹੋ ਸਕੀਆਂ । ਜਨਤਾ ਪ੍ਰਤੀ ਆਪਣਾ ਵਿਕਾਸ ਤੇ ਆਪਣੇ ਸੰਕਲਪ ਨੂੰ ਪੂਰਾ ਕਰਦੇ ਹੋਏ ਸਰਕਾਰ ਨੇ ਇਹ ਸੇਵਾ ਕੇਂਦਰ ਬਣਾਉਣ ਦਾ ਮਨ ਬਣਾਇਆ। ਚੇਅਰਮੈਨ ਸਾਹਿਬ, ਮੈਂ, ਸੀ.ਐਮ. ਸਾਹਿਬ ਤੇ ਡਿਪਟੀ. ਸੀ.ਐਮ.ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਹ ਬਹੁਤ ਜ਼ਰੂਰੀ ਹੈ ਕਿ ਅੱਜ ਦੇ ਸਮੇਂ ਵਿੱਚ ਜਿੰਨੇ ਵੀ ਹੋ ਸਕਣ ਸੇਵਾ ਕੇਂਦਰ ਖੋਲ੍ਹਣੇ ਹਨ। ਮੈਂ, ਵਿੱਤ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਵਿੱਚ ਪੰਜਾਬ ਦੇ ਨੌਜਵਾਨ ਹੀ ਭਰਤੀ ਕੀਤੇ ਜਾਣ, ਚਾਹੇ ਆਪਾਂ ਆਊਟਸੋਰਸਿੰਗ ਰਾਹੀਂ ਭਰਤੀ ਕਰਨੀ ਹੈ। ਜਿਹੜੀ ਵੀ ਕੰਪਨੀ ਨੂੰ ਆਪਾਂ ਨੇ ਇਨ੍ਹਾਂ ਸੇਵਾ ਕੇਂਦਰਾਂ ਦਾ ਕੰਮ ਦੇਣਾ ਹੈ, ਉਥੇ ਪੰਜਾਬ ਦੇ ਬੱਚਿਆਂ ਨੂੰ ਰੁਜ਼ਗਾਰ ਮਿਲਣਾ ਚਾਹੀਦਾ ਹੈ।

ਖੇਤੀਬਾੜੀ ਬਾਰੇ ਬਹੁਤ ਸਾਰੀਆਂ ਗੱਲਾਂ ਹੋਈਆਂ। ਬੜਾ ਕੁਝ ਕਿਹਾ ਗਿਆ। ਜਾਖੜ ਸਾਹਿਬ ਬੜੇ ਸਫ਼ਲ ਕਿਸਾਨ ਹਨ ਅਤੇ ਬੜੀ ਜਾਣਕਾਰੀ ਰੱਖਦੇ ਹਨ। ਖੇਤੀਬਾੜੀ ਪੰਜਾਬ ਦੀ ਆਰਥਿਕਤਾ ਦਾ ਬਹੁਤ ਵੱਡਾ ਧੁਰਾ ਤੇ ਬੇਸ ਹੈ। ਪੰਜਾਬ ਦੇ ਕਿਸਾਨਾਂ ਨੇ ਮਿਹਨਤ ਨਾਲ ਦੇਸ਼ ਦੇ ਕਿਸਾਨਾਂ ਦੇ ਅੰਨ ਦੇ ਭੰਡਾਰ ਭਰੇ ਹਨ, ਭੁੱਖਮਰੀ ਦੂਰ ਕੀਤੀ ਤੇ ਦੇਸ਼ ਨੂੰ ਅੰਨ ਦੇ ਖੇਤਰ ਵਿਚ ਸਵੈ ਨਿਰਭਰ ਬਣਾਇਆ ਹੈ। ਇਹ ਪੰਜਾਬ ਦੇ ਕਿਸਾਨਾਂ ਸਿਰ ਸਿਹਰਾ ਜਾਂਦਾ ਹੈ। ਅੱਜ ਪੰਜਾਬ ਦੀ ਸੋਨੇ ਵਰਗੀ ਧਰਤੀ ਅਤੇ ਸ਼ਰਬਤ ਵਰਗਾ ਪਾਣੀ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਅੱਜ ਸਾਡੀ ਧਰਤੀ ਵੀ ਕੈਮੀਕਲਜ਼ ਤੇ ਪੈਸਟੀਸਾਈਡਜ਼ ਕਾਰਨ ਪੋਲਿਊਟ ਹੋ ਗਈ ਹੈ, ਪਾਣੀ ਵੀ ਪੀਣਯੋਗ ਨਹੀਂ ਰਿਹਾ। ਲੇਕਿਨ ਖੇਤੀ ਨੂੰ ਸਸਟੇਨ ਕਰਨ ਵਾਸਤੇ ਪੰਜਾਬ ਦੇ ਕਿਸਾਨਾਂ ਨੇ ਖਾਦਾਂ ਅਤੇ ਦਵਾਈਆਂ ਦੀ ਵਰਤੋਂ ਨਾਲ ਕਣਕ ਝੋਨਾ ਤੇ ਹੋਰ ਫਸਲਾਂ ਪੈਦਾ ਕਰਕੇ ਆਪਣੀ ਧਰਤੀ ਮਾਂ ਨੂੰ ਖਤਰੇ ਦੇ ਕਿਨਾਰੇ ਤੇ ਲਿਆ ਕੇ ਖੜ੍ਹਾ ਕਰ ਦਿੱਤਾ ਹੈ। ਇਹ ਸਮੱਸਿਆ ਇਸ ਵੇਲੇ ਬਹੁਤ ਗੰਭੀਰ ਹੈ। ਬਾਦਲ ਸਾਹਿਬ ਜਿਹੜੇ ਕਿ ਇਥੇ ਬੈਠੇ ਨਹੀਂ ਹਨ। ਸੀ.ਐਮ. ਸਾਹਿਬ ਨੇ ਪਹਿਲ ਕਰਕੇ ਇਥੇ ਐਗਰੀਕਲਚਰ ਸੁਮਿਟ ਕਰਵਾਇਆ ਹੈ। ਐਗਰੀਕਲਚਰ ਸੁਮਿਟ ਦੀ ਜੋ ਦਿਸ਼ਾ ਸੀ, ਜੋ ਗੱਲ ਕਰਦੇ ਹਨ, ਉਹ ਡਾਈਵਰਸੀਫਿਕੇਸ਼ਨ ਦੀ ਸੀ। ਐਗਰੀਕਲਚਰ ਨੂੰ ਕਿਵੇਂ ਡਾਈਵਰਸੀਫਾਈ ਕਰਨਾ, ਇਸ ਬਾਰੇ ਮੁੱਖ ਮੰਤਰੀ ਸਾਹਿਬ ਨੇ ਇਹ ਸਮਿਟ ਕਰਵਾਇਆ ਹੈ। ਇਹ ਬੜਾ ਸਕਸੈਸਫੁੱਲ ਰਿਹਾ। ਸੈਂਟਰ ਗੌਰਮਿੰਟ ਨੇ ਵੀ ਪੰਜਾਬ ਦੀ ਵੱਖਰੀਆਂ ਵੱਖਰੀਆਂ ਸਕੀਮਾਂ ਰਾਹੀਂ ਮਦਦ ਕੀਤੀ ਹੈ। ਆਪਾਂ ਕਈ ਵਾਰੀ ਸਰਦਾਰ

ਮਨਮੋਹਨ ਸਿੰਘ ਜੀ ਦੀ ਅਤੇ ਸ਼੍ਰੀ ਨਰਿੰਦਰ ਮੋਦੀ ਜੀ ਦੀ ਗੱਲ ਕਰਦੇ ਹਾਂ। ਆਪਾਂ ਤਾਂ ਕਹਾਂਗੇ ਕਿ ਸਰਦਾਰ ਮਨਮੋਹਨ ਸਿੰਘ ਹੁਰਾਂ ਨੇ ਵੀ ਪੰਜਾਬ ਲਈ ਕਾਫੀ ਚੰਗੇ ਕੰਮ ਕੀਤੇ, ਕੋਈ ਐਸੀ ਗੱਲ ਨਹੀਂ। ਉਸ ਗੱਲ ਤੋਂ ਆਪਾਂ ਇਨਕਾਰ ਨਹੀਂ ਕਰ ਸਕਦੇ। ਉਹ ਪੰਜਾਬੀ ਸਨ। ਉਨ੍ਹਾਂ ਦਾ ਦਿਲ ਪੰਜਾਬ ਵਿੱਚ ਵਸਦਾ ਸੀ। ਲੇਕਿਨ ਐਨ.ਡੀ.ਏ. ਗੌਰਮਿੰਟ ਦੀ ਤਾਂ ਅਜੇ ਸ਼ੁਰੂਆਤ ਹੀ ਹੋਈ ਹੈ, ਲੇਕਿਨ ਇਸ ਦੇ ਬਾਵਜੂਦ ਐਨ.ਡੀ.ਏ. ਗੌਰਮਿੰਟ ਨੇ ਪੰਜਾਬ ਨੂੰ ਪੋਸਟ ਗ੍ਰੈਜੂਏਟ ਹਾਰਟੀਕਲਚਰ ਰਿਸਰਚ ਐਂਡ ਐਜੂਕੇਸ਼ਨਲ ਇੰਸਟੀਚਿਊਟ ਮਨਜ਼ੂਰ ਕੀਤਾ ਹੈ ਜਿਸ ਨਾਲ ਇਹ ਇੰਸਟੀਚਿਊਟ ਕਿਸਾਨਾਂ ਵਾਸਤੇ ਬਹੁਤ ਵੱਡਾ ਵਰਦਾਨ ਸਾਬਤ ਹੋਵੇਗਾ ਜਿਹੜਾ ਕਿ ਬਾਗਬਾਨੀ ਤੇ ਐਗਰੀਕਲਚਰ ਦੀ ਡਾਈਵਰਸੀਫਿਕੇਸ਼ਨ ਲਈ ਬਹੁਤ ਵੱਡਾ ਮਾਈਲ ਸਟੋਨ ਹੋਵੇਗਾ। ਫਲਾਂ ਦੀ ਕਾਸ਼ਤ ਕਰਨ ਵਾਸਤੇ ਐਗਰੀਕਲਚਰ ਨੂੰ ਡਾਈਵਰਸੀਫਾਈ ਕਰਨ ਲਈ ਢੀਂਡਸਾ ਸਾਹਿਬ ਨੇ ਹਾਰਟੀਕਲਚਰ ਡਿਵੈਲਪਮੈਂਟ ਬੋਰਡ ਦੀ ਸਥਾਪਨਾ ਬਾਰੇ ਆਪਾਂ ਨੂੰ ਦੱਸਿਆ ਹੈ। ਸਬਜ਼ੀਆਂ ਲਈ Centre for excellence in vegetables in collaboration with Government of Israel, ਬਾਦਲ ਸਾਹਿਬ ਨੇ ਜਲੰਧਰ ਵਿਖੇ ਖੋਲ੍ਹਿਆ ਹੈ। ਅੱਜ ਸੇਖੜੀ ਜੀ ਦਾ ਖੇਤੀਬਾੜੀ ਦੀ ਡਾਈਵਰਸੀਫਿਕੇਸ਼ਨ ਬਾਰੇ ਸਵਾਲ ਵੀ ਲੱਗਿਆ ਸੀ। ਮੈਂ ਸਮਝਦਾ ਹਾਂ ਕਿ ਜੇਕਰ ਸਬਜ਼ੀਆਂ ਦਾ ਸੈਂਟਰ ਆਫ ਐਕਸੀਲੈਂਸ ਆ ਗਿਆ, ਪਟੈਟੋ ਦਾ ਸੈਂਟਰ ਆਫ ਐਕਸੀਲੈਂਸ ਆ ਗਿਆ, ਹਾਰਟੀਕਲਚਰ ਵਾਸਤੇ ਪੋਸਟ ਗਰੈਜੂਏਟ ਰਿਸਰਚ ਇੰਸਟੀਚਿਊਟ ਆ ਗਿਆ ਤਾਂ this is directed towards crop diversification. ਮੈਂ ਸਮਝਦਾ ਹਾਂ ਕਿ ਸਬਜ਼ੀਆਂ ਦੀ ਕਾਸ਼ਤ ਨਾਲ ਕਿਸਾਨਾਂ ਨੂੰ ਬਹੁਤ ਲਾਭ ਮਿਲ ਸਕਦਾ ਹੈ ਕਿਉਂਕਿ ਵੈਜੀਟੇਬਲਜ਼ ਨੂੰ ਅਸੀਂ ਕੈਸ਼ ਕਰਾਪ ਕਹਿੰਦੇ ਹਾਂ। ਪਿਛੇ ਜਿਹੇ ਸਾਡੇ ਮੈਂਬਰ ਸਿੱਕੀ ਜੀ ਨੇ ਗੱਲ ਕੀਤੀ ਸੀ ਕਿ ਪੰਜਾਬ ਵਿਚ ਬਹੁਤ ਸਾਰੇ ਜ਼ਿਲ੍ਹੇ ਆਲੂਆਂ ਦੀ ਕਾਸ਼ਤ ਕਰਦੇ ਹਨ, ਮੇਰੇ ਹਲਕੇ ਵਿਚ ਵੀ ਆਲੂਆਂ ਦਾ ਬੀਜ ਉਗਾਇਆ ਜਾਂਦਾ ਹੈ ਅਤੇ ਸਾਰੇ ਦੇਸ਼ ਨੂੰ ਸਪਲਾਈ ਕੀਤਾ ਜਾਂਦਾ ਹੈ। ਮੈਂ ਸੀ.ਐਮ. ਸਾਹਿਬ ਦਾ ਬਹੁਤ ਬਹੁਤ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਆਲੂਆਂ ਦੀ ਪੈਦਾਵਾਰ ਨੂੰ ਮਾਡਰਨ ਅਤੇ ਵਿਗਿਆਨਕ ਤਰੀਕੇ ਨਾਲ ਇਸ ਪ੍ਰਾਸੈਸ ਨੂੰ ਹੋਰ ਵਧੀਆ ਬਣਾਉਣ ਵਾਸਤੇ ਜਲੰਧਰ ਵਿਚ ਹਾਲੈਂਡ ਦੀ ਕੋਲੈਬੋਰੇਸ਼ਨ ਨਾਲ ਪਟੈਟੋ ਦਾ ਸੈਂਟਰ ਆਫ ਐਕਸੀਲੈਂਸ ਖੋਲ੍ਹਿਆ ਹੈ। ਇਸ ਨਾਲ ਪਟੈਟੋ ਦੀ ਮਾਰਕਿਟਿੰਗ ਨੂੰ ਬਹੁਤ ਵੱਡਾ ਬੂਸਟ ਮਿਲੇਗਾ।ਸਾਡੇ ਮੈਂਬਰ ਸਿੱਕੀ ਜੀ ਨੇ

[ ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ]

ਮਾਨਯੋਗ ਸੀ.ਐਮ. ਸਾਹਿਬ ਦੇ ਧਿਆਨ ਵਿਚ ਲਿਆਂਦਾ ਸੀ ਕਿ ਆਲੂਆਂ ਵਾਸਤੇ ਇਕ ਸੀਡ ਸਰਟੀਫਿਕੇਸ਼ਨ ਅਥਾਰਿਟੀ ਹੋਣੀ ਚਾਹੀਦੀ ਹੈ। ਇਥੇ ਸੀ.ਐਮ. ਸਾਹਿਬ ਬੈਠੇ ਨਹੀਂ ਹਨ, ਮੈਂ ਵਿੱਤ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਇਹ ਬਹੁਤ ਛੋਟਾ ਜਿਹਾ ਮਸਲਾ ਹੈ। ਜੇਕਰ ਉਹ ਆਲੂਆਂ ਵਾਸਤੇ ਸੀਡ ਸਰਟੀਫਿਕੇਸ਼ਨ ਅਥਾਰਿਟੀ ਪੰਜਾਬ ਵਿਚ ਖੋਲ੍ਹ ਦੇਣ ਤਾਂ ਇਸ ਨਾਲ ਆਲੂਆਂ ਦੀ ਕਾਸ਼ਤ ਕਰਨ ਵਾਲੇ ਕਿਸਾਨਾਂ ਨੂੰ ਬਹੁਤ ਜ਼ਿਆਦਾ ਲਾਭ ਹੋ ਸਕਦਾ ਹੈ। ਇਸ ਨਾਲ ਆਲੂਆਂ ਦੇ ਬੀਜ ਵਿਚ ਸ਼ੁੱਧਤਾ ਵੀ ਆਵੇਗੀ। ਇਥੇ ਬੜੀ ਵਾਰੀ ਮਸਲਾ ਉਠਿਆ ਹੈ ਕਿ ਜਿਹੜੇ ਗੰਨੇ ਦੇ ਕਾਸ਼ਤਕਾਰ ਹਨ ਉਨ੍ਹਾਂ ਨੂੰ ਪੈਸਾ ਨਹੀਂ ਮਿਲਦਾ ਅਤੇ ਖੰਡ ਦੀ ਕੀਮਤ ਘੱਟ ਜਾਂਦੀ ਹੈ ਅਤੇ ਮਿੱਲਾਂ ਉਨ੍ਹਾਂ ਨੂੰ ਪੈਸੇ ਨਹੀਂ ਦੇ ਸਕਦੀਆਂ। ਸੋ, ਇਸ ਵਾਰੀ it is very big initiative on the part of Finance Minister ਕਿ ਉਨ੍ਹਾਂ ਨੇ 600 ਕਰੋੜ ਰੁਪਿਆ ਗੰਨੇ ਦੇ ਕਾਸ਼ਤਕਾਰ ਕਿਸਾਨਾਂ ਵਾਸਤੇ ਇਸ ਬਜਟ ਵਿਚ ਰੱਖਿਆ ਹੈ। ਇਹ ਗੰਨੇ ਦੇ ਕਾਸ਼ਤਕਾਰ ਕਿਸਾਨਾਂ ਅਤੇ ਕੋਆਪਰੇਟਿਵ ਮਿੱਲਾਂ ਦੀ ਬਹੁਤ ਵੱਡੀ ਮਦਦ ਹੈ। ਇਸ ਨਾਲ ਸ਼ੂਗਰ ਮਿੱਲਾਂ ਵੀ ਘਾਟੇ ਵਿਚੋਂ ਨਿਕਲਣਗੀਆਂ। ਇਸ ਲਈ ਮੈਂ ਸੀ.ਐਮ. ਸਾਹਿਬ ਅਤੇ ਵਿੱਤ ਮੰਤਰੀ ਜੀ ਦਾ ਬਹੁਤ ਧੰਨਵਾਦ ਕਰਦਾ ਹਾਂ। ਪੰਜਾਬ ਵਿਚ ਖਾਦਾਂ ਅਤੇ ਦਵਾਈਆਂ ਦੀ ਵੱਧ ਰਹੀ ਵਰਤੋਂ ਕਾਰਨ ਫੂਡ ਚੇਨ ਵਿਚ ਕੈਮੀਕਲਜ਼ ਪਾਏ ਜਾਂਦੇ ਹਨ। ਆਰਗੈਨਿਕ ਅਤੇ ਕੁਦਰਤੀ ਖਾਣ ਵਾਲੀਆਂ ਚੀਜ਼ਾਂ ਦੀ ਕੀਮਤ ਜ਼ਿਆਦਾ ਹੈ। ਮੈਂ ਵਿੱਤ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਪੀ.ਏ.ਯੂ. ਦੇ ਵਿਗਿਆਨੀਆਂ ਨੂੰ ਇਹ ਆਖਿਆ ਜਾਵੇ ਕਿ ਆਰਗੈਨਿਕ ਫਾਰਮਿੰਗ ਉਤੇ ਰਿਸਰਚ ਕਰਨੀ ਬਹੁਤ ਜ਼ਰੂਰੀ ਹੈ। ਇਸ ਵਾਸਤੇ ਸਪੈਸ਼ਲ ਫੰਡਿੰਗ ਵੀ ਕੀਤੀ ਜਾਵੇ। ਅਸੀਂ ਜਦੋਂ ਬਾਹਰਲੇ ਦੇਸ਼ਾਂ ਵਿਚ ਜਾਂਦੇ ਹਾਂ ਤਾਂ ਉਥੇ ਨੈਚੂਰਲ ਫੂਡ ਆਊਟਲੈਟਸ ਹਨ। ਸਾਰੇ ਲੋਕ ਉਨ੍ਹਾਂ ਨੂੰ ਪ੍ਰੈਫਰ ਕਰਦੇ ਹਨ। ਪਿਛੇ ਜਿਹੇ ਸੀ.ਐਮ. ਸਾਹਿਬ ਐਗਰੀਕਲਚਰ ਵਿਚ ਡਾਈਵਰਸੀਫਿਕੇਸ਼ਨ ਸਬੰਧੀ ਚਾਈਨਾ ਗਏ ਸੀ ਅਤੇ ਫਿਸ਼ਰੀਜ਼ ਦੇ ਧੰਦੇ ਨੂੰ ਪਰਮੋਟ ਕਰਨ ਲਈ ਸੀ.ਐਮ. ਸਾਹਿਬ ਨੇ ਬਹੁਤ ਵੱਡਾ ਉਪਰਾਲਾ ਕੀਤਾ ਹੈ। ਅੱਜ ਕਿਸਾਨਾਂ ਨੂੰ ਆਪਣੀ ਖੇਤੀਬਾੜੀ ਡਾਈਵਰਸੀਫਾਈ ਕਰਨ ਲਈ ਫਿਸ਼ਰੀ, ਡੇਅਰੀ, ਪੋਲਟਰੀ ਅਤੇ ਪਿਗਰੀ ਦੇ ਸਹਾਇਕ ਧੰਦਿਆਂ ਨੂੰ ਅਪਣਾਉਣ ਦੀ ਲੋੜ ਹੈ ਜਿਸ ਨਾਲ ਅਸੀਂ ਕਣਕ ਅਤੇ ਝੋਨੇ ਦੇ ਫਸਲੀ ਚੱਕਰ ਤੋਂ ਨਿਕਲ ਸਕੀਏ। ਜਾਖੜ ਸਾਹਿਬ ਨੇ ਫਸਲਾਂ ਦੀ ਐਮ.ਐਸ.ਪੀ. ਦੀ ਗੱਲ ਬਹੁਤ ਵਾਰੀ ਦੁਹਰਾਈ ਹੈ। ਸਰਦਾਰ ਲਾਲ ਸਿੰਘ ਜੀ

ਵੀ ਸ਼ਾਂਤਾ ਕੁਮਾਰ ਕਮੇਟੀ ਦੀ ਗੱਲ ਕਰ ਰਹੇ ਸੀ ਪਰ ਚੇਅਰਮੈਨ ਸਾਹਿਬ, ਸਾਡੇ ਸੀ.ਐਮ. ਸਾਹਿਬ ਨੇ ਹਾਊਸ ਵਿਚ ਆਖਿਆ ਸੀ ਕਿ ਜੇਕਰ ਐਮ.ਐਸ.ਪੀ. ਨੂੰ ਬੰਦ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਇਕੱਲੇ ਪੰਜਾਬ ਲਈ ਹੀ ਨਹੀਂ ਬਲਕਿ ਪੂਰੇ ਦੇਸ਼ ਲਈ ਇਸ ਦੇ ਗੰਭੀਰ ਸਿੱਟੇ ਨਿਕਲਣਗੇ ਅਤੇ ਇਹ ਬਹੁਤ ਖਤਰੇ ਵਾਲੀ ਘੰਟੀ ਹੈ ਪਰ ਮੈਂ ਸਮਝਦਾ ਹਾਂ ਕਿ ਕੇਂਦਰ ਸਰਕਾਰ ਅਜਿਹਾ ਕੋਈ ਕਦਮ ਨਹੀਂ ਚੁੱਕੇਗੀ। ਇੰਡਸਟਰੀ ਬਾਰੇ ਵੀ ਬਹੁਤ ਗੱਲਾਂ ਕੀਤੀਆਂ ਗਈਆਂ ਹਨ। ਇੰਡਸਟਰੀਲਾਈਜ਼ੇਸ਼ਨ ਨਾਲ ਸਮਾਜ ਵਿਚ ਤਰੱਕੀ ਹੁੰਦੀ ਹੈ Without industry no society can grow and no country can grow. ਸਾਡੇ ਵਿੱਤ ਮੰਤਰੀ ਜੀ ਨੇ ਸਮਾਲ ਅਤੇ ਮਾਈਕਰੋ ਉਦਯੋਗ ਵਾਸਤੇ ਪਾਲਿਸੀ ਬਣਾਈ ਹੈ। ਚਲੋ, ਵੱਡੀ ਇੰਡਸਟਰੀ ਤਾਂ ਚਲਦੀ ਹੈ ਜਿਹੜੇ ਵੱਡੇ ਇੰਸਡਸਟਰੀਅਲ ਘਰਾਣੇ ਹਨ ਉਹ ਚਲਾਉਂਦੇ ਹਨ, ਲੇਕਿਨ ਸਾਨੂੰ ਛੋਟੇ ਕਾਰਖਾਨੇਦਾਰ, ਸਮਾਲ ਐਂਡ ਮੀਡੀਅਮ ਇੰਟਰਪ੍ਰਾਜ਼ਿਜ਼ ਜੋ ਹਨ ਉਨ੍ਹਾਂ ਨੂੰ ਵੀ ਪਰਮੋਟ ਕਰਨ ਦੀ ਲੋੜ ਹੈ। ਵਿੱਤ ਮੰਤਰੀ ਜੀ ਨੇ ਇਸ ਬਾਰੇ ਬਜਟ ਵਿਚ ਬਹੁਤ ਵਧੀਆ ਤਰੀਕੇ ਨਾਲ ਪ੍ਰਬੰਧ ਕੀਤੇ ਹਨ। ਇੰਡਸਟਰੀ ਨੂੰ ਪਰਮੋਟ ਕਰਨਾ ਸਰਕਾਰ ਦੀ ਪ੍ਰਾਇਰਿਟੀ ਹੁੰਦੀ ਹੈ। ਡਿਪਟੀ ਸੀ.ਐਮ.ਸਾਹਿਬ ਨੇ ਇੰਡਸਟਰੀਅਲ ਸਮਿੱਟ ਕਰਵਾਇਆ ਸੀ।ਇਸ ਗੱਲ ਵਿਚ ਅਸੀਂ ਬਹੁਤ ਫਖਰ ਮਹਿਸੂਸ ਕਰਦੇ ਹਾਂ। ਸਾਡੇ ਵਿਰੋਧੀ ਬੈਂਚਾਂ ਵਾਲੇ ਵੀਰ ਪੁੱਛਦੇ ਹਨ ਕਿ ਇਸ ਨਾਲ ਕਿੰਨੀ ਇਨਵੈਸਟਮੈਂਟ ਆਈ ਹੈ, ਕਿਹੜਾ ਪ੍ਰੋਜੈਕਟ ਲੱਗਿਆ ਹੈ। ਚੇਅਰਮੈਨ ਸਾਹਿਬ, ਜਿਵੇਂ ਕਹਿੰਦੇ ਹਾਂ ਕਿ Rome was not built in a day. ਜਿਸ ਤਰ੍ਹਾਂ ਜੇਕਰ ਅਸੀਂ ਕੋਈ ਮਕਾਨ ਬਣਾਉਣਾ ਹੋਵੇ ਤਾਂ ਉਸ ਨੂੰ ਕਈ ਸਾਲ ਲੱਗ ਜਾਂਦੇ ਹਨ। ਸੋ, ਕੋਈ ਵੀ ਕੰਮ ਕਰਨ ਲਈ ਸਮਾਂ ਤਾਂ ਲੱਗਦਾ ਹੈ। ਜੇਕਰ ਸੂਬੇ ਵਿਚ ਇੰਡਸਟਰੀ ਲਗਾਉਣੀ ਹੈ, ਵੱਡੇ ਯੂਨਿਟ ਲਗਾਉਣੇ ਹਨ ਤਾਂ ਸਮਾਂ ਤੇ ਲੱਗੇਗਾ। ਮੈਂ, ਉਪ ਮੁੱਖ ਮੰਤਰੀ, ਸਰਦਾਰ ਸੁਖਬੀਰ ਸਿੰਘ ਬਾਦਲ ਅਤੇ ਸੀ.ਐਮ. ਸਾਹਿਬ ਦਾ ਬਹੁਤ ਧੰਨਵਾਦੀ ਹਾਂ। ਜਦੋਂ ਅਸੀਂ ਇੰਡਸਟਰੀ ਸਮਿੱਟ ਦੇਖਿਆ ਤਾਂ ਉਸ ਵਿਚ ਪੰਜਾਬ ਦੀ ਇੰਡਸਟਰੀ ਨੂੰ ਬਹੁਤ ਵੱਡੀ ਪੁਸ਼ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਪੰਜਾਬ ਵਿਚ ਟਾਟਾਜ਼, ਅੰਬਾਨੀਜ਼, ਮਿੱਤਲਜ਼ ਵਰਗੇ ਸਾਰੇ ਵੱਡੇ ਇੰਡਸਟਰੀਅਲ ਹਾਊਸਿਜ਼ were present on the day. ਮੇਰਾ ਖਿਆਲ ਹੈ ਕਿ ਇਸ ਵਿਚ 9600 ਕਰੋੜ ਦੀ ਇਨਵੈਸਟਮੈਂਟ ਦੀਆਂ ਪਰਪੋਜ਼ਲਜ਼ ਪੰਜਾਬ ਦੇ ਇੰਡਸਟਰੀ ਡਿਪਾਰਟਮੈਂਟ ਨੂੰ ਆਈਆਂ ਹਨ। It is a very big achievement, it is not a small achievement, it is

[ ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ]

a very big achievement for the Punjab. ਬਾਦਲ ਸਾਹਿਬ ਨੇ ਸਿੰਗਲ ਵਿੰਡੋ ਸਿਸਟਮ ਸ਼ੁਰੂ ਕੀਤਾ ਹੈ। ਸਾਰੇ ਹੀ ਵੱਡੇ ਇੰਡਸਟਰੀਲਿਸਟ ਇਸ ਗੱਲ ਨੂੰ ਮੰਨ ਰਹੇ ਹਨ ਕਿ ਜਿਹੜੀ ਪੰਜਾਬ ਦੀ ਇੰਡਸਟਰੀਅਲ ਪਾਲਿਸੀ ਹੈ, ਉਹ ਬਹੁਤ ਹੀ ਟਰਾਂਸਪੇਰੈਂਟ ਹੈ, ਇਹ ਬਹੁਤ easy ਕਰ ਦਿੱਤੀ ਗਈ ਹੈ। ਸਿੰਗਲ ਵਿੰਡੋ ਸਿਸਟਮ ਕਾਰਨ ਇੰਡਸਟਰੀ ਲਈ ਕਾਫੀ ਅਸਾਨ ਹੋ ਗਿਆ ਹੈ। ਹਰੇਕ ਇੰਡਸਟਰੀਅਲ ਹਾਊਸ ਨੇ ਇਸ ਪਾਲਿਸੀ ਨੂੰ ਵੈਲਕਮ ਕੀਤਾ ਹੈ। ਵਿੱਤ ਮੰਤਰੀ ਜੀ ਨੇ I.T. knowledge based Agro and Food Processing Industry ਨੂੰ ਕਨਸੈਸ਼ਨ ਦੇਣ ਦੀ ਗੱਲ ਆਖੀ ਹੈ।ਇਹ ਬਹੁਤ ਚੰਗੀ ਗੱਲ ਹੈ ਪਰ ਮੈਂ ਵਿੱਤ ਮੰਤਰੀ ਜੀ ਦੇ ਧਿਆਨ ਵਿਚ ਇਕ ਹੋਰ ਗੱਲ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੀ ਐਗਰੋ ਬੇਸਡ ਇੰਡਸਟਰੀ ਹੈ, ਇਸ ਨੂੰ ਸਾਨੂੰ ਵੱਧ ਤੋਂ ਵੱਧ ਪਰਮੋਟ ਕਰਨ ਦੀ ਲੋੜ ਹੈ, ਇਹ ਚਾਹੇ ਹਾਰਟੀਕਲਚਰ ਬੇਸਡ ਹੋਵੇ ਜਾਂ ਕੋਈ ਕਰਾਪ ਬੇਸਡ ਹੋਵੇ ਜਾਂ ਕਿਨਿੰਗ ਜਾਂ ਸਪਿਨਿੰਗ ਬੇਸਡ ਹੋਵੇ ਪਰ ਐਗਰੋ ਇੰਡਸਟਰੀ ਨੂੰ ਪੰਜਾਬ ਵਿਚ ਵੱਡਾ ਹੁਲਾਰਾ ਦੇਣ ਦੀ ਲੋੜ ਹੈ। ਮੈਂ, ਵਿੱਤ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਜਿਹੜੀ ਪੰਜਾਬ ਵਿਚ ਕਾਟੇਜ ਇੰਡਸਟਰੀ ਹੈ,ਇਸ ਵੱਲ ਵੀ ਧਿਆਨ ਦਿੱਤਾ ਜਾਵੇ। ਸਾਡੇ ਨਕੋਦਰ ਵਿਚ ਦਰੀਆਂ ਦੀ ਇੰਡਸਟਰੀ ਸੀ, ਖੱਡੀਆਂ ਲੱਗੀਆਂ ਹੋਈਆਂ ਸਨ। ਹੁਣ, ਉਹ ਦਰੀਆਂ ਤੋਂ ਅੱਪਗਰੇਡ ਹੋ ਕੇ ਕਾਰਪੈਟ ਬਣ ਗਏ ਹਨ। ਕਾਟਨ ਦੇ ਕਾਰਪੈਟ ਬਣ ਸਕਦੇ ਸੀ ਪਰ ਬਹੁਤ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਸਰਕਾਰਾਂ ਕਾਟੇਜ ਇੰਡਸਟਰੀ ਵੱਲ ਧਿਆਨ ਨਹੀਂ ਦੇ ਸਕੀਆਂ।ਸੋ, ਮੇਰੀ ਬੇਨਤੀ ਹੈ ਕਿ ਕਾਟੇਜ ਇੰਡਸਟਰੀ ਵੱਲ ਵੀ ਸਾਨੂੰ ਧਿਆਨ ਦੇਣ ਦੀ ਲੋੜ ਹੈ। ਸਕਿੱਲ ਡਿਵੈਲਪਮੈਂਟ ਦੀ ਗੱਲ ਢੀਂਡਸਾ ਸਾਹਿਬ ਨੇ ਬਹੁਤ ਵਧੀਆ ਤਰੀਕੇ ਨਾਲ ਆਖੀ ਹੈ। ਹੁਨਰ ਸਿਖਲਾਈ ਵਾਸਤੇ ਵੱਡੇ ਕਦਮ ਸਰਕਾਰ ਨੇ ਚੁੱਕੇ ਹਨ। ਆਈ.ਟੀ.ਆਈਜ਼ ਨੂੰ ਮਜ਼ਬੂਤ ਕਰਕੇ ਵੱਡੇ ਕੋਰਸਿਜ਼ ਲਿਆਂਦੇ ਗਏ ਹਨ। ਸਕੂਲਾਂ ਵਿਚ ਬੱਚੀਆਂ ਵਾਸਤੇ 200 ਸਕਿੱਲ ਟਰੇਨਿੰਗ ਸੈਂਟਰ ਖੋਲ੍ਹੇ ਜਾ ਰਹੇ ਹਨ, ਬੱਚਿਆਂ ਵਾਸਤੇ 500 ਸਕਿੱਲ ਟਰੇਨਿੰਗ ਸੈਂਟਰ ਖੋਲ੍ਹੇ ਜਾ ਰਹੇ ਹਨ। ਜ਼ਿਲ੍ਹਾ ਪੱਧਰ ਤੇ ਵੀ ਸਕਿੱਲ ਡਿਵੈਲਪਮੈਂਟ ਸੈਂਟਰ ਖੋਲ੍ਹੇ ਜਾ ਰਹੇ ਹਨ। ਪੰਜਾਬ ਦੀ ਆਰਥਿਕਤਾ ਨੂੰ ਇਸ ਨਾਲ ਬਹੁਤ ਵੱਡਾ ਬੂਸਟ ਮਿਲੇਗਾ। ਖੇਡਾਂ ਦੇ ਖੇਤਰ ਵਿਚ ਸਾਡੇ ਉੱਪ ਮੁੱਖ ਮੰਤਰੀ ਜੀ ਦੀ ਦੂਰ ਅੰਦੇਸ਼ੀ ਸੋਚ ਦੇ ਅਸੀਂ ਬਹੁਤ ਧੰਨਵਾਦੀ ਹਾਂ। ਇਨ੍ਹਾਂ ਨੇ ਮੋਹਾਲੀ ਵਿਚ Punjab Institute of Sports ਬਣਾਇਆ ਹੈ on the pattern of NIS, Patiala. ਇਸ ਨੂੰ ਸਥਾਪਿਤ

ਕਰਕੇ 12 ਖੇਡਾਂ ਨੂੰ ਇਸ ਅੰਦਰ ਲੈ ਕੇ ਆਉਂਦਾ ਹੈ। ਇਨ੍ਹਾਂ 12 ਖੇਡਾਂ ਵਿਚ ਸੈਂਟਰ ਆਫ ਐਕਸੀਲੈਂਸ ਖੋਲ੍ਹੇ ਜਾਣਗੇ ਤਾਂ ਜੋ ਸਾਡੇ ਪੰਜਾਬ ਦੇ ਨੌਜਵਾਨ ਬੱਚੇ ਅਤੇ ਬੱਚੀਆਂ ਇਨ੍ਹਾਂ ਖੇਡਾਂ ਵਿਚ ਆਪਣੀ ਰੁਚੀ ਬਣਾ ਸਕਣ। ਪੰਜਾਬ ਵਿਚ ਜ਼ਿਲ੍ਹਾ ਲੈਵਲ ਤੇ ਕਈ ਨਵੇਂ ਸਟੇਡੀਅਮ ਬਣਾਏ ਗਏ ਹਨ ਅਤੇ ਕਈ ਅੱਪਗਰੇਡ ਕੀਤੇ ਗਏ ਹਨ ਪਰ ਮੈਂ ਢੀਂਡਸਾ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਬਲਾਕ ਲੈਵਲ ਦੇ ਸਟੇਡੀਅਮ ਦੀ ਗੱਲ ਆਖੀ ਗਈ ਹੈ, ਉਸ ਨੂੰ ਜ਼ਰੂਰ ਆਪਣੀ ਪਾਲਿਸੀ ਵਿਚ ਲਿਆਉਣਾ ਚਾਹੀਦਾ ਹੈ। ਸਾਡੇ ਡਿਪਟੀ ਸੀ.ਐਮ. ਸਾਹਿਬ ਨੇ ਕਿਹਾ ਸੀ ਕਿ ਹਰ ਬਲਾਕ ਵਿਚ ਇਕ ਇਨਡੋਰ ਸਟੇਡੀਅਮ ਖੋਲ੍ਹਿਆ ਜਾਵੇਗਾ, ਜਿਸ ਵਿਚ 400 ਮੀਟਰ ਦਾ ਟਰੈਕ ਹੋਵੇਗਾ ਅਤੇ ਹੋਰ ਸਾਰੀਆਂ ਸਹੂਲਤਾਂ ਹੋਣਗੀਆਂ। ਇਸ ਨੂੰ ਆਪਣੇ ਬਜਟ ਵਿਚ ਜ਼ਰੂਰ ਲਿਆਉਣ ਦੀ ਲੋੜ ਹੈ। ਬਾਦਲ ਸਾਹਿਬ ਨੇ ਕਬੱਡੀ ਦੇ ਵਰਲਡ ਕੱਪ ਕਰਵਾਏ ਹਨ, ਜਿਸ ਨਾਲ ਸਾਰੀ ਦੁਨੀਆਂ ਵਿਚ ਪੰਜਾਬੀਆਂ ਦਾ ਮਾਣ ਵਧਿਆ ਹੈ। ਕਿੰਤੂ ਪ੍ਰੰਤੂ ਤਾਂ ਚਲਦਾ ਹੀ ਰਹਿੰਦਾ ਹੈ ਪਰ constructive critisism ਚਾਹੀਦਾ ਹੈ। ਮੈਂ ਇਹ ਗੱਲ ਜ਼ਰੂਰ ਆਖਾਂਗਾ ਕਿ ਜਿਹੜੀ ਡੋਪਿੰਗ ਹੈ ਜਿਹੜਾ ਡਰੱਗ ਹੈ, ਉਹ ਵੀ ਕਬੱਡੀ ਵਿਚ ਆ ਕੇ ਕਬੱਡੀ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਐਂਟੀ ਡੋਪਿੰਗ ਮਈਅਰਜ਼ ਨੂੰ ਬਹੁਤ ਸਟਰੇਜੰਟਲੀ ਲਾਗੂ ਕਰਨ ਦੀ ਲੋੜ ਹੈ because Kabaddi is played without drugs. ਇਸ ਚੀਜ਼ ਲਈ ਪਿੰਡਾਂ ਦੇ ਲੋਕ ਵੀ ਫਿਕਰਮੰਦ ਹਨ। ਸੋ, ਇਸ ਪਾਸੇ ਧਿਆਨ ਦੇਣ ਦੀ ਲੋੜ ਹੈ। ਮੈਂ ਢੀਂਡਸਾ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਨੇ ਖੇਡਾਂ ਵਾਸਤੇ ਬਹੁਤ ਛੋਟੀ ਰਕਮ ਰੱਖੀ ਹੈ। ਉਨ੍ਹਾਂ ਨੇ 27 ਕਰੋੜ ਰੱਖੇ ਹਨ, ਪਰ ਸਪੋਰਟਸ ਦਾ ਬਜਟ ਜਿਹੜਾ ਕਿ ਢੀਂਡਸਾ ਸਾਹਿਬ ਨੇ ਬਜਟ ਵਿਚ ਰੱਖਿਆ ਹੈ ਉਹ I think it should be much more than this.

ਅਰਬਨ ਡਿਵੈਲਪਮੈਂਟ ਵਾਸਤੇ ਸਰਕਾਰ ਨੇ ਬਹੁਤ ਵੱਡੇ ਕਦਮ ਚੁੱਕੇ ਹਨ। ਜਿਹੜੀਆਂ ਲੋਕਲ ਬਾਡੀਜ਼ ਹਨ ਉਨ੍ਹਾਂ ਵਿੱਚ 1947 ਤੋਂ ਲੈ ਕੇ ਹੁਣ ਤੱਕ ਸੀਵਰੇਜ ਨਹੀਂ ਪਿਆ, ਸੜਕਾਂ ਨਹੀਂ ਬਣੀਆਂ, ਸਟਰੀਟ ਲਾਈਟਾਂ ਨਹੀਂ ਲਗਾਈਆਂ। ਅਸੀਂ 100 ਫੀਸਦੀ ਸੇਫ ਡਰਿੰਕਿੰਗ ਵਾਟਰ ਵੀ ਨਹੀਂ ਸਪਲਾਈ ਕਰ ਸਕੇ। but why, who is to blame ਇਸ ਲਈ ਕਸੂਰਵਾਰ ਕੌਣ ਹੈ, ਨਾ ਤਾਂ ਆਪਾਂ ਕਸੂਰਵਾਰ ਹਾਂ ਅਤੇ ਨਾ ਤੁਸੀਂ ਕਸੂਰਵਾਰ ਹੋ। ਇੰਨਾ ਸਿਸਟਮ ਤੇ ਹੁਣ ਪਰੈਸ਼ਰ ਆ ਗਿਆ ਹੈ ਕਿ ਇਸ ਸਮੇਂ ਹਰ ਘਰ ਚਾਹੁੰਦਾ ਹੈ ਕਿ ਮੇਰੇ ਘਰ ਮੂਹਰੇ ਚੰਗੀ

[ ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ]

ਨਾਲੀ ਹੋਵੇ ਅਤੇ ਚੰਗੀ ਗਲੀ ਬਣੀ ਹੋਵੇ, ਸਟਰੀਟ ਲਾਈਟ ਹੋਵੇ ਅਤੇ ਗੱਡੀ ਪਾਰਕ ਕਰਨ ਵਾਸਤੇ ਜਗ੍ਹਾ ਵੀ ਹੋਵੇ। ਬੱਚਿਆਂ ਨੂੰ ਖੇਡਣ ਵਾਸਤੇ ਪਾਰਕ ਹੋਣ, ਸੈਰ ਕਰਨ ਵਾਸਤੇ ਪਾਰਕ ਹੋਣ, ਚੰਗੇ ਸਕੂਲ ਹੋਣ ਪਰ ਹੁਣ ਇਹ ਰਾਤੋ ਰਾਤ ਤਾਂ ਹੋ ਨਹੀਂ ਸਕਦਾ। ਸਰਕਾਰ ਨੇ ਧਿਆਨ ਦਿੱਤਾ ਹੈ ਅਤੇ ਢੀਂਡਸਾ ਸਾਹਿਬ ਨੇ ਇਨੀਸ਼ੀਏਟਿਵ ਲਿਆ ਹੈ। 100% ਸੀਵਰੇਜ ਅਤੇ safe drinking water ਦੀ ਸਪਲਾਈ ਕਰਨ ਵਾਸਤੇ ਇਸ ਬਜਟ ਵਿੱਚ ਪੈਸੇ ਰੱਖੇ ਗਏ ਹਨ। ਇਸ ਦੇ ਨਾਲ ਹੀ ਢੀਂਡਸਾ ਸਾਹਿਬ ਨੇ ਐਸ.ਟੀ.ਪੀ. ਲਗਾਉਣ ਦੀ ਗੱਲ ਆਖੀ ਹੈ। ਐਸ.ਟੀ.ਪੀ. ਲਗਾ ਕੇ ਪਾਣੀ ਨੂੰ ਰੀ-ਯੂਜ਼ ਕਰਨ ਦੀ ਬਹੁਤ ਲੋੜ ਹੈ ਅਤੇ ਇਸ ਲਈ ਬਹੁਤ ਵੱਡੇ ਉਪਰਾਲੇ ਕਰਨ ਦੀ ਬਹੁਤ ਜ਼ਰੂਰਤ ਹੈ।

ਨੀਲੇ ਕਾਰਡਾਂ ਦੀ ਗੱਲ ਵੀ ਆਈ ਹੈ। ਅਸੀਂ ਤਾਂ ਪਿੰਡਾਂ ਵਿੱਚ ਜਾ ਕੇ ਕਹਿੰਦੇ ਹਾਂ ਕਿ ਸਰਦਾਰ ਬਾਦਲ ਦੀ ਦਿਆਨਤਦਾਰੀ ਹੈ ਕਿ ਉਨ੍ਹਾਂ ਨੇ ਇੱਕ ਨਾਅਰਾ ਲਗਾਇਆ ਸੀ, ਕੋਈ ਘਰ ਨਾ ਖਾਵੇ ਰੁੱਖਾ, ਕੋਈ ਘਰ ਨਾ ਸੌਂਵੇ ਭੁੱਖਾ।ਇਸ ਤੋਂ ਬਾਅਦ ਫੂਡ ਸਕਿਉਰਿਟੀ ਬਿਲ ਆ ਗਿਆ ਅਤੇ ਇਹ amalgamate ਹੋ ਗਈ, ਇਕੱਠੀ ਕਰ ਦਿੱਤੀ ਪਰ ਅਸੀਂ ਤਾਂ ਸੇਵਾ ਹੀ ਕਰਨੀ ਹੈ, ਚਾਹੇ ਦਿੱਲੀ ਤੋਂ ਹੋ ਜਾਵੇ ਜਾਂ ਚੰਡੀਗੜ੍ਹ ਤੋਂ ਹੋ ਜਾਵੇ, ਇਸ ਵਿਚ ਫਰਕ ਨਹੀਂ ਹੈ। ਬਾਦਲ ਸਾਹਿਬ ਨੇ ਜਿਹੜੀ ਗੱਲ ਪਹਿਲਾਂ ਆਖੀ ਹੈ ਉਸ ਦੀ ਸਾਨੂੰ ਸਰਾਹਨਾ ਕਰਨੀ ਚਾਹੀਦੀ ਹੈ। ਉਸ ਦੀ ਪ੍ਰੋੜ੍ਹਤਾ ਕਰਨੀ ਚਾਹੀਦੀ ਹੈ। ਜੇਕਰ ਅਸੀਂ ਇੱਕ ਘਰ ਵਿੱਚ ਜਨਮ ਲਿਆ ਅਤੇ ਨਾਲ ਦੇ ਗੁਆਂਢੀ ਕੋਲ ਕੋਈ ਜਗ੍ਹਾ ਨਹੀਂ ਹੈ, ਉਸ ਕੋਲ ਟਾਇਲਟ ਨਹੀਂ ਹੈ, ਖਾਣ ਲਈ ਤਿੰਨ ਵਕਤ ਦੀ ਰੋਟੀ ਨਹੀਂ ਹੈ What will he do? ਕੌਣ ਉਸ ਦੀ ਬਾਂਹ ਫੜੇਗਾ? ਇਹ ਬਾਂਹ ਸਰਦਾਰ ਬਾਦਲ ਨੇ ਫੜੀ ਹੈ। ਉਨ੍ਹਾਂ ਨੇ 30 ਲੱਖ ਪਰਿਵਾਰਾਂ ਨੂੰ ਸਸਤੇ ਰੇਟ ਤੇ ਕਣਕ ਅਤੇ ਦਾਲ ਦੇਣ ਦਾ ਉਪਰਾਲਾ ਕੀਤਾ ਹੈ। ਸੋ, ਅਸੀਂ ਬਾਦਲ ਸਾਹਿਬ ਦੇ ਬਹੁਤ ਧੰਨਵਾਦੀ ਹਾਂ।

ਰੂਰਲ ਡਿਵੈਲਪਮੈਂਟ, ਜਿਹੜਾ ਕਿ ਪੰਜਾਬ ਦਾ ਮੁੱਖ ਏਜੰਡਾ ਹੈ, ਕਿਉਂਕਿ ਪੰਜਾਬ ਪਿੰਡਾਂ ਵਿੱਚ ਹੀ ਵੱਸਦਾ ਹੈ।ਮੁੱਖ ਮੰਤਰੀ ਜੀ ਨੇ ਜਿਹੜਾ ਪੇਂਡੂ ਵਿਕਾਸ ਯੋਜਨਾ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ, ਪਿੰਡਾਂ ਦੇ ਸਮੁੱਚੇ ਵਿਕਾਸ ਵਾਸਤੇ ਇਹ ਬਹੁਤ ਵੱਡਾ ਕਦਮ ਹੈ। ਇਸ ਲਈ 600 ਕਰੋੜ ਰੁਪਿਆ ਰੱਖਿਆ ਗਿਆ ਹੈ। ਜੇਕਰ ਅਸੀਂ ਗੱਲ ਕਰੀਏ ਅਤੇ ਕਿਸੇ ਪਿੰਡ ਵਿੱਚ ਵੀ ਚਲੇ ਜਾਈਏ ਤਾਂ

ਮੇਰਾ ਖਿਆਲ ਹੈ ਕਿ 50 ਲੱਖ ਰੁਪਏ ਤੋਂ 1 ਕਰੋੜ ਰੁਪਿਆ ਚਾਹੀਦਾ ਹੈ, ਜੇਕਰ ਹਰ ਇੱਕ ਪਿੰਡ ਨੂੰ ਕਿਸੇ ਲੈਵਲ ਤੇ ਲਿਜਾਣਾ ਹੋਵੇ। ਸਭ ਕੁਝ ਹੀ ਬਣਨ ਵਾਲਾ ਹੈ। ਗਲੀਆਂ ਨਾਲੀਆਂ, ਧਰਮਸ਼ਾਲਾਵਾਂ, ਸਕੂਲ, ਸਟੇਡੀਅਮ, ਜਿੰਮ, ਜੰਞ ਘਰ ਕੁਝ ਵੀ ਮੁਕੰਮਲ ਨਹੀਂ ਹੈ। ਪੰਜਾਬ ਵਿੱਚ ਕੋਈ ਭਾਗਾਂ ਵਾਲਾ ਹੀ ਪਿੰਡ ਹੋਵੇਗਾ ਜਿੱਥੇ ਸਭ ਕੁਝ ਹੀ ਮੁਕੰਮਲ ਹੋਵੇ। But why did it not happen? ਇਸ ਵਿੱਚ ਅਕਾਲੀ-ਬੀ.ਜੇ.ਪੀ. ਦਾ ਕਸੂਰ ਤਾਂ ਹੈ ਨਹੀਂ। ਅੱਜ ਜਿਹੜੇ ਕੰਮ ਸਰਕਾਰ ਕਰਨ ਜਾ ਰਹੀ ਹੈ, ਇਹ ਅੱਜ ਤੋਂ 40 ਸਾਲ ਪਹਿਲਾਂ ਹੋਣੇ ਚਾਹੀਦੇ ਸਨ। ਸਾਨੂੰ ਇਸ ਗੱਲ ਦਾ ਹਿਰਖ ਹੈ ਕਿ ਜਿਹੜੀ ਇੰਡੀਆ ਦੀ ਸੋਸਾਇਟੀ ਹੈ, ਆਪਣਾ ਸਮਾਜ ਹੈ, ਇਹ ਕਿਉਂ ਤਰੱਕੀ ਨਹੀਂ ਕਰ ਸਕਿਆ, ਅੱਗੇ ਨਹੀਂ ਵਧ ਸਕਿਆ। ਜਿਹੜੀ ਵੀ ਸਰਕਾਰ ਆਉਂਦੀ ਹੈ, ਉਸ ਅੱਗੇ ਪਿੰਡਾਂ ਦੇ ਲੋਕ ਗਲੀਆਂ ਨਾਲੀਆਂ ਦੀ ਮੰਗ ਰੱਖਦੇ ਹਨ। ਤੁਹਾਡੇ ਕੋਲ ਵੀ ਅਤੇ ਸਾਡੇ ਕੋਲ ਵੀ ਇਹ ਮੰਗ ਰੱਖੀ ਜਾਂਦੀ ਹੈ But it should change. It should not be recurring again and again.

ਨਰੇਗਾ ਵਾਸਤੇ 600 ਕਰੋੜ ਰੁਪਿਆ ਰੱਖਿਆ ਹੈ। ਇਹ ਬਹੁਤ ਵਧੀਆ ਸਕੀਮ ਹੈ, ਅਸੀਂ ਇਸ ਦੀ ਸਿਫਤ ਕਰਦੇ ਹਾਂ ਪਰ ਫਿਰ ਗੱਲ ਆਈ ਹੈ ਕਿ ਨਰੇਗਾ should be state specific. ਜੋ ਯੂ.ਪੀ., ਬਿਹਾਰ, ਝਾਰਖੰਡ ਜਾਂ ਉੜੀਸਾ ਦੇ ਹਾਲਾਤ ਹਨ, ਉਹ ਹਾਲਾਤ ਪੰਜਾਬ ਦੇ ਨਹੀਂ ਹਨ। ਨਰੇਗਾ ਚਲਾਉਣ ਵਿੱਚ ਜਿੱਥੇ ਸੈਂਟਰ ਦਾ ਬਹੁਤ ਵੱਡਾ ਰੋਲ ਹੈ ਉਥੇ ਢੀਂਡਸਾ ਸਾਹਿਬ ਨੇ ਵੀ ਇਸ ਵਾਸਤੇ ਰਾਸ਼ੀ ਰੱਖੀ ਹੈ ਪਰ ਇਸ ਦੀਆਂ ਖਾਮੀਆਂ ਨੂੰ ਦੂਰ ਕਰਨਾ ਚਾਹੀਦਾ ਹੈ।

ਮੈਂ, ਵਿੱਤ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਜਿਵੇਂ ਪ੍ਰਧਾਨ ਮੰਤਰੀ, ਸ਼੍ਰੀ ਨਰਿੰਦਰ ਮੋਦੀ ਜੀ ਨੇ ਆਖਿਆ ਸੀ ਕਿ ਹਰ ਐਮ.ਪੀ. ਇੱਕ ਪਿੰਡ ਅਡਾਪਟ ਕਰੇ। Every Lok Sabha and Rajya Sabha MP is adopting one village. ਆਪਾਂ ਨੂੰ ਵੀ ਇਹ ਚਾਹੀਦਾ ਹੈ। ਮੇਰਾ ਖਿਆਲ ਹੈ ਕਿ ਸਾਰੇ ਸਦਨ ਨੂੰ ਇਹ ਸਰਬਸੰਮਤੀ ਨਾਲ ਪਾਸ ਕਰਨਾ ਚਾਹੀਦਾ ਹੈ। ਢੀਂਡਸਾ ਸਾਹਿਬ, ਇਸ ਗੱਲ ਵੱਲ ਜ਼ਰੂਰ ਗੌਰ ਕਰਨਾ। ਪੰਜਾਬ ਦੇ ਸਾਰੇ ਪਿੰਡਾਂ ਦੇ ਮਾਸਟਰ ਪਲਾਨ ਬਣਾਉਣ ਦੀ ਲੋੜ ਹੈ।ਚੇਅਰਮੈਨ ਸਾਹਿਬ, ਜੇਕਰ ਪਿੰਡਾਂ ਦਾ ਵਿਕਾਸ ਅਨ-ਆਰਗੇਨਾਈਜ਼ਡ ਤਰੀਕੇ ਨਾਲ ਅਤੇ ਅਨ-ਪਲਾਨਡ ਤਰੀਕੇ ਨਾਲ ਹੁੰਦਾ ਗਿਆ ਤਾਂ ਆਪਣੇ ਪਿੰਡ ਕਿਤੇ ਵੀ ਨਹੀਂ ਪਹੁੰਚਣਗੇ। ਜਿਵੇਂ ਸ਼ਹਿਰਾਂ

[ ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ]

ਦੇ ਮਾਸਟਰ ਪਲਾਨ ਬਣਾਏ ਜਾਂਦੇ ਹਨ, ਉਸੇ ਤਰਜ਼ ਤੇ ਪਿੰਡਾਂ ਦੇ ਵੀ ਮਾਸਟਰ ਪਲਾਨ ਤਿਆਰ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਪਿੰਡਾਂ ਦਾ ਸਹੀ ਤਰੀਕੇ ਨਾਲ ਵਿਕਾਸ ਕੀਤਾ ਜਾ ਸਕੇ।

ਅੱਗੇ, ਮੈਂ, ਐਨ.ਆਰ.ਆਈਜ਼ ਦੀ ਗੱਲ ਕਰਦਾ ਹਾਂ। ਅਸੀਂ ਸਮਝਦੇ ਹਾਂ ਕਿ ਐਨ.ਆਰ.ਆਈਜ਼. ਬਹੁਤ ਵੱਡਾ ਸੈਗਮੈਂਟ ਹੈ। ਐਨ.ਆਰ.ਆਈਜ਼ ਇਥੇ ਆ ਕੇ ਹਰ ਖੇਤਰ ਵਿਚ ਚਾਹੇ ਉਹ ਸਪੋਰਟਸ ਹੋਵੇ, ਰਿਲੀਜਸ ਹੋਵੇ ਜਾਂ ਸੋਸ਼ਲ ਵੈਲਫੇਅਰ ਹੋਵੇ ਅਰਥਾਤ ਹਰ ਖੇਤਰ ਵਿਚ ਆਪਣਾ ਯੋਗਦਾਨ ਪਾਉਂਦੇ ਹਨ। ਹੁਣ ਤਾਂ ਸਾਰੇ ਪੰਜਾਬ ਵਿਚ ਹੀ ਐਨ.ਆਰ.ਆਈਜ਼ ਹਨ। ਪਹਿਲਾਂ they were concentrated in Doaba only. ਮੈਂ, ਫਾਈਨਾਂਸ ਮਨਿਸਟਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਐਨ.ਆਰ.ਆਈਜ਼ ਨੂੰ ਪਿੰਡਾਂ ਦੇ ਵਿਕਾਸ ਵਿਚ ਇਨਵਾਲਵ ਕਰਨ ਵਾਸਤੇ ਕਿਸੇ ਨਾ ਕਿਸੇ ਤਰੀਕੇ ਨਾਲ ਇਨਕਰੇਜ ਕਰਨ ਦੀ ਲੋੜ ਹੈ। ਅੱਗੇ ਵੀ ਆਪਾਂ ਕਈ ਸਕੀਮਾਂ ਚਲਾਉਂਦੇ ਹਾਂ। ਕੋਈ 25:75 ਰੇਸ਼ੋ ਵਾਲੀ ਜਾਂ 50:50 ਰੇਸ਼ੋ ਵਾਲੀ ਹੈ, ਪਰ ਉਨ੍ਹਾਂ ਨੂੰ ਬਹੁਤ ਥੋੜ੍ਹੇ ਐਨ.ਆਰ.ਆਈਜ਼ ਅਵੇਲ ਕਰਦੇ ਹਨ। ਕਈ ਐਨ.ਆਰ.ਆਈਜ਼ ਆਪਣੇ ਆਪਣੇ ਪਿੰਡਾਂ ਵਿਚ ਇਕ ਇਕ ਕਰੋੜ ਜਾਂ ਦੋ ਦੋ ਕਰੋੜ ਰੁਪਏ ਸੀਵਰੇਜ ਪਾਉਣ ਲਈ ਜਾਂ ਸਟੇਡੀਅਮ ਆਦਿ ਬਣਾਉਣ ਵਾਸਤੇ ਲਗਾਉਣਾ ਚਾਹੁੰਦੇ ਹਨ। ਕਈ ਵਾਰੀ ਉਨ੍ਹਾਂ ਦੇ ਸਾਹਮਣੇ ਰੈਡ-ਟੇਪ ਆ ਕੇ ਖੜ੍ਹੀ ਹੋ ਜਾਂਦੀ ਹੈ ਅਤੇ ਕਈ ਵਾਰੀ ਸਰਕਾਰੀ ਲੈਵਲ ਤੇ ਕਈ ਮੁਸ਼ਕਲਾਂ ਆਉਂਦੀਆਂ ਹਨ। ਇਸ ਨੂੰ ਥੋੜ੍ਹਾ ਜਿਹਾ ਪਲਾਨਡ ਤਰੀਕੇ ਵਿਚ ਲੈ ਕੇ ਆਉਣਾ ਚਾਹੀਦਾ ਹੈ ਤਾਂ ਜੋ ਐਨ.ਆਰ.ਆਈਜ਼ ਇਥੇ ਆ ਕੇ ਇਨਕਰੇਜ ਹੋਣ ਅਤੇ ਆਪਣੇ ਪਿੰਡਾਂ ਦਾ ਵਿਕਾਸ ਕਰ ਸਕਣ। ਜੇਕਰ ਅਸੀਂ ਪਿੰਡਾਂ ਦੇ ਅਤੇ ਢਾਣੀਆਂ ਦੇ ਹਾਲਾਤ ਸੁਧਾਰਨੇ ਹਨ ਤਾਂ ਪਿੰਡਾਂ ਵਿਚਲੇ ਛੱਪੜ ਸਭ ਤੋਂ ਵੱਡੀ ਮੁਸ਼ਕਲ ਹਨ। ਚੇਅਰਮੈਨ ਸਾਹਿਬ, ਪਾਣੀ ਦੀ ਸਪਲਾਈ ਵੱਧ ਹੋ ਗਈ ਹੈ, ਮੋਟਰਾਂ ਲੱਗ ਗਈਆਂ ਹਨ, ਛੱਪੜ ਭਰੇ ਪਏ ਹਨ। ਉਥੇ ਬੁਰਾ ਹਾਲ ਹੈ, ਗੰਦਗੀ ਹੈ, ਪਲਾਸਟਿਕ ਹੈ, ਬੂਟੀ ਜੰਮੀ ਹੋਈ ਹੈ, ਸੱਪ ਉਥੇ ਪੈਦਾ ਹੁੰਦੇ ਹਨ ਜਿਹੜੇ ਕਿ ਘਰਾਂ ਵਿਚ ਵੀ ਵੜ ਜਾਂਦੇ ਹਨ ਅਤੇ ਕਈ ਫੈਟੈਲਟੀਜ਼ ਵੀ ਹੁੰਦੀਆਂ ਹਨ। ਸਾਨੂੰ ਇਸ ਗੱਲ ਦਾ ਬੜਾ ਅਫਸੋਸ ਹੁੰਦਾ ਹੈ। ਇਸ ਬਾਰੇ ਸਾਨੂੰ ਕੋਈ ਵਿਸ਼ੇਸ਼ ਯੋਜਨਾ ਬਣਾਉਣ ਦੀ ਲੋੜ ਹੈ। ਇਸੇ ਤਰ੍ਹਾਂ ਢਾਣੀਆਂ ਨੂੰ ਰਸਤੇ ਦੇਣ ਵਾਸਤੇ ਵੀ ਢੀਂਡਸਾ ਸਾਹਿਬ ਨੂੰ ਮੰਗ ਕਰਦੇ ਹਾਂ।

ਅਗਲੀ ਗੱਲ, ਮੈਂ, ਵਾਟਰ ਸਪਲਾਈ ਅਤੇ ਸੈਨੀਟੇਸ਼ਨ ਦੀ ਕਰਦਾ ਹਾਂ। ਹਰ ਘਰ ਸਾਫ-ਸੁਥਰਾ ਪਾਣੀ ਮੰਗਦਾ ਹੈ। ਵਰਲਡ ਬੈਂਕ ਦਾ ਦੂਸਰਾ ਪ੍ਰੋਜੈਕਟ ਪੰਜਾਬ ਵਿਚ ਲਾਗੂ ਹੋਣ ਲੱਗਾ ਹੈ ਜਿਹੜਾ ਕਿ 2200 ਕਰੋੜ ਰੁਪਏ ਦਾ ਹੈ। ਇਸ ਵਿਚ ਪਿੰਡਾਂ ਅਤੇ ਢਾਣੀਆਂ ਨੂੰ ਸਾਫ-ਸੁਥਰਾ ਪੀਣ ਵਾਲਾ ਪਾਣੀ ਦਿੱਤਾ ਜਾਵੇਗਾ। ਵਰਲਡ ਬੈਂਕ ਦੇ ਨਾਲ ਪ੍ਰੋਜੈਕਟ ਕਰਨਾ ਵੀ ਪੰਜਾਬ ਸਰਕਾਰ ਦੀ ਬਹੁਤ ਵੱਡੀ ਪ੍ਰਾਪਤੀ ਹੈ। ਇਸ ਤੋਂ ਅੱਗੇ ਸਵੱਛ ਭਾਰਤ ਦਾ ਪ੍ਰੋਗਰਾਮ ਮੋਦੀ ਸਾਹਿਬ ਦੀ ਸਰਕਾਰ ਦਾ ਬੜਾ ਵਧੀਆ ਪ੍ਰੋਗਰਾਮ ਹੈ। ਜਾਖੜ ਸਾਹਿਬ, ਪਿੱਛੇ ਜਿਹੇ ਤੁਸੀਂ ਪੜ੍ਹਿਆ ਹੋਵੇਗਾ ਇਕ ਡੇਅਲੀ ਇਕਨੌਮਿਸਟ ਵਿਚ ਇਕ ਆਰਟੀਕਲ ਆਇਆ ਸੀ, "Filth, the last Indian Frontier." ਉਸ ਵਿਚ ਕਿਹਾ ਗਿਆ ਹੈ ਕਿ ਇੰਡੀਆ ਵਿਚ ਇੰਨੀ ਫਿਲਥ ਹੈ, ਇੰਨੀ ਗਾਰਬੇਜ ਹੈ ਕਿ ਇਸ ਨੂੰ ਇੰਡੀਆ ਕਿਵੇਂ ਸੰਭਾਲੇਗਾ। ਚਲੋ, ਸਰਕਾਰ ਕੰਮ ਕਰ ਰਹੀ ਹੈ ਜਿਸ ਨੇ ਸ਼ਹਿਰਾਂ ਵਿਚ ਗਾਰਬੇਜ ਮੈਨੇਜਮੈਂਟ ਦੀ ਸਕੀਮ ਬਣਾਈ ਹੈ। ਅਸੀਂ ਸਵੱਛ ਭਾਰਤ ਪ੍ਰੋਗਰਾਮ ਨੂੰ ਵੀ ਵਧੀਆ ਤਰੀਕੇ ਨਾਲ ਲਾਗੂ ਕਰਕੇ ਕਮ-ਜ਼-ਕਮ ਗਰੀਬਾਂ ਨੂੰ ਟਾਇਲਟਸ ਬਣਾ ਕੇ ਦੇ ਦੇਈਏ। ਅੱਜ ਸਮਾਂ ਨਹੀਂ ਹੈ ਕਿ ਸਾਡੀਆਂ ਧੀਆਂ-ਭੈਣਾਂ ਪਖਾਨੇ ਵਾਸਤੇ ਖੁੱਲ੍ਹੇਆਮ ਖੇਤਾਂ ਵਿਚ ਜਾ ਸਕਣ, This is very unfortunate. ਇਹ ਬਿਲਕੁਲ ਬੰਦ ਹੋਣਾ ਚਾਹੀਦਾ ਹੈ। ਪਖਾਨੇ, ਟਾਇਲਟਸ ਹਰ ਘਰ ਨੂੰ ਉਪਲਬਧ ਹੋਣੇ ਚਾਹੀਦੇ ਹਨ। ਇਸ ਨੂੰ ਸਵੱਛ ਭਾਰਤ ਪ੍ਰੋਗਰਾਮ ਨਾਲ ਜੋੜ ਕੇ ਇਸ ਟਾਰਗੈਟ ਨੂੰ ਸਾਨੂੰ ਪੂਰਾ ਕਰਨਾ ਚਾਹੀਦਾ ਹੈ।

ਚੇਅਰਮੈਨ ਸਾਹਿਬ, ਸਰਕਾਰ ਨੇ ਆਰ.ਓ. ਲਗਾਉਣ ਦੀ ਵੀ ਗੱਲ ਆਖੀ ਹੈ। ਫਿਰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਪੰਜਾਬ ਦਾ ਸ਼ਰਬਤ ਵਰਗਾ ਪਾਣੀ ਹੁੰਦਾ ਸੀ, ਉਹ ਕੰਟੈਮੀਨੇਟਿਡ ਹੋ ਗਿਆ ਹੈ, ਉਸ ਵਿਚ ਮੈਟਲਜ਼ ਆ ਗਏ ਹਨ, ਕੈਮੀਕਲਜ਼ ਆ ਗਏ ਹਨ ਅਤੇ ਪੈਸਟੀਸਾਈਡਜ਼ ਆ ਗਏ ਹਨ। ਨਲਕੇ ਤਾਂ ਹੁਣ ਘਰਾਂ ਵਿਚੋਂ ਅਲੋਪ ਹੀ ਹੋ ਗਏ ਹਨ, ਨਲਕੇ ਤਾਂ ਪੰਜਾਬ ਵਿਚ ਹੈਰੀਟੇਜ ਹੀ ਬਣ ਜਾਣੇ ਹਨ। ਅੱਜ ਟੂਟੀ ਵਿਚੋਂ ਕੋਈ ਵੀ ਸਿੱਧਾ ਪਾਣੀ ਨਹੀਂ ਪੀ ਸਕਦਾ। ਜਿਨ੍ਹਾਂ ਕੋਲ ਆਰ.ਓਜ਼. ਨਹੀਂ ਹਨ, ਉਨ੍ਹਾਂ ਨੂੰ ਅਸੀਂ ਕਹਿੰਦੇ ਹਾਂ ਕਿ ਪਾਣੀ ਨੂੰ ਦੋ-ਤਿੰਨ ਵਾਰ ਉਬਾਲ ਕੇ, ਠੰਢਾ ਕਰਕੇ ਤੇ ਪੁਣ ਕੇ ਪੀਓ ਕਿਉਂਕਿ ਗੰਦਾ ਪਾਣੀ ਪੀਣ ਨਾਲ ਬਹੁਤ ਬਿਮਾਰੀਆਂ ਲੱਗ ਸਕਦੀਆਂ ਹਨ। ਜਿਥੇ ਤੁਸੀਂ ਆਰ.ਓ. ਲਗਾਏ ਹਨ, ਚੰਗੀ ਗੱਲ ਹੈ ਪਰ ਸਾਨੂੰ ਪਿੰਡਾਂ ਵਿਚ ਹੋਰ

[ ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ]

ਵੀ ਆਰ.ਓ. ਲਗਾਉਣ ਦੀ ਲੋੜ ਹੈ। ਮੈਂ ਵਿੱਤ ਮੰਤਰੀ ਜੀ ਨੂੰ ਕਹਿਣਾ ਚਾਹਾਂਗਾ ਕਿ ਮੇਰੇ ਹਲਕੇ ਵਿਚੋਂ ਵੇਈਂ ਨਦੀ ਲੰਘਦੀ ਹੈ। ਉਸ ਵਿਚ ਸੀਵਰੇਜ ਅਤੇ ਇੰਡਸਟਰੀ ਦਾ ਪਲਿਊਟਡ ਪਾਣੀ ਪੈਂਦਾ ਹੈ। ਉਸ ਕਾਰਨ ਬਹੁਤ ਜ਼ਿਆਦਾ ਮੱਛਰ ਤੇ ਗੰਦਗੀ ਰਹਿੰਦੀ ਹੈ। ਮੇਰੀ ਬੇਨਤੀ ਹੈ ਕਿ ਜਿਹੜੇ ਪਿੰਡ ਵੇਈਂ ਨਦੀ ਦੇ ਕਿਨਾਰੇ ਹਨ, ਉਨ੍ਹਾਂ ਦਾ ਸਰਵੇ ਕਰਵਾ ਕੇ ਉਨ੍ਹਾਂ ਦਾ ਢੁਕਵਾਂ ਹੱਲ ਕੱਢਿਆ ਜਾਵੇ। ਸਤਲੁਜ ਦਰਿਆ ਵਿਚ ਬੁੱਢੇ ਨਾਲੇ ਦਾ ਗੰਦਾ ਪਾਣੀ ਪੈਂਦਾ ਹੈ। ਮੁੱਖ ਮੰਤਰੀ, ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਬਹੁਤ ਵੱਡੀ ਕੋਸ਼ਿਸ਼ ਕਰਕੇ ਬੁੱਢੇ ਨਾਲੇ ਨੂੰ ਸਾਫ ਕਰਵਾ ਕੇ ਉਥੇ ਈ.ਟੀ.ਪੀ. ਅਤੇ ਐਸ.ਟੀ.ਪੀ. ਲਗਵਾਇਆ ਹੈ ਪਰ ਅਜੇ ਵੀ ਬੁੱਢੇ ਨਾਲੇ ਵਿਚ ਡਾਇੰਗ ਇੰਡਸਟਰੀ ਦਾ ਗੰਦਾ ਪਾਣੀ ਪੈਂਦਾ ਹੈ। ਇਹ ਉਥੋਂ ਹੀ ਸਟਾਰਟ ਹੁੰਦਾ ਹੈ ਜਿਥੋਂ ਕਿ ਸਾਡਾ ਹਲਕਾ ਸ਼ੁਰੂ ਹੁੰਦਾ ਹੈ। ਜਦੋਂ ਵੇਖਦੇ ਹਾਂ ਤਾਂ ਅਫਸੋਸ ਹੁੰਦਾ ਹੈ ਕਿ ਕਿੱਥੇ ਸਾਡੇ ਪੰਜਾਬੀ ਸਤਲੁਜ ਦਰਿਆ ਤੇ ਵੇਈਂ ਨਦੀ ਵਿਚੋਂ ਪਾਣੀ ਪੀਂਦੇ ਹੁੰਦੇ ਸਨ। ਇੰਨੇ ਮਾੜੇ ਹਾਲਾਤ ਹੋ ਗਏ ਹਨ ਕਿ ਅੱਜ ਉਥੇ ਆਪਾਂ ਖੜ੍ਹ ਵੀ ਨਹੀਂ ਸਕਦੇ। ਹਾਲਾਤ ਇੰਨੇ ਮਾੜੇ ਹੋ ਗਏ ਹਨ। ਸਾਨੂੰ ਆਰ.ਓ. ਸਿਸਟਮ ਨੂੰ ਪਿੰਡਾਂ ਵਿਚ ਜੰਗੀ ਪੱਧਰ ਤੇ ਸ਼ੁਰੂ ਕਰਨ ਦੀ ਲੋੜ ਹੈ।

ਚੇਅਰਮੈਨ ਸਾਹਿਬ, ਹੈਲਥ ਸੈਕਟਰ ਵਿੱਚ ਏਮਜ਼ ਦੀ ਸਥਾਪਨਾ ਕੀਤੀ ਜਾ ਰਹੀ ਹੈ । ਮੇਰਾ ਖਿਆਲ ਹੈ ਕਿ ਇਸ ਵਾਸਤੇ ਸਾਰਾ ਹਾਊਸ ਧੰਨਵਾਦੀ ਹੋਵੇਗਾ ਕਿ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼, ਸੈਂਟਰ ਗੌਰਮਿੰਟ ਨੇ ਸਾਨੂੰ ਦਿੱਤਾ ਹੈ । ਇਸ ਨਾਲ ਸਿਹਤ ਸੇਵਾਵਾਂ ਅਤੇ ਸਾਡਾ ਇੰਫ੍ਰਾਸਟਰਕਚਰ, ਬੁਨਿਆਦੀ ਢਾਂਚਾ ਮਜ਼ਬੂਤ ਹੋਵੇਗਾ ਕਿਉਂਕਿ ਏਮਜ਼ ਦਾ ਪੰਜਾਬ ਨੂੰ ਬਹੁਤ ਜ਼ਿਆਦਾ ਲਾਭ ਹੈ, ਇਸ ਵਾਸਤੇ ਅਸੀਂ ਸੈਂਟਰ ਗੌਰਮਿੰਟ ਦੇ ਧੰਨਵਾਦੀ ਹਾਂ । ਸਿਹਤ ਸੇਵਾਵਾਂ ਪ੍ਰਦਾਨ ਕਰਨਾ ਹਰ ਸਰਕਾਰ ਦੀ ਤਰਜੀਹ ਹੁੰਦੀ ਹੈ । ਭਗਤ ਪੂਰਨ ਸਿੰਘ ਜੀ ਸਿਹਤ ਬੀਮਾ ਯੋਜਨਾ ਵਿੱਤ ਮੰਤਰੀ ਸਾਹਿਬ ਨੇ ਸ਼ੁਰੂ ਕੀਤੀ ਹੈ । ਇਹ ਵੀ ਬੜੀ ਚੰਗੀ ਗੱਲ ਹੈ ਕਿਉਂਕਿ ਜਿਹੜੇ ਗਰੀਬ ਲੋਕ ਹਨ, ਉਹ ਆਪਣਾ ਇਲਾਜ ਨਹੀਂ ਕਰਵਾ ਸਕਦੇ, ਹਸਪਤਾਲ ਨਹੀਂ ਜਾ ਸਕਦੇ । ਪ੍ਰਾਈਵੇਟ ਹਸਪਤਾਲਾਂ ਵਿੱਚ ਖਰਚਾ ਜ਼ਿਆਦਾ ਹੁੰਦਾ ਹੈ ਤੇ ਉਹ ਵਿਚਾਰੇ ਕੀ ਕਰਨ । ਪਿੰਡਾਂ ਵਾਲੇ ਇਸੇ ਤਰ੍ਹਾਂ ਹੀ ਬੈਠੇ ਰਹਿੰਦੇ ਹਨ ਤੇ ਨੀਮ ਹਕੀਮ ਤੋਂ ਦਵਾ ਦਾਰੂ ਲੈ ਕੇ ਆਪਣਾ ਟਾਈਮ ਪਾਸ ਕਰਦੇ ਹਨ । ਭਗਤ ਪੂਰਨ ਸਿੰਘ ਜੀ ਸਿਹਤ ਬੀਮਾ ਯੋਜਨਾ ਬਾਰੇ ਮੇਰੀ ਢੀਂਡਸਾ ਸਾਹਿਬ ਨੂੰ ਬੇਨਤੀ ਹੈ ਕਿ ਇਸ ਨੂੰ ਠੀਕ ਤਰੀਕੇ ਨਾਲ ਲਾਗੂ ਕਰਨ ਦੀ ਲੋੜ ਹੈ । ਇਸ ਵਾਸਤੇ ਸਮਾਰਟ ਕਾਰਡ

ਬਣ ਜਾਣ ਤਾਂ ਕਿ ਬੀ. ਪੀ. ਐਲ. ਤੇ ਬਲਿਊ ਕਾਰਡ ਹੋਲਡਰਜ਼ ਇਸ ਇੰਸ਼ੋਰੈਂਸ ਸਕੀਮ ਨੂੰ ਅਵੇਲ ਕਰ ਸਕਣ । ਚੇਅਰਮੈਨ ਸਾਹਿਬ, ਕੈਂਸਰ ਦੇ ਇਲਾਜ ਵਾਸਤੇ ਅਤੇ ਡਰੱਗਜ਼ ਦੀ ਡੀ–ਅਡਿਕਸ਼ਨ ਵਾਸਤੇ ਸਰਕਾਰ ਨੇ ਬਹੁਤ ਵੱਡੇ ਕਦਮ ਚੁੱਕੇ ਹਨ । ਡਰੱਗਜ਼ ਡੀ–ਅਡਿਕਸ਼ਨ ਸੈਂਟਰ ਖੋਲ੍ਹੇ ਹਨ, ਇਹ ਜ਼ਿਲ੍ਹਿਆਂ ਵਿੱਚ ਵੀ ਖੋਲ੍ਹੇ ਗਏ ਹਨ ਅਤੇ ਇਹ ਤਹਿਸੀਲਾਂ ਵਿੱਚ ਵੀ ਖੋਲ੍ਹੇ ਗਏ ਹਨ । ਬੜੀ ਚੰਗੀ ਗੱਲ ਹੈ । ਚੇਅਰਮੈਨ ਸਾਹਿਬ, ਮੈਂ ਤੁਹਾਡੇ ਤੋਂ ਇਜਾਜ਼ਤ ਲੈਣੀ ਚਾਹੁੰਦਾ ਹਾਂ। ਸਾਡੇ ਵੀ ਮਨ ਦੇ ਵਲਵਲੇ ਹੁੰਦੇ ਹਨ। ਬਾਦਲ ਸਾਹਿਬ ਬੈਠੇ ਨਹੀਂ ਹਨ ਪਰ ਵਿੱਤ ਮੰਤਰੀ ਜੀ ਬੈਠੇ ਹਨ । ਮੈਂ ਆਪਣੇ ਵੱਲੋਂ ਚੀਫ ਮਨਿਸਟਰ ਕੈਂਸਰ ਰਿਲੀਫ ਫੰਡ ਵਿੱਚ ਰੈਸਟਰੋਪੈਕਟਿਵਲੀ, ਪਿਛਲੇ ਸਮੇਂ ਵਿੱਚ ਵੀ ਤੇ ਆਉਣ ਵਾਲੇ ਸਮੇਂ ਵਿੱਚ ਵੀ ਆਪਣੀ ਇੱਕ ਮਹੀਨੇ ਦੀ ਤਨਖਾਹ ਪਾਉਣਾ ਚਾਹੁੰਦਾ ਹਾਂ । (ਥੰਪਿੰਗ) ਜੇ ਮੈਨੂੰ ਹਾਊਸ ਅਲਾਓ ਕਰੇਗਾ ਤੇ ਮੈਨੂੰ ਉਮੀਦ ਹੈ ਕਿ ਤੁਸੀਂ ਮੈਨੂੰ ਸਪੋਰਟ ਕਰੋਗੇ । ਆਪਣੇ ਰਿਸ਼ਤੇਦਾਰਾਂ ਨੂੰ, ਆਪਣੇ ਪਰਿਵਾਰਾਂ ਨੂੰ ਇਸ ਨਾਮੁਰਾਦ ਬਿਮਾਰੀ ਦਾ ਸਾਹਮਣਾ ਕਰਨਾ ਪਿਆ । ਅਸੀਂ ਕਈ ਵਾਰ ਜਦੋਂ ਭੋਗਾਂ ਤੇ ਜਾਂਦੇ ਹਾਂ ਤੇ ਇਹ ਸੋਚਦੇ ਹਾਂ ਕਿ ਕੀ ਆਪਾਂ ਇਸ ਸਮੇਂ ਵਿੱਚ, ਇਸ ਜੈਨਰੇਸ਼ਨ ਵਿੱਚ ਜਨਮ ਲਿਆ ਹੈ ਲੇਕਿਨ ਅੱਜ ਕੈਂਸਰ ਦਾ ਕੋਈ ਇਲਾਜ ਨਹੀਂ, ਇਹ ਲਾਇਲਾਜ ਬਿਮਾਰੀ ਹੈ । ਸਾਇੰਸ ਇਸ ਬਾਰੇ ਕੋਈ ਨਵੀਂ ਕਾਢ ਕੱਢ ਕੇ ਆਪਣੀ ਜ਼ਿੰਦਗੀ ਦੇ ਦੌਰਾਨ ਜੇ ਇਸ ਦਾ ਕਿਤੇ ਇਲਾਜ ਹੋ ਜਾਵੇ ਤਾਂ ਅਸੀਂ ਆਪਣੇ ਆਪ ਨੂੰ ਖੁਸ਼ਕਿਸਮਤ ਸਮਝਾਂਗੇ ।

ਚੇਅਰਮੈਨ ਸਾਹਿਬ, ਇਰੀਗੇਸ਼ਨ ਵਾਸਤੇ ਢੀਂਡਸਾ ਸਾਹਿਬ ਨੇ 1000 ਕਰੋੜ ਰੁਪਏ ਤੋਂ ਵੀ ਵੱਧ ਰਾਸ਼ੀ ਰੱਖੀ ਹੈ। ਚੇਅਰਮੈਨ ਸਾਹਿਬ, ਮੈਂ ਢੀਂਡਸਾ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਦਾ ਵਾਟਰ ਟੇਬਲ ਬਹੁਤ ਤੇਜ਼ੀ ਨਾਲ ਘੱਟ ਰਿਹਾ ਹੈ। ਡੇਲੀ ਇਕਨਾਮਿਸਟ ਵਿੱਚ ਇੱਕ ਆਰਟੀਕਲ ਆਇਆ ਸੀ, ਉਸ ਵਿੱਚ ਕਿਹਾ ਗਿਆ ਸੀ ਕਿ ਸਭ ਤੋਂ ਵੱਧ ਜ਼ਮੀਨੀ ਪਾਣੀ ਜਿੱਥੇ ਪੰਪ ਹੋ ਰਿਹਾ ਹੈ ਤਾਂ ਉਹ ਦੋ ਏਰੀਆਜ਼ ਹਨ। ਇੱਕ ਨਾਰਥ ਇੰਡੀਆ ਦਾ ਬੇਸਨ ਹੈ, ਸਤਲੁਜ ਰਾਵੀ ਦਰਿਆ ਦਾ ਏਰੀਆ। ਆਪਾਂ ਹਿਮਾਚਲ, ਯੂ. ਪੀ. ਤੱਕ ਵੀ ਜਾ ਸਕਦੇ ਹਾਂ; ਤੇ second one is the Tigers River. ਇਹ ਇਰਾਕ ਵਿੱਚੋਂ ਦੀ ਲੰਘਦੀ ਹੈ। ਅਸੀਂ ਜੌਗਰਫੀ ਪੜ੍ਹੀ ਹੈ ਲੇਕਿਨ ਇਕਨਾਮਿਸਟਾਂ ਨੇ ਕਿਹਾ ਹੈ ਕਿ ਇਨ੍ਹਾਂ ਦੋ ਖੇਤਰਾਂ ਵਿੱਚ ਸਭ ਤੋਂ ਵੱਧ ਪਾਣੀ ਪੰਪ ਹੋ ਰਿਹਾ ਹੈ।

**ਸ਼੍ਰੀ ਸਭਾਪਤੀ :** ਵਡਾਲਾ ਸਾਹਿਬ, ਟਾਈਮ ਹੋ ਗਿਆ ਹੈ ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਚੇਅਰਮੈਨ ਸਾਹਿਬ, ਮੈਂ ਦੋ ਕੁ ਮਿੰਟ ਹੀ ਲੈਣੇ ਹਨ । ਇਸ ਪਾਸੇ ਧਿਆਨ ਦੇਣ ਦੀ ਲੋੜ ਹੈ । ਮੇਰੀ ਢੀਂਡਸਾ ਸਾਹਿਬ ਨੂੰ ਬੇਨਤੀ ਹੈ ਕਿ ਇਸ ਬਾਰੇ ਕਈ ਰਿਪੋਰਟਸ ਆਈਆਂ ਹਨ । ਪੰਜਾਬ ਦੇ ਕਈ ਬਲਾਕ ਕ੍ਰਿਟੀਕਲ ਏਰੀਏ ਵਿੱਚ ਹਨ । ਸਾਡੇ ਆਪਣੇ ਬਲਾਕ ਕ੍ਰਿਟੀਕਲ ਏਰੀਏ ਵਿੱਚ ਹਨ । ਲਾਲ ਅੱਖਰਾਂ ਨਾਲ ਲਿਖੇ ਗਏ ਹਨ । ਜਲੰਧਰ ਜ਼ਿਲ੍ਹੇ ਦੇ ਬਲਾਕਾਂ ਵਿੱਚ ਜ਼ਮੀਨ ਦਾ ਪਾਣੀ ਬਹੁਤ ਤੇਜ਼ੀ ਨਾਲ ਥੱਲੇ ਜਾ ਰਿਹਾ ਹੈ ਤੇ ਇਸ ਨੂੰ ਰੀਚਾਰਜ ਕਿਵੇਂ ਕਰਨਾ ਹੈ ? ਢੀਂਡਸਾ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਰੀਚਾਰਜ ਕਿਵੇਂ ਹੋ ਸਕਦੇ ਹਨ? ਉਹ ਤਾਂ ਹੋ ਸਕਦੇ ਹਨ ਜੇ ਸਾਡੀਆਂ ਨਹਿਰਾਂ ਵਿੱਚ ਪਾਣੀ ਆ ਜਾਵੇ । ਇਸ ਵਿਧਾਨ ਸਭਾ ਦਾ ਜਦੋਂ ਪਹਿਲਾ ਸੈਸ਼ਨ ਸੀ ਉਦੋਂ ਸੇਖੋਂ ਸਾਹਿਬ, ਸਿੰਚਾਈ ਮੰਤਰੀ ਸਨ । ਹੁਣ ਤਾਂ ਢਿੱਲੋਂ ਸਾਹਿਬ ਬੈਠੇ ਹਨ, ਇਹ ਵੀ ਸੁਣ ਰਹੇ ਸਨ। ਮੇਰੀ ਬੇਨਤੀ ਹੈ ਕਿ ਬਿਸਤ ਦੁਆਬ ਕੈਨਾਲ ਦੁਆਬੇ ਦੇ ਜ਼ਿਲ੍ਹਿਆਂ ਨੂੰ ਫੀਡ ਕਰਦੀ ਹੈ ਜਿਨ੍ਹਾਂ ਵਿਚ ਜਲੰਧਰ, ਨਵਾਂ ਸ਼ਹਿਰ, ਕਪੂਰਥਲਾ ਅਤੇ ਹੁਸ਼ਿਆਰਪੁਰ ਦਾ ਕੁਝ ਹਿੱਸਾ ਪੈਂਦਾ ਹੈ। ਪੰਜਾਬ ਦੀਆਂ ਤਕਰੀਬਨ ਸਾਰੀਆਂ ਨਹਿਰਾਂ ਪੱਕੀਆਂ ਹਨ ਤੇ ਪੰਜਾਬ ਦੇ ਕਈ ਖਾਲੇ ਪੱਕੇ ਹਨ ਪਰ ਨਾ ਤਾਂ ਬਿਸਤ ਦੁਆਬ ਨਹਿਰ ਪੱਕੀ ਹੈ ਤੇ ਨਾ ਹੀ ਖਾਲੇ ਪੱਕੇ ਹਨ। ਸਾਡੀਆਂ ਨਹਿਰਾਂ ਵਿੱਚ ਪਾਣੀ ਨਹੀਂ ਆਉਂਦਾ ਅਤੇ ਟੇਲ ਤੇ ਤਾਂ ਪਿਛਲੇ ਵੀਹ ਸਾਲ ਤੋਂ ਪਾਣੀ ਨਹੀਂ ਪਹੁੰਚਿਆ । ਅਗਰ ਨਹਿਰਾਂ ਵਿੱਚ ਪਾਣੀ ਨਾ ਆਇਆ ਤਾਂ ਵਾਟਰ ਟੇਬਲ ਰੀਚਾਰਜ ਨਹੀਂ ਹੋ ਸਕਦਾ ਤਾਂ ਫਿਰ ਆਪਾਂ ਨੂੰ ਸੰਕਟ ਦਾ ਸਾਹਮਣਾ ਕਰਨਾ ਪਵੇਗਾ । ਮੈਂ, ਢੀਂਡਸਾ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਪਿਛਲੇ ਬਜਟ ਵਿੱਚ ਵੀ ਤੁਸੀਂ ਪੰਜਾਹ ਕਰੋੜ ਰੁਪਿਆ ਦੋ ਡਿਸਟਰੀਬਿਊਟਰੀਜ਼ ਨੂੰ ਪੱਕਾ ਕਰਨ ਵਾਸਤੇ ਰੱਖੇ ਸਨ : ਇੱਕ ਸਿਰੀ ਡਿਸਟਰੀਬਿਊਟਰੀ ਸੀ ਤੇ ਇੱਕ ਅਪਰ ਮੁਕੰਦਪੁਰ ਡਿਸਟਰੀਬਿਊਟਰੀ ਜਿਹੜੀਆਂ ਨਵਾਂ ਸ਼ਹਿਰ ਤੇ ਜਲੰਧਰ ਜ਼ਿਲ੍ਹੇ ਦੀਆਂ ਸਨ ਪਰ ਇਹ ਵੀ ਪੈਸੇ ਨਹੀਂ ਦੇ ਸਕੇ। ਇਸ ਕਰਕੇ ਬਿਸਤ ਦੁਆਬ ਨਹਿਰ, ਇਸ ਦੇ ਮਾਈਨਰਜ਼, ਇਸ ਦੀਆਂ ਡਿਸਟਰੀਬਿਊਟਰੀਜ਼ ਨੂੰ ਪੱਕਾ ਕਰਨਾ ਚਾਹੀਦਾ ਹੈ । ਇਸ ਬਾਰੇ ਬਜਟ ਵਿੱਚ ਪ੍ਰੋਵੀਜ਼ਨ ਜ਼ਰੂਰ ਲੈ ਕੇ ਆਓ ਕਿਉਂਕਿ ਸਮਾਂ ਇਸ ਦੀ ਮੰਗ ਕਰਦਾ ਹੈ । ਇੱਕ ਗੱਲ ਹੋਰ ਮੈਂ ਕਰਨੀ ਹੈ, ਇਰੀਗੇਸ਼ਨ ਮਨਿਸਟਰ ਸਾਹਿਬ ਬੈਠੇ ਹਨ....

**ਸ਼੍ਰੀ ਸਭਾਪਤੀ :** ਵਡਾਲਾ ਸਾਹਿਬ, ਸਮਾਪਤੀ ਕਰੋ ਜੀ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਬੱਸ ਲਾਸਟ ਹੈ ਜੀ। ਮੈਂ ਵੇਈਆਂ ਨੂੰ ਸਾਫ ਕਰਨ ਵਾਸਤੇ ਗੱਲ ਕਰਨੀ ਚਾਹੁੰਦਾ ਹਾਂ। ਜਿਹੜੀ ਬਿਸਤ ਦੁਆਬ ਵੇਈਆਂ ਦੇ ਨਾਲ ਦੀ ਲੰਘਦੀ ਹੈ, ਇਸ ਬਿਸਤ ਦੁਆਬ ਦਾ ਪਾਣੀ ਵੇਈਆਂ ਵਿੱਚ ਵੀ ਪਾਇਆ ਜਾਵੇ ਤਾਂ ਜੋ ਵੇਈਆਂ ਸਾਫ ਹੋਣ। ਜਦੋਂ ਆਪਾਂ ਇਥੋਂ ਦੇ ਵਾਧੂ ਪਾਣੀ ਦੇ ਗੇਟ ਖੋਲ੍ਹਦੇ ਹਾਂ ਤਾਂ ਕਈ ਵਾਰ ਵਾਧੂ ਪਾਣੀ ਪਾਕਿਸਤਾਨ ਨੂੰ ਚਲਿਆ ਜਾਂਦਾ ਹੈ। ਇਸ ਦਾ ਕੀ ਫਾਇਦਾ? ਉਹੀ ਪਾਣੀ ਆਪਾਂ ਵੇਈਆਂ ਵਿੱਚ ਪਾਈਏ ਤਾਂ ਕਿ ਉਥੇ ਵਾਟਰ ਟੇਬਲ ਰੀਚਾਰਜ ਹੋਵੇ ਅਤੇ ਵੇਈਆਂ ਵੀ ਸਾਫ ਹੋ ਸਕਣ, ਇਹ ਕੁਦਰਤੀ ਸੋਮਿਆਂ ਦਾ ਪਾਣੀ ਹੈ। ਚੇਅਰਮੈਨ ਸਾਹਿਬ, ਬੱਸ ਦੋ ਮਿੰਟ ਲੈਣੇ ਹਨ, ਇਹ ਲਾਸਟ ਹੈ, ਕਿਤੇ ਇਸ ਨੂੰ ਆਪਾਂ ਆਪਣੇ ਹੱਥੋਂ ਗਵਾ ਨਾ ਲਈਏ। ਨਾਸਾ ਦੀ ਇੱਕ ਰਿਪੋਰਟ ਆਈ ਸੀ। ਤੁਸੀਂ ਸਾਰਿਆਂ ਨੇ ਪੜ੍ਹੀ ਹੋਣੀ ਹੈ। ਜੇ ਪੰਜਾਹ ਸਾਲ ਪੰਜਾਬ ਵਿਚੋਂ ਇਸੇ ਤਰ੍ਹਾਂ ਪਾਣੀ ਪੰਪ ਹੁੰਦਾ ਗਿਆ ਤਾਂ ਹੋ ਸਕਦਾ ਹੈ ਕਿ ਪੰਜਾਬ ਖੁਸ਼ਕ ਹੋ ਜਾਵੇ, ਇਥੇ ਡੈਜ਼ਰਟ ਬਣ ਜਾਵੇ। ਸੋ, ਢੀਂਡਸਾ ਸਾਹਿਬ, ਵਾਟਰ ਟੇਬਲ ਨੂੰ ਰੀਚਾਰਜ ਕਰਨ ਲਈ ਵਾਟਰ ਹਾਰਵੈਸਟਿੰਗ ਸਿਸਟਮ ਆਪਾਂ ਬਜਟ ਵਿੱਚ ਮੈਨਸ਼ਨ ਨਹੀਂ ਕੀਤਾ। ਉਹ ਵੀ ਆਪਾਂ ਨੂੰ ਲਾਗੂ ਕਰਨੇ ਚਾਹੀਦੇ ਹਨ। ਪਾਵਰ ਅਤੇ ਰੀਨਿਊਅਲ ਐਨਰਜੀ ਵਾਸਤੇ ਵੀ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਵਧੀਆ ਕਦਮ ਚੁੱਕੇ ਹਨ। ਵੱਡੇ ਵੱਡੇ ਥਰਮਲ ਪਲਾਂਟ ਲਗਾ ਕੇ ਪਾਵਰ ਦੀ ਘਾਟ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਹੈ। ਇੱਕ ਨਾ ਇੱਕ ਦਿਨ ਪੰਜਾਬ ਪਾਵਰ ਸਰਪਲੱਸ ਜਾਂ ਇਕੂਟੇਬਲ ਹੋ ਜਾਵੇਗਾ। ਜੇ ਪਾਵਰ ਦੇ ਵਿੱਚ ਸਰਪਲੱਸ ਨਾ ਕਹੀਏ ਤਾਂ ਆਪਣੀ ਜਿੰਨੀ ਪਾਵਰ ਚਾਹੀਦੀ ਹੈ, ਉਹ ਇਨ੍ਹਾਂ ਥਰਮਲ ਪਲਾਂਟਸ ਤੋਂ ਮਿਲ ਸਕੇਗੀ। ਰਿਨਿਊਅਲ ਐਨਰਜੀ ਵਾਸਤੇ, ਸੋਲਰ ਪਾਵਰ ਐਨਰਜੀ ਵਾਸਤੇ ਬਹੁਤ ਵਧੀਆ ਕਦਮ ਸਰਦਾਰ ਬਿਕਰਮ ਸਿੰਘ ਮਜੀਠੀਆ ਜੀ ਨੇ ਚੁੱਕੇ ਹਨ। ਅੱਗੇ ਰੋਡਜ਼ ਐਂਡ ਬਰਿਜਜ਼ ਹਨ...

**ਸ਼੍ਰੀ ਸਭਾਪਤੀ :** ਵਡਾਲਾ ਸਾਹਿਬ, ਬੈਠੋ ਜੀ, ਹੁਣ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਬੱਸ ਲਾਸਟ ਹੈ ਜੀ। ਮੈਂ ਵਿੱਤ ਮੰਤਰੀ ਜੀ ਦਾ ਧਿਆਨ ਸੜਕਾਂ ਅਤੇ ਪੁਲਾਂ ਬਾਰੇ ਦਿਵਾਉਣਾ ਚਾਹੁੰਦਾ ਹਾਂ। ਢੀਂਡਸਾ ਸਾਹਿਬ, ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਵਾਸਤੇ ਆਪਾਂ ਸੜਕਾਂ ਅਤੇ ਪੁਲਾਂ ਵਾਸਤੇ ਕਾਫੀ ਪੈਸੇ ਦਿੱਤੇ ਹਨ ਲੇਕਿਨ ਇੱਕ ਪ੍ਰਧਾਨ ਮੰਤਰੀ ਗ੍ਰਾਮ

ਸੜਕ ਯੋਜਨਾ ਹੈ। ਉਸ ਦੇ ਵਿੱਚ ਦਸ ਮੀਟਰ ਦੀ ਸ਼ਰਤ ਰੱਖੀ ਗਈ ਹੈ ਕਿ ਦਸ ਮੀਟਰ ਦੀ ਸੜਕ ਹੋਵੇਗੀ ਤਾਂ ਹੀ ਉਸ ਨੂੰ ਆਪਾਂ ਵਾਈਡਨ ਅਤੇ ਸਟਰੈਂਥਨ ਕਰ ਸਕਾਂਗੇ। ਅਸੀਂ ਤੁਹਾਨੂੰ ਬੇਨਤੀ ਕਰਦੇ ਹਾਂ ਕਿ ਦੁਆਬੇ ਦੇ ਜਿੰਨੇ ਜ਼ਿਲ੍ਹੇ ਹਨ, ਉਥੇ 6 ਮੀਟਰ ਦੀਆਂ ਸੜਕਾਂ ਹਨ। ਇਨ੍ਹਾਂ ਨੂੰ ਚਾਰ ਕਰਮਾਂ ਦੀ ਸੜਕ ਕਹਿੰਦੇ ਹਨ, ਕਈ ਵਾਰ ਚਾਰ ਕਾਨਿਆਂ ਦੀ ਕਹਿ ਦਿੰਦੇ ਹਾਂ। ਮੈਂ, ਬਾਦਲ ਸਾਹਿਬ ਨੂੰ ਕਈ ਵਾਰ ਆਖਿਆ ਹੈ। ਉਨ੍ਹਾਂ ਨੇ ਕਿਹਾ ਸੀ ਕਿ ਨਿਤਨ ਗਡਕਰੀ ਜੀ ਨੂੰ ਨੋਟ ਭੇਜਣਾ ਹੈ।ਮੈਂ ਚਾਹੁੰਦਾ ਹਾਂ ਕਿ ਦੁਆਬੇ ਦੇ ਇਨ੍ਹਾਂ ਜ਼ਿਲ੍ਹਿਆਂ ਵਾਸਤੇ ਨੋਟ ਭੇਜ ਕੇ ਉਹ ਰਿਲੈਕਸੇਸ਼ਨ ਮੰਗਣੀ ਚਾਹੀਦੀ ਹੈ ਤਾਂ ਕਿ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਵਿੱਚ ਸਾਡੇ .....

**ਸ਼੍ਰੀ ਸਭਾਪਤੀ :** ਬੈਠੋ ਜੀ, ਸਮਾਪਤੀ ਕਰੋ ਜੀ। ਅੱਗੇ ਸੋਮ ਪ੍ਰਕਾਸ਼ ਜੀ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਲਾਸਟ ਹੈ ਜੀ। ਮੈਂ ਢੀਂਡਸਾ ਸਾਹਿਬ ਕੋਲ ਇੱਕ ਮੰਗ ਜ਼ਰੂਰ ਰੱਖਾਂਗਾ ਕਿ ਸਾਡੀ ਇੱਕ ਫਿਲੌਰ-ਕਪੂਰਥਲਾ ਸੜਕ ਹੈ ਜਿਹੜੀ ਸੁਲਤਾਨਪੁਰ ਲੋਧੀ ਨੂੰ ਵੀ ਕੁਨੈਕਟ ਕਰਦੀ ਹੈ। ਐਮ.ਐਲ.ਏ. ਸਾਹਿਬ ਬੈਠੇ ਹਨ, ਉਹ ਵੀ ਜ਼ਿਕਰ ਕਰਦੇ ਸਨ। ਉਹ ਬਾਬੇ ਨਾਨਕ ਦੀ ਨਗਰੀ ਨੂੰ ਕੁਨੈਕਟ ਕਰਦੀ ਹੈ। ਫਿਲੌਰ-ਕਪੂਰਥਲਾ ਰੋਡ ਨੂੰ ਚੌੜਾ ਕਰਨ ਵਾਸਤੇ ਵੀ ਇਸ ਬਜਟ ਵਿੱਚ ਜ਼ਰੂਰ ਪੈਸਾ ਰੱਖਿਆ ਜਾਵੇ। ਮੈਂ ਹੋਰ ਸਮਾਂ ਨਾ ਲੈਂਦਾ ਹੋਇਆ ਬਜਟ ਦੀ ਪੁਰਜ਼ੋਰ ਪ੍ਰੋੜ੍ਹਤਾ ਕਰਦਾ ਹਾਂ ਅਤੇ ਸਦਨ ਨੂੰ ਬੇਨਤੀ ਕਰਦਾ ਹਾਂ ਕਿ ਇਸ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ। ਚੇਅਰਮੈਨ ਸਾਹਿਬ, ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ।

**ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ (ਸ਼੍ਰੀ ਸੋਮ ਪ੍ਰਕਾਸ਼):** ਚੇਅਰਮੈਨ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬਜਟ ਉਤੇ ਬਹਿਸ ਕਰਨ ਦਾ ਮੌਕਾ ਦਿੱਤਾ ਹੈ। ਇਹ ਬਜਟ, ਸਰਦਾਰ ਪਰਮਿੰਦਰ ਸਿੰਘ ਢੀਂਡਸਾ, ਜਿਹੜੇ ਨੌਜਵਾਨ ਮੰਤਰੀ ਹਨ, ਹੁਰਾਂ ਨੇ ਚੌਥਾ ਬਜਟ ਪੇਸ਼ ਕੀਤਾ ਹੈ, ਇਹ ਵਧਾਈ ਦੇ ਪਾਤਰ ਹਨ। ਮੈਂ ਸ਼ਲਾਘਾ ਕਰਦਾ ਹਾਂ ਕਿ ਇਨ੍ਹਾਂ ਨੇ ਜਿਹੜੀਆਂ ਨਵੀਆਂ ਸਕੀਮਾਂ ਗਰੀਬ ਵਰਗ ਲਈ ਇੰਟਰੋਡਿਊਸ ਕੀਤੀਆਂ ਹਨ, ਉਨ੍ਹਾਂ ਦਾ ਮੈਂ ਜ਼ਿਕਰ ਕਰਨਾ ਚਾਹਾਂਗਾ। ਪ੍ਰਧਾਨ ਮੰਤਰੀ ਆਦਰਸ਼ ਗ੍ਰਾਮ ਯੋਜਨਾ, ਜਿਹੜੀ ਇਸ ਵਾਰ ਸ਼ੁਰੂ ਕੀਤੀ ਗਈ ਹੈ। ਇਹ ਬਹੁਤ ਅੱਛੀ ਸਕੀਮ ਹੈ। ਇਸ ਸਕੀਮ ਦੇ ਥੱਲੇ ਪੰਜਾਬ ਦੇ ਉਹ ਪਿੰਡ, ਜਿਨ੍ਹਾਂ ਵਿੱਚ 50

ਪ੍ਰਤੀਸ਼ਤ ਤੋਂ ਵੱਧ ਅਬਾਦੀ ਐਸ.ਸੀਜ਼ ਲੋਕਾਂ ਦੀ ਹੈ, ਉਨ੍ਹਾਂ ਨੂੰ ਕਵਰ ਕੀਤਾ ਜਾਣਾ ਹੈ। ਮੈਂ ਥਾਵਰ ਚੰਦ ਜੀ ਗਹਿਲੋਤ ਜੋ ਸੈਂਟਰ ਦੇ ਸੋਸ਼ਲ ਜਸਟਿਸ ਅਤੇ ਇੰਪਾਵਰ ਮੰਤਰੀ ਹਨ, ਉਨ੍ਹਾਂ ਨੂੰ ਡੀ.ਓ. ਲੈਟਰ ਵੀ ਲਿਖਿਆ ਸੀ। ਉਨ੍ਹਾਂ ਨੂੰ ਮੈਂ ਪਰਸਨਲੀ ਵੀ ਮਿਲਿਆ ਸੀ। ਉਨ੍ਹਾਂ ਨੇ ਯਕੀਨ ਦਿਵਾਇਆ ਸੀ ਕਿ ਪੰਜਾਬ ਵਿੱਚ ਇਹ ਸਕੀਮ ਇਸ ਵਾਰ ਸ਼ੁਰੂ ਕੀਤੀ ਜਾਵੇਗੀ। ਇਹ ਇੱਕ ਪਾਇਲਟ ਪ੍ਰੋਜੈਕਟ 1000 ਪਿੰਡਾਂ ਦਾ ਪੰਜ ਸਟੇਟਾਂ ਉੱਤਰ ਪ੍ਰਦੇਸ਼, ਬਿਹਾਰ, ਰਾਜਸਥਾਨ, ਤਾਮਿਲਨਾਡੂ ਅਤੇ ਆਸਾਮ ਵਿੱਚ ਸ਼ੁਰੂ ਹੋਇਆ ਸੀ। ਇਸ ਵਾਰੀ ਇਹ ਪੰਜਾਬ ਵਿੱਚ ਸ਼ੁਰੂ ਹੋ ਰਿਹਾ ਹੈ ਜਿਸ ਨਾਲ ਕੋਈ 22 ਤੋਂ 25 ਪ੍ਰਤੀਸ਼ਤ ਪੰਜਾਬ ਦੀ ਅਬਾਦੀ ਕਵਰ ਹੋਣੀ ਹੈ। ਜਿਥੇ 50 ਪ੍ਰਤੀਸ਼ਤ ਤੋਂ ਵੱਧ ਐਸ.ਸੀਜ਼ ਪਾਪੂਲੇਸ਼ਨ ਹੈ, ਉਨ੍ਹਾਂ ਦਾ ਵਿਕਾਸ ਕਰਨਾ ਹੈ, ਉਥੇ ਬੁਨਿਆਦੀ ਢਾਂਚਾ ਦੇਣਾ ਹੈ ਤਾਂ ਕਿ ਉਹ ਪਿੰਡ ਤਕੜੇ ਹੋ ਸਕਣ, ਮਜ਼ਬੂਤ ਹੋ ਸਕਣ। ਮੈਂ, ਵਿੱਤ ਮੰਤਰੀ ਜੀ ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੇ ਇਸ ਵਾਰ ਇਹ ਬਹੁਤ ਵਧੀਆ ਸਕੀਮ ਲਾਗੂ ਕੀਤੀ ਹੈ। ਦੂਸਰੀ ਸਕੀਮ ਜਿਹੜੀ ਇਨ੍ਹਾਂ ਨੇ ਘੱਟ ਗਿਣਤੀਆਂ ਦੀ ਭਲਾਈ ਲਈ ਸ਼ੁਰੂ ਕੀਤੀ ਹੈ, 10 ਕਰੋੜ ਰੁਪਿਆ ਮੁਸਲਮਾਨਾਂ ਅਤੇ ਇਸਾਈ ਲੋਕਾਂ ਦੀਆਂ ਕਬਰਿਸਤਾਨਾਂ ਵਾਸਤੇ ਰੱਖਿਆ ਹੈ, ਮੈਂ ਇਸ ਦੀ ਸ਼ਲਾਘਾ ਕਰਦਾ ਹਾਂ ਕਿਉਂਕਿ ਜਦੋਂ ਅਸੀਂ ਪਿੰਡਾਂ ਵਿਚ ਜਾਂਦੇ ਹਾਂ ਤਾਂ ਕਈ ਇਸਾਈ ਭਾਈਚਾਰੇ ਦੇ ਲੋਕ, ਮੁਸਲਮਾਨ ਭਾਈਚਾਰੇ ਦੇ ਲੋਕ ਇਹ ਮੰਗ ਕਰਦੇ ਹਨ ਕਿ ਸਾਡੇ ਲਈ ਕਬਰਿਸਤਾਨਾਂ ਲਈ ਜਗ੍ਹਾ ਨਹੀਂ ਹੈ। ਇਸ ਲਈ ਜਿਹੜਾ ਤੁਸੀਂ ਵਿਸ਼ੇਸ਼ ਤੌਰ ਤੇ 10 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਹੈ, ਇਸ ਲਈ ਵੀ ਤੁਸੀਂ ਵਧਾਈ ਦੇ ਪਾਤਰ ਹੋ। ਜੇ ਸ਼ਹਿਰੀ ਵਿਕਾਸ ਦੀ ਗੱਲ ਕਰੀਏ ਤਾਂ ਸਾਡੇ ਮਾਨਯੋਗ ਇਕ ਐਮ.ਐਲ.ਏ., ਸਾਹਿਬ 50000 ਮਕਾਨਾਂ ਦੀ ਗੱਲ ਕਰ ਰਹੇ ਸੀ । ਸ਼ਹਿਰਾਂ ਵਿਚ ਪੰਜਾਹ ਹਜ਼ਾਰ ਮਕਾਨ ਬਣਾਉਣ ਲਈ ਸਪੱਸ਼ਟ ਤੌਰ ਤੇ ਬਜਟ ਵਿਚ ਲਿਖਿਆ ਹੈ ਕਿ ਇਹ ਹੁੱਡਕੋ ਤੋਂ ਅਸੀਂ ਪੈਸਿਆਂ ਦਾ ਪ੍ਰਬੰਧ ਕਰਕੇ ਕਮਜ਼ੋਰ ਵਰਗ ਦੇ ਲੋਕਾਂ ਲਈ ਵੀਹ ਸਾਲਾਂ ਵਿਚ ਅਸਾਨ ਮਾਸਿਕ ਕਿਸ਼ਤਾਂ ਤੇ ਮਕਾਨ ਬਣਾਉਣੇ ਹਨ। ਇਹ ਗਰੀਬ ਤੇ ਕਮਜ਼ੋਰ ਲੋਕ ਹਨ ਜਿਹੜੇ ਆਪਣੇ ਮਕਾਨ ਨਹੀਂ ਬਣਾ ਸਕਦੇ, ਜਿਨ੍ਹਾਂ ਦਾ ਸੁਪਨਾ ਸੀ ਕਿ ਸਾਡੇ ਸ਼ਹਿਰ ਵਿਚ ਮਕਾਨ ਹੋਣ। ਇਹ ਉਨ੍ਹਾਂ ਲਈ ਬਹੁਤ ਵਧੀਆ ਸਕੀਮ ਹੈ ਤਾਂ ਕਿ ਉਹ ਆਪਣਾ ਮਕਾਨ ਬਣਾ ਕੇ ਉਨ੍ਹਾਂ ਦੇ ਉਹ ਮਾਲਕ ਬਣ ਸਕਣ । ਜੇ ਸ਼ਹਿਰਾਂ ਦੀ ਗੱਲ ਕਰੀਏ ਕਿ 100 ਪ੍ਰਤੀਸ਼ਤ ਸੀਵਰੇਜ, ਜਲ ਸਪਲਾਈ ਦੀ ਸਕੀਮ ਬਾਰੇ ਬਜਟ ਵਿਚ ਕਿਹਾ ਗਿਆ

ਹੈ ਅਤੇ ਇਸ ਵਾਰ ਪੰਜਾਬ ਵਿਚ ਜਿਹੜੀ ਪੰਜਾਬ ਸ਼ਹਿਰੀ ਵਿਕਾਸ ਮਿਸ਼ਨ ਦੀ ਸ਼ੁਰੂਆਤ ਕਰਨ ਦੀ ਗੱਲ ਬਜਟ ਵਿਚ ਕਹੀ ਗਈ ਹੈ। ਇਹ ਬਹੁਤ ਵਧੀਆ ਗੱਲ ਹੈ। ਪੰਜਾਬ ਵਿਚ 165 ਕਸਬੇ ਹਨ ਤੇ ਇਕ ਕਰੋੜ ਚਾਰ ਲੱਖ ਅਬਾਦੀ ਹੈ ਜਿਸ ਵਿਚੋਂ 37% ਅਬਾਦੀ ਸ਼ਹਿਰਾਂ ਵਿਚ ਵੱਸਦੀ ਹੈ । ਅੱਜ ਜਿੰਨੀ ਤੇਜ਼ੀ ਨਾਲ ਸ਼ਹਿਰੀਕਰਨ ਹੋ ਰਿਹਾ ਹੈ ਉਸ ਹਿਸਾਬ ਨਾਲ ਸਾਲ 2025 ਵਿਚ 50% ਅਬਾਦੀ ਸ਼ਹਿਰਾਂ ਵਿਚ ਵਸਣੀ ਹੈ। ਇਸ ਲਈ ਬਹੁਤ ਵੱਡੀ ਰਕਮ ਦੀ ਜ਼ਰੂਰਤ ਹੈ ਤਾਂ ਕਿ ਅਸੀਂ ਸ਼ਹਿਰਾਂ ਵਿਚ ਬੇਸਿਕ ਫੈਸਲਿਟੀਜ਼ ਦੇ ਸਕੀਏ। ਇਸ ਵਾਸਤੇ ਤਕਰੀਬਨ ਕੋਈ 7000 ਕਰੋੜ ਰੁਪਏ ਦੀ ਲੋੜ ਪਵੇਗੀ ਅਤੇ ਇਸ ਨਾਲ ਇਨ੍ਹਾਂ ਸਾਰੇ ਸ਼ਹਿਰਾਂ ਦੇ ਵਿਚ ਅਸੀਂ 100% ਸੀਵਰੇਜ, ਜਲ ਸਪਲਾਈ, ਸੜਕਾਂ, ਸਟਰੀਟ ਲਾਈਟਾਂ, ਐਸ.ਟੀ.ਪੀ. ਦਾ ਪ੍ਰਬੰਧ ਕਰਨਾ ਹੈ । ਪੰਜਾਬ ਸਰਕਾਰ ਦ੍ਰਿੜ ਸੰਕਲਪ ਹੈ ਕਿ ਸਾਲ 2017 ਦੇ ਅੰਤ ਤੱਕ ਜਿਹੜੀਆਂ ਇਹ ਸਾਰੀਆਂ ਫੈਸਿਲਟੀਜ਼ ਹਨ, ਚਾਹੇ ਉਹ ਸੀਵਰੇਜ ਹੋਵੇ, ਵਾਟਰ ਸਪਲਾਈ ਹੋਵੇ, ਸੜਕਾਂ ਤੇ ਸਟਰੀਟ ਲਾਈਟਾਂ ਦੀ ਹੋਵੇ, ਇਹ ਸਾਰੇ ਸ਼ਹਿਰਾਂ ਵਿਚ ਆਪਾਂ ਦੇਣੀਆਂ ਹਨ।

ਸਵੱਛ ਭਾਰਤ ਦੀ ਗੱਲ ਪਹਿਲਾਂ ਵੀ ਹੋਈ ਹੈ। ਇਹ 2 ਅਕਤੂਬਰ, 2014 ਨੂੰ ਮਹਾਤਮਾ ਗਾਂਧੀ ਜੀ ਦੇ ਜਨਮ ਉਤੇ ਸ਼ੁਰੂ ਹੋਇਆ ਹੈ ਔਰ ਇਹ 2 ਅਕਤੂਬਰ, 2019 ਤੱਕ ਚਲਣਾ ਹੈ ਜਦੋਂ ਮਹਾਤਮਾ ਗਾਂਧੀ ਜੀ ਦੇ 150ਵਾਂ ਜਨਮ ਦਿਨ ਹੋਣਾ ਹੈ ਉਦੋਂ ਤੱਕ ਹਰ ਪਿੰਡ ਵਿਚ ਟੁਆਲਿਟਸ ਬਣਾ ਕੇ ਦੇਣੀਆਂ ਹਨ। ਦੇਸ਼ ਸਾਫ ਸੁਥਰਾ ਹੋਵੇ ਇਹ ਇਕ ਕਿਸਮ ਦਾ ਮਹਾਤਮਾ ਗਾਂਧੀ ਜੀ ਨੂੰ ਉਨ੍ਹਾਂ ਦੇ 150ਵੇਂ ਜਨਮ ਦਿਨ ਉਤੇ tribute ਹੋਵੇਗਾ।

ਪਿੰਡਾਂ ਵਿਚ 2200 ਕਰੋੜ ਰੁਪਏ ਦੀ ਲਾਗਤ ਨਾਲ ਪੇਂਡੂ ਜਲ ਸਪਲਾਈ ਪੂਰਤੀ ਸਕੀਮ ਸ਼ੁਰੂ ਕੀਤੀ ਗਈ ਹੈ। ਇਹ ਵੀ ਇਕ ਬਹੁਤ ਵਧੀਆ ਸਕੀਮ ਹੈ, ਇਹ ਵਿਸ਼ਵ ਬੈਂਕ ਦੀ ਸਹਾਇਤਾ ਨਾਲ ਸ਼ੁਰੂ ਕੀਤੀ ਗਈ ਹੈ। ਇਸ ਦੇ ਲਈ ਵਿੱਤ ਮੰਤਰੀ ਜੀ ਤੁਸੀਂ ਵਧਾਈ ਦੇ ਪਾਤਰ ਹੋ । ਮੈਂ ਇਕ-ਦੋ ਗੱਲਾਂ ਵਿੱਤ ਮੰਤਰੀ ਜੀ ਤੁਹਾਡੇ ਧਿਆਨ ਵਿਚ ਲਿਆਉਣੀਆਂ ਚਾਹਾਂਗਾ। ਮਾਨਯੋਗ ਢੀਂਡਸਾ ਜੀ, ਮੈਂ ਤੁਹਾਡੇ ਧਿਆਨ ਵਿਚ ਇਕ ਦੋ ਗੱਲਾਂ ਲਿਆਉਣੀਆਂ ਚਾਹਾਂਗਾ ਕਿ ਇਕ ਤਾਂ ਜਿਹੜੀ ਪੈਨਸ਼ਨ ਦੀ ਸਕੀਮ ਹੈ, ਜਿਹੜੇ ਹੈਂਡੀਕੈਪਿਡ ਲੋਕ ਹਨ, ਸਮਾਜ ਦਾ ਉਹ ਵਰਗ ਹੈ ਜਿਹੜੇ ਸਮਰਥ ਨਹੀਂ ਹਨ । 100% ਹੈਂਡੀਕੈਪਿਡ ਲੋਕ ਵੀ ਹਨ, 90% ਵੀ ਹੈਂਡੀਕੈਪਿਡ ਲੋਕ ਹਨ ਜਿਹੜੇ ਆਪਣੇ ਬਿਸਤਰਿਆਂ

ਤੇ ਬੈਠੇ ਹਨ, ਉਨ੍ਹਾਂ ਨੂੰ ਸੰਭਾਲਣ ਵਾਲਾ ਕੋਈ ਨਹੀਂ ਹੈ। ਅਸੀਂ ਉਨ੍ਹਾਂ ਨੂੰ ਵੀ 250 ਰੁਪਿਆ ਪੈਨਸ਼ਨ ਦਿੰਦੇ ਹਾਂ । ਮੈਂ ਇਕ ਡੈਪੂਟੇਸ਼ਨ ਸਮਾਜਿਕ ਸੁਰੱਖਿਆ ਮੰਤਰੀ ਨੂੰ ਮਿਲਾਇਆ ਸੀ ਤਾਂ ਉਨ੍ਹਾਂ ਨੇ ਵਾਅਦਾ ਕੀਤਾ ਕਿ ਅਸੀਂ ਇਨ੍ਹਾਂ ਦੀ ਘੱਟੋ ਘੱਟ ਪੈਨਸ਼ਨ 500 ਰੁਪਿਆ ਜ਼ਰੂਰ ਕਰਾਂਗੇ। ਇਨ੍ਹਾਂ ਦਾ ਜਿਹੜਾ ਪ੍ਰਧਾਨ ਹੈ ਉਹ ਮੇਰੇ ਹਲਕੇ ਫਗਵਾੜੇ ਵਿਚ ਹੀ ਰਹਿੰਦਾ ਹੈ, ਇਨ੍ਹਾਂ ਨੇ ਮੇਰਾ ਬਹੁਤ ਵਾਰੀ ਘਰ ਘੇਰਿਆ, ਬਹੁਤ ਵਾਰੀ ਐਜੀਟੇਸ਼ਨ ਵੀ ਕੀਤੀ ਹੈ। ਸਾਡੇ ਮੁੱਖ ਮੰਤਰੀ ਜੀ ਸਾਡੇ ਫਗਵਾੜੇ ਵਿਚ ਮੇਹਟ ਪਿੰਡ ਵਿਚ ਸੰਗਤ ਦਰਸ਼ਨ ਕਰਨ ਗਏ ਸੀ ਤਾਂ ਉਥੇ ਉਨ੍ਹਾਂ ਨੂੰ ਮਿਲਾਇਆ ਤਾਂ ਉਨ੍ਹਾਂ ਨੇ ਵੀ ਕਿਹਾ ਸੀ ਕਿ ਅਸੀਂ ਇਨ੍ਹਾਂ ਦੀ ਪੈਨਸ਼ਨ ਵਧਾਉਣ ਬਾਰੇ ਸੋਚਾਂਗੇ । ਮੇਰੀ ਬੇਨਤੀ ਹੈ ਕਿ ਇਹ ਵਰਗ ਜਿਹੜਾ ਸਮਰਥ ਨਹੀਂ ਹੈ । ਵਿੱਤ ਮੰਤਰੀ ਜੀ, ਵਿੱਤ ਮੰਤਰੀ ਜੀ (ਵਿੱਤ ਮੰਤਰੀ ਨੂੰ ਸੰਬੋਧਤ ਹੁੰਦੇ ਹੋਏ) ਢੀਂਡਸਾ ਸਾਹਿਬ, ਮੈਂ ਤੁਹਾਡੇ ਧਿਆਨ ਦੀ ਗੱਲ ਕਰਦਾ ਹਾਂ ਕਿ ਜਿਹੜੇ ਹੈਂਡੀਕੈਪਿਡ ਲੋਕ ਹਨ, ਉਨ੍ਹਾਂ ਨਾਲ ਅਸੀਂ ਵਾਅਦਾ ਕੀਤਾ ਹੋਇਆ ਹੈ ਕਿ ਅਸੀਂ ਤੁਹਾਡੀ ਪੈਨਸ਼ਨ 500 ਰੁਪਿਆ ਕਰਾਂਗੇ । ਇਸ ਕਰਕੇ ਮੇਰੀ ਬੇਨਤੀ ਹੈ ਕਿ ਪਲੀਜ਼, ਇਸ ਵਰਗ ਦੇ ਕੋਈ ਡੇਢ ਲੱਖ ਲੋਕ ਹਨ, ਇਨ੍ਹਾਂ ਦੀ ਪੈਨਸ਼ਨ ਜ਼ਰੂਰ ਘੱਟੋ ਘੱਟ 500 ਰੁਪਿਆ ਕਰੋ । ਇਸ ਤਰ੍ਹਾਂ ਤੁਸੀਂ ਗਰੀਬ ਲੋਕਾਂ ਦੀਆਂ ਅਸੀਸਾਂ ਦੇ ਪਾਤਰ ਬਣੋਗੇ, ਇਹ ਵਰਗ ਜਿਹੜਾ ਸਮਰਥ ਨਹੀਂ ਹੈ ...

**ਸ਼੍ਰੀ ਸਭਾਪਤੀ :** ਸੋਮ ਪ੍ਰਕਾਸ਼ ਜੀ, ਸਮਾਂ ਹੋ ਗਿਆ ਹੈ। ਹੁਣ ਸਦਨ ਮੰਗਲਵਾਰ, ਮਿਤੀ 24 ਮਾਰਚ, 2015 ਦੇ 2.00 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਕੀਤਾ ਜਾਂਦਾ ਹੈ।

*2.30 ਵਜੇ ਬਾਅਦ ਦੁਪਹਿਰ

(ਇਸ *ਉਪਰੰਤ ਸਦਨ ਮੰਗਲਵਾਰ, ਮਿਤੀ 24 ਮਾਰਚ, 2015 ਦੇ 2.00 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਹੋ ਗਿਆ।)

----

**APPENDIX**
**TO**
**PUNJAB VIDHAN SABHA**
**DEBATES**

Friday the 20th March, 2015

Vol.X-No.6

**STARRED QUESTION AND ANSWER**

**ਹਸਪਤਾਲ ਬਣਾਉਣ ਲਈ ਜ਼ਮੀਨ ਲੀਜ਼ ਤੇ ਦੇਣਾ**

***1889 ਸਰਦਾਰ ਰਣਜੀਤ ਸਿੰਘ ਢਿੱਲੋਂ ਐਮ.ਐਲ.ਏ :** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਲੁਧਿਆਣਾ ਸ਼ਹਿਰ ਵਿੱਚ ਦਰੇਸੀ ਗਰਾਊਂਡ ਦੇ ਨੇੜੇ ਕਪੂਰ ਹਸਪਤਾਲ ਦੇ ਮਾਲਕਾਂ ਨੂੰ ਹਸਪਤਾਲ ਬਣਾਉਣ ਲਈ ਕਿੰਨੀ ਜ਼ਮੀਨ ਕਿੰਨੇ ਸਮੇਂ ਲਈ ਲੀਜ਼ ਤੇ ਦਿੱਤੀ ਗਈ ਸੀ।

(ਅ) ਕੀ ਉਕਤ ਹਸਪਤਾਲ ਦੇ ਮਾਲਕਾਂ ਵੱਲੋਂ ਹਸਪਤਾਲ ਦੇ ਬਾਹਰਲੇ ਪਾਸੇ ਕਰੀਬ 100 ਦੁਕਾਨਾਂ ਬਣਾ ਕੇ ਕਿਰਾਏ ਤੇ ਦਿੱਤੀਆਂ ਹੋਈਆਂ ਹਨ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਇਹ ਜ਼ਮੀਨ ਉਕਤ ਹਸਪਤਾਲ ਦੇ ਮਾਲਕਾਂ ਤੋਂ ਖਾਲੀ ਕਰਾਉਣ ਲਈ ਕੀ ਉਪਰਾਲੇ ਕਰ ਰਹੀ ਹੈ ?

**ਸਰਦਾਰ ਬਿਕਰਮ ਸਿੰਘ ਮਜੀਠੀਆ:** (ੳ) ਲੁਧਿਆਣਾ ਸ਼ਹਿਰ ਵਿੱਚ ਦਰੇਸੀ ਗਰਾਊਂਡ ਦੇ ਨੇੜੇ ਕਪੂਰ ਹਸਪਤਾਲ ਵਾਸਤੇ ਸਾਲ 1950 ਦੌਰਾਨ 30 ਸਾਲ ਵਾਸਤੇ 12.5 ਏਕੜ ਸਰਕਾਰੀ ਜ਼ਮੀਨ ਲੀਜ਼ ਤੇ ਦਿੱਤੀ ਗਈ ਸੀ।

(ਅ) ਜੀ ਹਾਂ। ਇਸ ਜ਼ਮੀਨ ਨੂੰ ਖਾਲੀ ਕਰਾਉਣ ਲਈ ਤਹਿਸੀਲਦਾਰ ਲੁਧਿਆਣਾ (ਭੂਰਬੀ) ਵੱਲੋਂ ਇੱਕ ਕੇਸ ਦੀ ਪੰਜਾਬ ਪਬਲਿਕ ਪ੍ਰੀਮਸਿਜ਼ ਲੈਂਡ (ਅਵਿਕਸਨ ਐਂਡ ਰੈਂਟ ਰਿਕਵਰੀ) ਐਕ, 1973 ਅਧੀਨ ਐਸ.ਡੀ.ਐਮ. ਕਮ-ਕੁਲੈਕਟਰ ਲੁਧਿਆਣਾ (ਪੂਰਬੀ) ਦੀ ਅਦਾਲਤ ਵਿੱਚ ਦਾਇਰ ਕੀਤਾ ਗਿਆ ਸੀ। ਜਿਸ ਦਾ ਫੈਸਲਾ ਐਸ.ਡੀ.ਐਮ. (ਪੂਰਬੀ) ਵੱਲੋਂ 07.11.2014 ਨੂੰ ਕੀਤਾ ਗਿਆ। ਜਿਸ ਅਨੁਸਾਰ ਹਸਪਤਾਲ ਅਥਾਰਿਟੀ ਨੂੰ ਇਹ ਜਗ੍ਹਾ ਖਾਲੀ ਕਰਨ ਦਾ ਹੁਕਮ ਕੀਤਾ ਗਿਆ। ਹੁਣ ਇਸ ਫੈਸਲੇ ਦੇ ਡਿਰੁੱਧ ਅਪੀਲ ਕੇਸ ਵਧੀਕ ਡਿਵਟੀ ਕਮਿਸ਼ਨਰ-ਕਮ-ਐਪੀਲਾਂਟ ਅਥਾਰਿਟੀ ਦੀ ਅਦਾਲਤ ਵਿੱਚ ਚੱਲ ਰਿਹਾ ਹੈ, ਜਿਸ ਦਾ ਫੈਸਲਾ ਹੋਣਾ ਅਜੇ ਬਾਕੀ ਹੈ।

------

© 2015

Published under the authority of the Punjab Vidhan Sabha and typesetting & printed by the Controller, Printing & Stationery, Punjab at the Govt. Press, S.A.S. Nagar.

PGP, Mohali/8647/3-2015(1)